ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 204| 10 to 16 December, 2025 | Ph.: (510) 240-5949 | Email: asrtimes@gmail.com

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਕੀਤੇ ਗਏ ਅਹਿਮ ਫ਼ੈਸਲੇ

ਸਾਬਕਾ ਜਥੇਦਾਰ ਅਤੇ ਅਕਾਲੀ ਆਗੂ ਸਣੇ ਪੰਜ ਨੂੰ ਲਗਾਈ ਤਨਖ਼ਾਹ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਦੌਰਾਨ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਕਰਮਜੀਤ ਸਿੰਘ, ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਤੇ ਪ੍ਰਚਾਰਕ ਹਰਿੰਦਰ ਸਿੰਘ ਨੂੰ ਤਨਖਾਹ ਲਾਈ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸੁਣਾਏ ਗਏ ਹੁਕਮ ਮੁਤਾਬਕ ਇਨ੍ਹਾਂ ਸਾਰਿਆਂ ਨੂੰ ਵੱਖ-ਵੱਖ ਗੁਰਦੁਆਰਿਆਂ ਵਿੱਚ ਜੋੜੇ ਝਾੜਨ, ਬਰਤਨ ਸਾਫ ਕਰਨ, ਗੁਰਬਾਣੀ ਦਾ ਪਾਠ ਕਰਨ ਆਦਿ ਦੀ ਤਨਖਾਹ ਲਾਈ ਗਈ ਹੈ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਗਿਆਨੀ ਮੰਗਲ ਸਿੰਘ ਸ਼ਾਮਲ ਹੋਏ।

ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਵਿਰਸਾ ਸਿੰਘ ਵਲਟੋਹਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਕਰਮਜੀਤ ਸਿੰਘ, ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਤੇ ਨਿਰਵੈਰ ਖ਼ਾਲਸਾ ਜਥਾ ਯੂਕੇ ਦੇ ਪ੍ਰਚਾਰਕ ਭਾਈ ਹਰਿੰਦਰ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁਖ ਪੇਸ਼ ਹੋਏ ਅਤੇ ਉਨ੍ਹਾਂ ਆਪਣੀਆਂ ਗ਼ਲਤੀਆਂ ਸਵੀਕਾਰ ਕਰਦਿਆਂ ਮੁਆਫ਼ੀ ਮੰਗੀ। ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਖਿਮਾ ਦੇਣ ਸਬੰਧੀ ਕੀਤੀ ਗਲਤੀ ਲਈ ਤਨਖਾਹ ਲਗਾਈ ਗਈ। ਉਹ ਦੋ ਦਿਨ ਹਰਿਮੰਦਰ ਸਾਹਿਬ ਦੇ ਲੰਗਰ ਹਾਲ ਵਿੱਚ ਇੱਕ ਘੰਟਾ ਭਾਂਡੇ ਮਾਂਜਣਗੇ ਅਤੇ ਇੱਕ ਘੰਟਾ ਜੋੜੇ ਸਾਫ ਕਰਨਗੇ। ਉਨ੍ਹਾਂ ਨੂੰ ਦੋ ਦਿਨ ਜਪੁਜੀ ਸਾਹਿਬ, ਆਸਾ ਦੀ ਵਾਰ, ਜਾਪੁ ਸਾਹਿਬ ਦੇ ਇੱਕ-ਇੱਕ ਪਾਠ ਕਰਨ ਦੀ ਵੀ ਸੇਵਾ ਲੱਗੀ ਹੈ। ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਉੱਤੇ ਦੱਖਣ ਭਾਰਤ ਵਿਚ ਹੋਏ ਸਮਾਗਮ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਇੱਕ ਚੇਅਰ ਦੇ ਸੋਧ ਕਾਰਜਾਂ ਰਾਹੀਂ ਸਿੱਖਾਂ ਦੀ ਵਿਲੱਖਣ ਹੋਂਦ ਵਿਰੁੱਧ ਪ੍ਰਗਟਾਵਾ ਕਰਨ ਦਾ ਦੋਸ਼ ਲੱਗਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਡਾ. ਕਰਮਜੀਤ ਸਿੰਘ ਨੂੰ ਦੋ ਦਿਨ ਹਰਿਮੰਦਰ ਸਾਹਿਬ ਦੇ ਲੰਗਰ ਹਾਲ ਵਿੱਚ ਇੱਕ-ਇੱਕ ਘੰਟਾ ਭਾਂਡੇ ਅਤੇ ਜੋੜੇ ਸਾਫ ਕਰਨ ਦੀ ਸੇਵਾ ਲਾਈ ਗਈ ਹੈ। ਪੰਜ ਦਿਨ ਨਿਤਨੇਮ ਤੋਂ ਇਲਾਵਾ ਉਹ ਜਪੁਜੀ ਸਾਹਿਬ, ਆਸਾ ਦੀ ਵਾਰ ਦਾ ਪਾਠ ਵੀ ਕਰਨਗੇ। ਉਹ ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖੀ ਪੁਸਤਕ 'ਹਮ ਹਿੰਦੂ ਨਹੀਂ" ਪੜ੍ਹਨਗੇ ਅਤੇ 500 ਕਾਪੀਆਂ ਸੰਗਤ ਵਿੱਚ ਵੰਡਣਗੇ।

ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਸ੍ਰੀਨਗਰ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਸਮਾਗਮ ਦੌਰਾਨ ਨਾਚ-ਗਾਣੇ ਦਾ ਪ੍ਰੋਗਰਾਮ ਕਰਵਾਉਣ ਲਈ ਦੋ ਦਿਨ ਗੁਰਦੁਆਰਾ ਦੂਖਨਿਵਾਰਨ ਸਾਹਿਬ ਪਟਿਆਲਾ ਦੇ ਲੰਗਰ ਹਾਲ 'ਚ ਇੱਕ ਘੰਟਾ ਭਾਂਡੇ ਮਾਂਜਣ ਅਤੇ ਜੋੜੇ ਸਾਫ ਕਰਨ ਦੀ ਤਨਖਾਹ ਲਾਈ ਗਈ ਹੈ। ਉਹ ਚਾਰ ਦਿਨ ਜਪੁਜੀ ਸਾਹਿਬ, ਸੁਖਮਨੀ ਸਾਹਿਬ ਅਤੇ ਜ਼ਫਰਨਾਮਾ ਦਾ ਇੱਕ-ਇੱਕ ਪਾਠ ਕਰਨਗੇ। ਜਸਵੰਤ ਸਿੰਘ ਨੂੰ ਪ੍ਰਿੰਸੀਪਲ ਸਤਬੀਰ ਸਿੰਘ ਦੀ ਲਿਖੀ ਪੁਸਤਕ 'ਇਤਿ ਜਿਨਿ ਕਰੀ-ਜੀਵਨ ਸ੍ਰੀ ਗੁਰੂ ਤੇਗ਼ ਬਹਾਦਰ ਜੀ' ਪੜ੍ਹਨ ਅਤੇ 100 ਕਾਪੀਆਂ ਵੰਡਣ ਦਾ ਵੀ ਹੁਕਮ ਦਿੱਤਾ ਗਿਆ ਹੈ।

ਪ੍ਰਚਾਰਕ ਹਰਿੰਦਰ ਸਿੰਘ ਨੂੰ ਦੋ ਦਿਨ ਹਰਿਮੰਦਰ ਸਾਹਿਬ 'ਚ ਇੱਕ ਘੰਟਾ ਭਾਂਡੇ ਮਾਂਜਣ ਅਤੇ ਇੱਕ ਘੰਟਾ ਜੋੜੇ ਸਾਫ ਕਰਨ ਦੀ ਸੇਵਾ ਲਾਈ ਗਈ ਹੈ। ਉਹ ਜਪੁਜੀ ਸਾਹਿਬ, ਅਨੰਦ ਸਾਹਿਬ ਦੀਆਂ 40 ਪਉੜੀਆਂ ਅਤੇ ਜ਼ਫਰਨਾਮਾ ਦਾ ਪਾਠ ਵੀ ਕਰਨਗੇ।

ਅਕਾਲੀ ਦਲ ਆਗੂ ਵਿਰਸਾ ਸਿੰਘ ਵਲਟੋਹਾ ਵੱਲੋਂ ਖਿਮਾ ਜਾਚਨਾ ਕਰਨ 'ਤੇ ਪੰਜ ਸਿੰਘ ਸਾਹਿਬਾਨ ਨੇ ਉਸ ਉੱਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਦਸ ਸਾਲ ਸ਼ਾਮਲ ਨਾ ਕੀਤੇ ਜਾਣ ਦੀ ਲਗਾਈ ਗਈ ਰੋਕ ਹਟਾ ਦਿੱਤੀ। ਉਨ੍ਹਾਂ ਨੂੰ ਕਿਸੇ ਵੀ ਧਾਰਮਿਕ ਸ਼ਖ਼ਸੀਅਤ ਵਿਰੁੱਧ ਬਿਆਨਬਾਜ਼ੀ ਤੋਂ ਵਰਜਿਆ ਗਿਆ ਹੈ। ਉਹ ਤਿੰਨ ਦਿਨ ਹਰਿਮੰਦਰ ਸਾਹਿਬ, ਦੋ ਦਿਨ ਦਰਬਾਰ ਸਾਹਿਬ ਤਰਨ ਤਾਰਨ ਅਤੇ ਇੱਕ-ਇੱਕ ਦਿਨ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇੱਕ-ਇੱਕ ਘੰਟਾ ਭਾਂਡੇ ਮਾਂਜਣਗੇ ਅਤੇ ਜੋੜੇ ਸਾਫ ਕਰਨਗੇ। ਉਹ ਨਿਤਨੇਮ ਤੋਂ ਇਲਾਵਾ 11 ਦਿਨ ਜਪੁਜੀ ਸਾਹਿਬ, ਕਬਿਯੋਬਾਚ ਬੇਨਤੀ ਚੌਪਈ ਅਤੇ ਰਾਮਕਲੀ ਕੀ ਵਾਰ ਦਾ ਇੱਕ ਪਾਠ ਕਰਨਗੇ। ਇਕੱਤਰਤਾ ਦੌਰਾਨ ਛੋਟੇ ਸਾਹਿਬਾਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਇੱਕੋ ਦਿਨ 27 ਦਸੰਬਰ ਨੂੰ ਆਉਣ 'ਤੇ ਵੀ ਵਿਚਾਰ ਕੀਤਾ ਗਿਆ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤਰੀਕ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ ਪਰ ਸੰਗਤ ਆਪਣੀ ਸਹੂਲਤ ਮੁਤਾਬਕ ਛੁੱਟੀ ਦੇਖ ਕੇ ਗੁਰੂ ਸਾਹਿਬ ਨੂੰ ਸਮਰਪਿਤ ਸਮਾਗਮ ਕਰਵਾ ਸਕਦੀ ਹੈ।

ਸੰਗਤਾਂ ਦਸਵੇਂ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ 27 ਦਸੰਬਰ ਨੂੰ ਹੀ ਮਨਾਉਣ: ਜਥੇ. ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵੱਖ-ਵੱਖ ਮਾਮਲਿਆਂ ਉੱਤੇ ਵਿਚਾਰ ਚਰਚਾ ਕੀਤੀ ਗਈ। ਇਸ ਇਕਤਰਤਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜੁਗਿੰਦਰ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਗਿਆਨੀ ਮੰਗਲ ਸਿੰਘ ਸ਼ਾਮਲ ਸਨ। ਇਕੱਤਰਤਾ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਗੁਰਪੁਰਬ ਇੱਕੋ ਦਿਨ 27 ਦਸੰਬਰ ਨੂੰ ਆਉਣ ਸਬੰਧੀ ਹਜ਼ਾਰਾਂ ਦੀ ਤਾਦਾਦ ਵਿੱਚ ਪੱਤਰ ਪ੍ਰਾਪਤ ਹੋਏ ਹਨ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਛੋਟੇ ਸਾਹਿਬਾਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਇੱਕੋ ਦਿਨ 27 ਦਸੰਬਰ ਨੂੰ ਆਉਣ ਅਤੇ ਇਸ ਸਬੰਧੀ ਸੰਗਤ ਦੇ ਪੁੱਜੇ ਸੁਝਾਵਾਂ ਅਤੇ ਮੰਗਾਂ ਉੱਤੇ ਵੀ ਦੀਰਘ ਵਿਚਾਰ ਵਟਾਂਦਰਾ ਕੀਤਾ ਗਿਆ।

(ਬਾਕੀ ਸਫ਼ਾ 26 'ਤੇ)

ਜਥੇਦਾਰ ਵੱਲੋਂ ਦਿੱਲੀ ਦੀ ਮੁੱਖ ਮੰਤਰੀ ਤੋਂ ਭੁੱਲਰ ਨੂੰ ਰਿਹਾਅ ਕਰਨ ਦੀ ਮੰਗ

ਅੰਮ੍ਰਿਤਸਰ/ਏ.ਟੀ.ਨਿਊਜ਼: ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਤੇ ਪੂਰੀ ਕੈਬਨਿਟ ਨੇ ਅੰਮ੍ਰਿਤਸਰ ਵਿਖੇ ਸਿੰਘ ਸਾਹਿਬਾਨ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਅੱਗੇ ਮੰਗ ਰੱਖੀ। ਉਨ੍ਹਾਂ ਕਿਹਾ ਕਿ ਤੁਹਾਡੇ ਕੋਲ ਬੰਦੀ ਸਿੰਘ ਪ੍ਰੋ. ਦਵਿੰਦਰਪਾਲ ਭੁੱਲਰ ਦੀ ਫਾਈਲ ਪਈ ਹੈ, ਉਹ ਹੱਲ ਕਰ ਦਿਓ ਤੁਹਾਡਾ ਇੱਕ ਸਾਈਨ ਵੱਜਣਾ। ਉਨ੍ਹਾਂ ਨੇ ਬੰਦੀ ਸਿੰਘ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਸਬੰਧੀ ਫਾਈਲ 'ਤੇ ਸਾਈਨ ਕਰਨ ਦੀ ਅਪੀਲ ਕੀਤੀ ਤੇ ਨਾਲ ਹੀ ਗਰੀਬਾਂ ਨੂੰ ਗੱਲ ਲਗਾ ਕੇ ਉਨ੍ਹਾਂ ਦੇ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਨਸੀਹਤ ਵੀ ਦਿੱਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖ ਸਾਂਸਦਾਂ ਨੂੰ ਲਿਖੀ ਚਿੱਠੀ

'ਵੀਰ ਬਾਲ ਦਿਵਸ' ਦਾ ਨਾਂਅ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਰੱਖਣ ਦੀ ਕੀਤੀ ਮੰਗ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਭਾਰਤੀ ਸੰਸਦ ਦੇ ਲੋਕ ਸਭਾ ਅਤੇ ਰਾਜ ਸਭਾ ਦੇ ਸਿੱਖ ਸਾਂਸਦਾਂ ਨੂੰ ਇੱਕ ਵਿਸ਼ੇਸ਼ ਪੱਤਰ ਲਿਖ ਕੇ ਭਾਰਤ ਸਰਕਾਰ ਵੱਲੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਮਨਾਏ ਜਾਂਦੇ ਸ਼ਹੀਦੀ ਦਿਹਾੜੇ ਦੇ ਨਾਮ ਨੂੰ ਵੀਰ ਬਾਲ ਦਿਵਸ ਦੀ ਥਾਂ ਸਾਹਿਬਜ਼ਾਦੇ ਸ਼ਹਾਦਤ ਦਿਵਸ ਵਜੋਂ ਅਧਿਕਾਰਤ ਤੌਰ ਉੱਤੇ ਬਦਲਵਾਉਣ ਲਈ ਆਖਿਆ ਹੈ।

ਇਹ ਸਾਂਝਾ ਪੱਤਰ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਸਾਂਸਦ ਡਾ. ਅਮਰ ਸਿੰਘ, ਸ੍ਰੀ ਅੰਮ੍ਰਿਤਸਰ ਤੋਂ ਸ. ਗੁਰਜੀਤ ਸਿੰਘ, ਰਾਜ ਸਭਾ ਸਾਂਸਦ ਤੇ ਕੇਂਦਰੀ ਮੰਤਰੀ ਸ. ਹਰਦੀਪ ਸਿੰਘ ਪੁਰੀ, ਰਾਜ ਸਭਾ ਸਾਂਸਦ ਸ. ਹਰਭਜਨ ਸਿੰਘ, ਬਠਿੰਡਾ ਤੋਂ ਲੋਕ ਸਭਾ ਸਾਂਸਦ ਬੀਬੀ ਹਰਸਿਮਰਤ ਕੌਰ, ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਸਾਂਸਦ ਸ. ਮਲਵਿੰਦਰ ਸਿੰਘ, ਗੁਰਦਾਸਪੁਰ ਤੋਂ ਲੋਕ ਸਭਾ ਸਾਂਸਦ ਸ. ਸੁਖਜਿੰਦਰ ਸਿੰਘ, ਰਾਜ ਸਭਾ ਸਾਂਸਦ ਸ. ਵਿਕਰਮਜੀਤ ਸਿੰਘ, ਸੰਗਰੂਰ ਤੋਂ ਲੋਕ ਸਭ ਸਾਂਸਦ ਸ. ਗੁਰਮੀਤ ਸਿੰਘ, ਫ਼ਿਰੋਜ਼ਪੁਰ ਤੋਂ ਲੋਕ ਸਭਾ ਸਾਂਸਦ ਸ. ਸ਼ੇਰ ਸਿੰਘ, ਫ਼ਰੀਦਕੋਟ ਤੋਂ ਲੋਕ ਸਭਾ ਸਾਂਸਦ ਸ. ਸਰਬਜੀਤ ਸਿੰਘ, ਜਲੰਧਰ ਤੋਂ ਲੋਕ ਸਭਾ ਸਾਂਸਦ ਸ. ਚਰਨਜੀਤ ਸਿੰਘ, ਸ੍ਰੀ ਖਡੂਰ ਸਾਹਿਬ ਤੋਂ ਲੋਕ ਸਭਾ ਸਾਂਸਦ

(ਬਾਕੀ ਸਫ਼ਾ 26 'ਤੇ)

ਕਲਾਸ 7 ਐਨ.ਸੀ.ਈ.ਆਰ.ਟੀ. ਇਤਿਹਾਸ ਦੀ ਪੁਸਤਕ ਬਾਰੇ ਵਿਵਾਦ ਛਿੜਿਆ

ਗਜ਼ਨਵੀ ਹਮਲੇ, ਮੰਦਰਾਂ ਦੀ ਤਬਾਹੀ ਅਤੇ ਇਸਲਾਮ ਦੇ ਵਿਸਥਾਰ 'ਤੇ ਕਿਉਂ ਜ਼ੋਰ ਦਿੱਤਾ ਗਿਆ ?

ਪਾਠ ਪੁਸਤਕਾਂ ਦੇ ਬਦਲਾਅ ਪਿੱਛੇ ਵਿਚਾਰਧਾਰਾ ਦੀ ਰਾਜਨੀਤੀ ਕੀ ਹੈ ?

ਮੁਗਲਾਂ ਅਤੇ ਅਫਗਾਨੀਆਂ ਨਾਲ ਟੱਕਰ ਬਾਰੇ ਸਿੱਖਾਂ ਦਾ ਇਤਿਹਾਸ ਕਿਉਂ ਕੀਤਾ ਮਨਫ਼ੀ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਭਾਰਤ ਦੇ ਸਕੂਲੀ ਪਾਠਕ੍ਰਮ ਵਿੱਚ ਵੱਡੇ ਬਦਲਾਅ ਆ ਰਹੇ ਹਨ। ਐੱਨ.ਸੀ.ਈ.ਆਰ.ਟੀ. ਨੇ ਕਲਾਸ 7 ਲਈ ਨਵੀਂ ਸਮਾਜਿਕ ਵਿਗਿਆਨ ਦੀ ਕਿਤਾਬ ਜਾਰੀ ਕੀਤੀ ਹੈ। ਇਸ ਵਿੱਚ 'ਗਜ਼ਨਵੀ ਹਮਲੇ' ਵਾਲੇ ਭਾਗ ਨੂੰ ਪੁਰਾਣੀ ਕਿਤਾਬ ਨਾਲੋਂ ਕਈ ਗੁਣਾ ਵਧੇਰੇ ਜਗ੍ਹਾ ਦਿੱਤੀ ਗਈ ਹੈ। ਇਸ ਵਿੱਚ ਮਹਿਮੂਦ ਗਜ਼ਨਵੀ ਦੇ ਭਾਰਤ ਤੇ ਹਮਲੇ, ਮੰਦਰਾਂ ਦੀ ਲੁੱਟ ਅਤੇ ਤਬਾਹੀ ਅਤੇ ਇਸਲਾਮ ਦੇ ਵਿਸਥਾਰ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਪਰ ਇਸ ਨਾਲ ਹੀ, ਕੁਝ ਵਿਦਵਾਨ ਅਤੇ ਰਾਜਨੀਤਿਕ ਨੇਤਾ ਇਹ ਸਵਾਲ ਉਠਾ ਰਹੇ ਹਨ ਕਿ ਇਹ ਬਦਲਾਅ ਕਿਉਂ ਕੀਤੇ ਗਏ ਹਨ ?

ਕੀ ਇਸ ਪਿੱਛੇ ਵਿਚਾਰਧਾਰਕ ਰਾਜਨੀਤੀ ਹੈ ? ਸਿੱਖ ਇਤਿਹਾਸ ਨੂੰ ਸਿਲੇਬਸ ਵਿੱਚ ਕਿਉਂ ਘਟਾਇਆ ਜਾ ਰਿਹਾ ਹੈ, ਜਿਸ ਵਿੱਚ ਮੁਗਲਾਂ ਅਤੇ ਅਫ਼ਗਾਨੀ ਹਮਲਾਵਰਾਂ ਨਾਲ ਸਿੱਖਾਂ ਦੇ ਟਕਰਾਅ ਦਾ ਜ਼ਿਕਰ ਸੀ ? ਕੀ ਇਹ ਕੇਂਦਰ ਸਰਕਾਰ ਵੱਲੋਂ ਸੰਘ ਪਰਿਵਾਰ ਦੇ ਏਜੰਡੇ ਨੂੰ ਲਾਗੂ ਕਰਨ ਦੀ ਕੋਸ਼ਿਸ਼ ਹੈ, ਜਾਂ ਫ਼ਿਰ ਸਿੱਖਿਆ ਨੀਤੀ ਦੇ ਅਨੁਸਾਰ ਇੱਕ ਨਿਰਪੱਖ ਬਦਲਾਅ ਹੈ ?

ਨਵੀਂ ਕਿਤਾਬ ਵਿੱਚ ਕੀ ਬਦਲਾਅ ਆਏ ?

ਪਹਿਲਾਂ ਤੋਂ ਹੀ ਐੱਨ.ਸੀ.ਈ.ਆਰ.ਟੀ. ਨੇ ਕਲਾਸ 7 ਲਈ ਨਵੀਂ ਕਿਤਾਬ ਜਾਰੀ ਕੀਤੀ ਹੈ, ਜੋ ਰਾਸ਼ਟਰੀ ਸਿੱਖਿਆ ਨੀਤੀ 2020 ਅਤੇ ਰਾਸ਼ਟਰੀ ਪਾਠਕ੍ਰਮ ਫ਼ਰੇਮਵਰਕ 2023 ਨਾਲ ਮੇਲ ਖਾਂਦੀ ਹੈ।

ਪਰ ਸਭ ਤੋਂ ਵੱਡਾ ਬਦਲਾਅ ਇਤਿਹਾਸ ਵਾਲੇ ਭਾਗ ਵਿੱਚ ਹੈ। ਨਵੀਂ ਕਿਤਾਬ ਵਿੱਚ 'ਗਜ਼ਨਵੀ ਹਮਲੇ' ਵਾਲਾ ਖੰਡ ਲਗਭਗ ਛੇ ਪੰਨੇ ਲੰਮਾ ਹੈ। ਇਸ ਵਿੱਚ ਤਸਵੀਰਾਂ ਅਤੇ ਬਾਕਸ ਵੀ ਸ਼ਾਮਲ ਹਨ। ਪੁਰਾਣੀ ਕਿਤਾਬ ਵਿੱਚ ਇਸ ਬਾਰੇ ਸਿਰਫ਼ ਇੱਕ ਪੈਰਾਗ੍ਰਾਫ਼ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਰਾਜੇ ਮੰਦਰ ਬਣਾ ਕੇ ਆਪਣੀ ਤਾਕਤ ਵਿਖਾਉਂਦੇ ਸਨ ਅਤੇ ਧਾੜਵੀ ਮੁਸਲਮਾਨ ਹਮਲਾਵਰ ਅਮੀਰ ਮੰਦਰਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਪਰ ਨਵੀਂ ਕਿਤਾਬ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ:

ਮਹਿਮੂਦ ਗਜ਼ਨਵੀ ਨੇ ਭਾਰਤ ਉੱਪਰ 17 ਵਾਰ ਹਮਲੇ ਕੀਤੇ।

ਉਸ ਨੇ ਮਥੁਰਾ, ਕਨੌਜ ਅਤੇ ਗੁਜਰਾਤ ਦੇ ਸੋਮਨਾਥ ਸ਼ਿਵ ਮੰਦਰ ਨੂੰ ਤਬਾਹ ਕੀਤਾ ਅਤੇ ਲੁੱਟਿਆ।

ਕਿਤਾਬ ਵਿੱਚ ਪੁੱਛਿਆ ਗਿਆ ਹੈ ਕਿ ਸੋਮਨਾਥ ਦਾ ਮੌਜੂਦਾ ਮੰਦਰ 1950 ਵਿੱਚ ਦੁਬਾਰਾ ਬਣਿਆ ਸੀ ਅਤੇ 1951 ਵਿੱਚ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਉਸ ਨੂੰ ਉਦਘਾਟਨ ਕੀਤਾ ਸੀ। ਇਸ ਦਾ ਪੂਰਾ ਖਰਚ ਜਨਤਾ ਦੇ ਚੰਦੇ ਨਾਲ ਉਠਾਇਆ ਗਿਆ ?

ਇਸ ਤੋਂ ਇਲਾਵਾ, ਕਿਤਾਬ ਵਿੱਚ ਸਖ਼ਤ ਭਾਸ਼ਾ ਵਿੱਚ ਲਿਖਿਆ ਹੈ ਕਿ ਇਨ੍ਹਾਂ ਹਮਲਿਆਂ ਵਿੱਚ ਹਜ਼ਾਰਾਂ ਭਾਰਤੀ ਨਾਗਰਿਕਾਂ ਨੂੰ ਮਾਰਿਆ ਗਿਆ ਅਤੇ ਹਜ਼ਾਰਾਂ ਬੰਦੀਆਂ, ਜਿਨ੍ਹਾਂ ਵਿੱਚ ਬੱਚੇ ਵੀ ਸਨ, ਨੂੰ ਮੱਧ ਏਸ਼ੀਆ ਦੇ ਗੁਲਾਮ ਬਾਜ਼ਾਰਾਂ ਵਿੱਚ ਵੇਚਿਆ ਗਿਆ। ਮਹਿਮੂਦ ਦੇ ਦਰਬਾਰੀ ਇਤਿਹਾਸਕਾਰ ਅਲ-ਉਤਬੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਸ ਨੇ ਕਾਫ਼ਿਰਾਂ ਦਾ ਸੰਘਾਰ ਕੀਤਾ, ਉਨ੍ਹਾਂ ਦੇ ਬੱਚੇ ਅਤੇ ਪਸ਼ੂ ਲੁੱਟ ਲਏ, ਮੰਦਰ ਤੋੜੇ, ਉਨ੍ਹਾਂ ਦੀ ਜਗ੍ਹਾ ਮਸਜਿਦਾਂ ਬਣਵਾਈਆਂ ਅਤੇ ਇਸਲਾਮ ਨੂੰ ਫ਼ੈਲਾਇਆ। ਅਲਬਰੂਨੀ ਦੇ ਹਵਾਲੇ ਨਾਲ ਸੋਮਨਾਥ ਦੇ ਸ਼ਿਵਲਿੰਗ ਬਾਰੇ ਜ਼ਿਕਰ ਹੈ ਕਿ ਮਹਿਮੂਦ ਨੇ ਮੂਰਤੀ ਦੇ ਉੱਪਰਲੇ ਹਿੱਸੇ ਨੂੰ ਤੋੜ ਦਿੱਤਾ ਅਤੇ ਬਾਕੀ ਨੂੰ ਗਜ਼ਨੀ ਲੈ ਗਿਆ। ਉਸ ਦਾ ਇੱਕ ਟੁਕੜਾ ਅੱਜ ਵੀ ਗਜ਼ਨੀ ਦੀ ਜਾਮਾ ਮਸਜਿਦ ਦੇ ਦਰਵਾਜ਼ੇ 'ਤੇ ਰੱਖਿਆ ਹੈ ਜਿੱਥੇ ਲੋਕ ਪੈਰ ਪੂੰਝਦੇ ਹਨ।

ਇਹ ਸਭ ਵੇਰਵੇ ਪੁਰਾਣੀ ਕਿਤਾਬ ਵਿੱਚ ਨਹੀਂ ਸਨ। ਇਸ ਤੋਂ ਅੱਗੇ, ਕਿਤਾਬ ਵਿੱਚ ਮੁਹੰਮਦ ਗੋਰੀ ਅਤੇ ਉਸ ਦੇ ਸੈਨਾਪਤੀ ਕੁਤਬੁੱਦੀਨ ਐਬਕ ਦਾ ਜ਼ਿਕਰ ਹੈ। ਫ਼ਿਰ ਬਖਤਿਆਰ ਖਿਲਜੀ ਦੇ ਬੰਗਾਲ ਮੁਹਿੰਮ ਬਾਰੇ ਦੱਸਿਆ ਗਿਆ ਹੈ, ਜਿਸ ਵਿੱਚ ਪਹਿਲੀ ਵਾਰ ਨਾਲੰਦਾ ਅਤੇ ਵਿਕਰਮਸ਼ਿਲਾ ਦੇ ਵਿਨਾਸ਼ ਨੂੰ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਕਿਤਾਬ ਅਨੁਸਾਰ ਬਖਤਿਆਰ ਖਿਲਜੀ ਨੇ ਇਨ੍ਹਾਂ ਵੱਡੇ ਬੋੱਧ ਵਿਹਾਰਾਂ ਅਤੇ ਯੂਨੀਵਰਸਿਟੀਆਂ ਨੂੰ ਤਬਾਹ ਕੀਤਾ, ਵੱਡੀ ਲੁੱਟ ਕੀਤੀ ਅਤੇ ਬਹੁਤ ਸਾਰੇ ਭਿਖੂਆਂ ਨੂੰ ਕਤਲ ਕੀਤਾ। ਬੋਧ ਇਤਿਹਾਸਕਾਰਾਂ ਵਿੱਚ ਇਹ ਆਮ ਰਾਏ ਹੈ ਕਿ ਇਨ੍ਹਾਂ ਵੱਡੇ ਸਿੱਖਿਆ ਕੇਂਦਰਾਂ ਦੇ ਵਿਨਾਸ਼ ਨੇ ਭਾਰਤ ਵਿੱਚ ਬੋੱਧ ਧਰਮ ਦੇ ਪਤਨ ਨੂੰ ਤੇਜ਼ ਕੀਤਾ, ਹਾਲਾਂਕਿ ਕੁਝ ਹੋਰ ਕਾਰਨ ਵੀ ਹੋ ਸਕਦੇ ਹਨ। ਨਾਲੰਦਾ ਦੀ ਲਾਇਬਰੇਰੀ ਮਹੀਨਿਆਂ ਤੱਕ ਜਲਦੀ ਰਹੀ। ਇਹ ਸਭ ਪੁਰਾਣੀ ਕਲਾਸ 7 ਦੀ ਕਿਤਾਬ ਵਿੱਚ ਨਹੀਂ ਸੀ।

ਇਸ ਤੋਂ ਪਹਿਲਾਂ ਵਾਲੇ ਅਧਿਆਏ ਵਿੱਚ 6ਵੀਂ ਤੋਂ 10ਵੀਂ ਸਦੀ ਦੇ ਸਾਮਰਾਜਾਂ ਬਾਰੇ ਚਰਚਾ ਤੋਂ ਬਾਅਦ 'ਮੱਧ ਏਸ਼ੀਆ ਤੋਂ ਹੂਣ ਅਤੇ ਅਰਬ ਹਮਲੇ' ਦਾ ਜ਼ਿਕਰ ਹੈ। ਪਹਿਲੀ ਵਾਰ ਕਲਾਸ 7 ਵਿੱਚ ਮੁਹੰਮਦ ਬਿਨ ਕਾਸਿਮ ਅਤੇ ਸਿੰਧ ਵਿਜੈ ਦਾ ਵਰਣਨ ਆਇਆ ਹੈ। 13ਵੀਂ ਸਦੀ ਦੇ ਇੱਕ ਫ਼ਾਰਸੀ ਸਰੋਤ ਦੇ ਹਵਾਲੇ ਨਾਲ ਲਿਖਿਆ ਹੈ ਕਿ ਬਿਨ ਕਾਸਿਮ ਨੇ ਇਸ ਨੂੰ 'ਅੱਲਾਹ ਦਾ ਹੁਕਮ ਮੰਨ ਕੇ ਕਾਫ਼ਿਰਾਂ ਉਪਰ ਹਮਲਾ ਕੀਤਾ'। ਕਿਤਾਬ ਸਾਫ਼ ਕਰਦੀ ਹੈ ਕਿ ਮੱਧਕਾਲੀਨ ਇਸਲਾਮ ਵਿੱਚ 'ਕਾਫ਼ਿਰ' ਤੋਂ ਮਤਲਬ ਹਿੰਦੂ, ਬੋਧ ਜਾਂ ਜੈਨ ਸਨ। ਹਾਲਾਂਕਿ ਇਹ ਵੀ ਜੋੜਿਆ ਗਿਆ ਹੈ ਕਿ ਸਿੰਧ ਤੇ ਅਰਬ ਵਿਜੈ ਦਾ ਰਾਜਨੀਤਿਕ ਅਤੇ ਧਾਰਮਿਕ ਪ੍ਰਭਾਵ ਸੀਮਿਤ ਰਿਹਾ, ਅਤੇ ਹੋਰ ਖੇਤਰਾਂ ਵਾਂਗ ਵੱਡੇ ਪੈਮਾਨੇ ਉਪਰ ਧਰਮ ਪਰਿਵਰਤਨ ਨਹੀਂ ਹੋਏ।

ਇਸ ਅਧਿਆਏ ਤੋਂ ਠੀਕ ਪਹਿਲਾਂ ਇੱਕ 'ਚਿਤਾਵਨੀ ਵਾਲਾ ਬਾਕਸ' ਦਿੱਤਾ ਗਿਆ ਹੈ। ਇਹ ਬਾਕਸ ਵਿਦਿਆਰਥੀਆਂ ਨੂੰ ਦੱਸਦਾ ਹੈ ਕਿ ਇਤਿਹਾਸ ਵਿੱਚ ਯੁੱਧ, ਵਿਜੈ ਅਤੇ ਵਿਨਾਸ਼ ਨੂੰ ਸ਼ਾਂਤੀ, ਸੁਸ਼ਾਸਨ ਜਾਂ ਰਚਨਾਤਮਕਤਾ ਨਾਲੋਂ ਵੱਧ ਰਿਕਾਰਡ ਕੀਤਾ ਗਿਆ ਹੈ। ਦੁਨੀਆਂ ਭਰ ਦੇ ਇਤਿਹਾਸਕਾਰ ਕਈ ਵਾਰ ਇਨ੍ਹਾਂ ਕਾਲੇ ਅਧਿਆਏ ਉਪਰ ਧਿਆਨ ਦੇਣ ਤੋਂ ਝਿਜਕਦੇ ਰਹੇ ਹਨ। ਬਾਕਸ ਵਿੱਚ ਲਿਖਿਆ ਹੈ, 'ਸਾਡਾ ਨਜ਼ਰੀਆ ਇਹ ਹੈ ਕਿ ਇਨ੍ਹਾਂ ਦਾ ਸਾਹਮਣਾ ਕਰਨਾ ਅਤੇ ਵਿਸ਼ਲੇਸ਼ਣ ਕਰਨਾ ਬਿਹਤਰ ਹੈ ਤਾਂ ਜੋ ਸਮਝ ਸਕੀਏ ਕਿ ਅਜਿਹੀਆਂ ਘਟਨਾਵਾਂ ਕਿਉਂ ਵਾਪਰੀਆਂ ਅਤੇ ਭਵਿੱਖ ਵਿੱਚ ਇਨ੍ਹਾਂ ਨੂੰ ਦੁਹਰਾਉਣ ਤੋਂ ਬਚਾਇਆ ਜਾ ਸਕੇ। ਨਾਲ ਹੀ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਬੀਤੇ ਘਟਨਾਕ੍ਰਮ ਨੂੰ ਮਿਟਾਇਆ ਜਾਂ ਨਕਾਰਿਆ ਨਹੀਂ ਜਾ ਸਕਦਾ, ਪਰ ਅੱਜ ਦੇ ਕਿਸੇ ਵੀ ਵਿਅਕਤੀ ਨੂੰ ਉਨ੍ਹਾਂ ਲਈ ਜ਼ਿੰਮੇਵਾਰ ਠਹਿਰਾਉਣਾ ਗਲਤ ਹੋਵੇਗਾ।'

ਐੱਨ.ਸੀ.ਈ.ਆਰ.ਟੀ. ਨਿਰਦੇਸ਼ਕ ਦਿਨੇਸ਼ ਪ੍ਰਸਾਦ ਸਕਲਾਨੀ ਨੇ ਇਸ ਬਾਰੇ ਕਿਹਾ ਹੈ ਕਿ 'ਕਿਤਾਬ ਦੀ ਸਮੱਗਰੀ ਆਪ ਵਿੱਚ ਪੂਰੀ ਤਰ੍ਹਾਂ ਸਪੱਸ਼ਟ ਹੈ।' ਉਨ੍ਹਾਂ ਨੇ ਇਸ ਨੂੰ ਸਿੱਖਿਆ ਨੀਤੀ ਦੇ ਅਨੁਸਾਰ ਇੱਕ ਨਿਰਪੱਖ ਬਦਲਾਅ ਦੱਸਿਆ ਹੈ।

ਸਿੱਖ ਇਤਿਹਾਸ ਨੂੰ ਕਿਉਂ ਘਟਾਇਆ ਗਿਆ ?

ਨਵੀਂ ਕਿਤਾਬ ਵਿੱਚ ਇੱਕ ਹੋਰ ਵੱਡਾ ਬਦਲਾਅ ਇਹ ਹੈ ਕਿ ਮੁਗਲਾਂ ਅਤੇ ਦਿੱਲੀ ਸਲਤਨਤ ਬਾਰੇ ਸਾਰੇ ਭਾਗ ਹਟਾ ਦਿੱਤੇ ਗਏ ਹਨ। ਪੁਰਾਣੀ ਕਿਤਾਬ ਵਿੱਚ ਇਨ੍ਹਾਂ ਬਾਰੇ ਚਰਚਾ ਸੀ, ਜਿਸ ਵਿੱਚ ਸਿੱਖ ਇਤਿਹਾਸ ਦਾ ਵੀ ਜ਼ਿਕਰ ਆਉਂਦਾ ਸੀ। ਸਿੱਖਾਂ ਨੇ ਮੁਗਲਾਂ ਨਾਲ ਬਹੁਤ ਟਕਰਾਅ ਕੀਤੇ ਸਨ, ਜਿਵੇਂ ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ। ਇਸ ਤੋਂ ਇਲਾਵਾ, ਅਫ਼ਗਾਨੀ ਹਮਲਾਵਰਾਂ ਜਿਵੇਂ ਨਾਦਿਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਅਤੇ ਸ਼ਾਹ ਜ਼ਮਾਨ ਨਾਲ ਵੀ ਸਿੱਖਾਂ ਨੇ ਲੜਾਈਆਂ ਲੜੀਆਂ ਸਨ ਤੇ ਦੇਸ਼ ਦੇ ਲੋਕਾਂ ਦੀ ਰੱਖਿਆ ਕੀਤੀ ਸੀ। ਇਹ ਟਕਰਾਅ ਸਿੱਖ ਇਤਿਹਾਸ ਦਾ ਅਹਿਮ ਹਿੱਸਾ ਹਨ, ਜਿਨ੍ਹਾਂ ਨੇ ਸਿੱਖ ਧਰਮ ਨੂੰ ਮਜ਼ਬੂਤ ਕੀਤਾ ਅਤੇ ਭਾਰਤੀ ਇਤਿਹਾਸ ਵਿੱਚ ਯੋਗਦਾਨ ਪਾਇਆ। ਪਰ ਨਵੀਂ ਕਿਤਾਬ ਵਿੱਚ ਇਹ ਭਾਗ ਹਟਾ ਦਿੱਤੇ ਗਏ ਹਨ। ਇਸ ਦੀ ਜਗ੍ਹਾ 'ਤੇ ਪ੍ਰਾਚੀਨ ਭਾਰਤੀ ਰਾਜਵੰਸ਼ਾਂ, ਭੂਗੋਲ ਅਤੇ ਮਹਾਕੁੰਭ ਵਰਗੇ ਵਿਸ਼ੇ ਸ਼ਾਮਲ ਕੀਤੇ ਗਏ ਹਨ। ਐੱਨ.ਸੀ.ਈ.ਆਰ.ਟੀ. ਦਾ ਕਹਿਣਾ ਹੈ ਕਿ ਇਹ ਬਦਲਾਅ ਦੁਹਰਾਅ ਨੂੰ ਘਟਾਉਣ ਲਈ ਹਨ ਅਤੇ ਮੁਗਲ ਇਤਿਹਾਸ ਉੱਚ ਕਲਾਸਾਂ ਵਿੱਚ ਅਜੇ ਵੀ ਪੜ੍ਹਾਇਆ ਜਾਂਦਾ ਹੈ। ਕੇਂਦਰੀ ਮੰਤਰੀ ਸੁਕੰਤ ਮਜੂੰਦਾਰ ਨੇ ਕਿਹਾ ਹੈ ਕਿ 'ਮੁਗਲ ਯੁੱਗ ਨੂੰ ਹਟਾਇਆ ਨਹੀਂ ਗਿਆ, ਸਿਰਫ਼ ਦੁਹਰਾਉ ਵਾਲੀ ਸਮੱਗਰੀ ਘਟਾਈ ਗਈ ਹੈ।' ਪਰ ਵਿਰੋਧੀ ਪਾਰਟੀਆਂ ਅਤੇ ਵਿਦਵਾਨ ਇਸ ਨੂੰ ਇਤਿਹਾਸ ਨੂੰ ਮੁੜ ਲਿਖਣ ਦੀ ਕੋਸ਼ਿਸ਼ ਕਹਿੰਦੇ ਹਨ। ਉਨ੍ਹਾਂ ਮੁਤਾਬਕ, ਮੁਗਲਾਂ ਨੂੰ ਹਟਾ ਕੇ ਹਿੰਦੂ ਰਾਸ਼ਟਰਵਾਦ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸਿੱਖ ਇਤਿਹਾਸ ਦੇ ਘਟਾਉਣ ਨਾਲ ਸਿੱਖ ਪੰਥ ਵਿੱਚ ਵੀ ਨਾਰਾਜ਼ਗੀ ਹੈ। ਇੱਕ ਪੁਰਾਣੀ ਘਟਨਾ ਵਿੱਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ (ਪੀ.ਐੱਸ.ਈ.ਬੀ.) ਨੇ 2018 ਵਿੱਚ ਸਿੱਖ ਗੁਰੂਆਂ ਬਾਰੇ 23 ਅਧਿਆਏ ਹਟਾਏ ਸਨ, ਜਿਸ ਨਾਲ ਵੱਡਾ ਵਿਵਾਦ ਹੋਇਆ ਸੀ। ਹੁਣ ਐੱਨ.ਸੀ.ਈ.ਆਰ.ਟੀ. ਵਿੱਚ ਵੀ ਅਜਿਹਾ ਹੀ ਲੱਗ ਰਿਹਾ ਹੈ।

ਸਿੱਖ ਵਿਦਵਾਨ ਡਾਕਟਰ ਸੁਖਦਿਆਲ ਸਿੰਘ ਅਨੁਸਾਰ ਸਿੱਖ ਇਤਿਹਾਸ ਨੂੰ ਘਟਾਉਣ ਨਾਲ ਵਿਦਿਆਰਥੀਆਂ ਨੂੰ ਪੂਰੀ ਤਸਵੀਰ ਨਹੀਂ ਮਿਲੇਗੀ। ਸਿੱਖਾਂ ਨੇ ਨਾ ਸਿਰਫ਼ ਮੁਗਲਾਂ ਨਾਲ ਲੜਾਈ ਕੀਤੀ ਬਲਕਿ ਅਫ਼ਗਾਨੀ ਹਮਲਾਵਰਾਂ ਤੋਂ ਵੀ ਪੰਜਾਬ ਨੂੰ ਬਚਾਇਆ। ਨਾਦਿਰ ਸ਼ਾਹ ਨੇ 1739 ਵਿੱਚ ਦਿੱਲੀ 'ਤੇ ਹਮਲਾ ਕੀਤਾ ਅਤੇ ਵੱਡੀ ਲੁੱਟ ਕੀਤੀ, ਪਰ ਸਿੱਖਾਂ ਨੇ ਉਸ ਨੂੰ ਰੋਕਣ ਵਿੱਚ ਭੂਮਿਕਾ ਨਿਭਾਈ। ਅਹਿਮਦ ਸ਼ਾਹ ਅਬਦਾਲੀ ਨੇ 1748 ਤੋਂ 1767 ਤੱਕ ਕਈ ਵਾਰ ਹਮਲੇ ਕੀਤੇ, ਅਤੇ ਸਿੱਖਾਂ ਨੇ ਉਸ ਨਾਲ ਲੜ ਕੇ ਪੰਜਾਬ ਨੂੰ ਆਜ਼ਾਦ ਕਰਾਇਆ। ਸ਼ਾਹ ਜ਼ਮਾਨ ਨੇ ਵੀ 1790 ਵਿੱਚ ਹਮਲੇ ਕੀਤੇ, ਪਰ ਰਣਜੀਤ ਸਿੰਘ ਨੇ ਉਸ ਨੂੰ ਹਰਾਇਆ। ਇਹ ਘਟਨਾਵਾਂ ਸਿੱਖ ਬਹਾਦੁਰੀ ਅਤੇ ਭਾਰਤੀ ਇਤਿਹਾਸ ਦਾ ਹਿੱਸਾ ਹਨ। ਇਨ੍ਹਾਂ ਨੂੰ ਹਟਾਉਣ ਨਾਲ ਬੱਚੇ ਇੱਕ ਪੱਖੀ ਨਜ਼ਰੀਏ ਨਾਲ ਵੱਡੇ ਹੋਣਗੇ।

ਸੰਘ ਪਰਿਵਾਰ ਦੀ ਰਾਜਨੀਤੀ ਦਾ ਪ੍ਰਭਾਵ ਕੀ ਹੈ?

ਐੱਨ.ਸੀ.ਈ.ਆਰ.ਟੀ. ਦੇ ਇਨ੍ਹਾਂ ਬਦਲਾਵਾਂ 'ਤੇ ਵਿਵਾਦ ਬਹੁਤ ਪੁਰਾਣਾ ਹੈ। ਮੋਦੀ ਸਰਕਾਰ ਦੇ ਸਮੇਂ ਵਿੱਚ ਤਿੰਨ ਵਾਰ ਵੱਡੇ ਬਦਲਾਅ ਆਏ ਹਨ, ਖਾਸ ਕਰ ਇਤਿਹਾਸ, ਰਾਜਨੀਤੀ ਵਿਗਿਆਨ ਅਤੇ ਸਮਾਜ ਵਿਗਿਆਨ ਵਿੱਚ। 2023 ਵਿੱਚ ਮੁਗਲਾਂ ਬਾਰੇ ਅਧਿਆਏ ਹਟਾਏ ਗਏ ਸਨ ਅਤੇ ਮਹਾਤਮਾ ਗਾਂਧੀ ਦੀ ਜਦੋਜਹਿਦ ਤੇ ਕਤਲ ਦੀ ਘਟਨਾ ਦੇ ਪੂਰੇ ਬਿਰਤਾਂਤ ਨੂੰ ਵੀ ਘਟਾਇਆ ਗਿਆ। ਵਿਦਵਾਨਾਂ ਮੁਤਾਬਕ, ਇਹ ਬਦਲਾਅ ਭਾਜਪਾ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੇ ਵਿਚਾਰਧਾਰਕ ਏਜੰਡੇ ਨਾਲ ਮੇਲ ਖਾਂਦੇ ਹਨ। ਆਰ.ਐੱਸ.ਐੱਸ. ਹਿੰਦੂ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਮੁਸਲਿਮ ਸ਼ਾਸਕਾਂ ਨੂੰ ਹਮਲਾਵਰ ਵਜੋਂ ਵਿਖਾਉਂਦਾ ਹੈ।

ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਰਕਸਿਸਟ) ਨੇ ਕਿਹਾ ਹੈ ਕਿ ਇਹ ਬਦਲਾਅ ਆਰ.ਐੱਸ.ਐੱਸ.-ਬੀਜੇਪੀ ਦੇ ਵੱਡੇ ਵਿਚਾਰਧਾਰਕ ਟੀਚਿਆਂ ਨਾਲ ਜੁੜੇ ਹਨ।

ਪਰ ਸਰਕਾਰ ਅਤੇ ਐੱਨ.ਸੀ.ਈ.ਆਰ.ਟੀ. ਇਸ ਨੂੰ ਨਕਾਰਦੇ ਹਨ। ਉਨ੍ਹਾਂ ਮੁਤਾਬਕ, ਬਦਲਾਅ ਵਿਦਿਆਰਥੀਆਂ ਦੇ ਬੋਝ ਨੂੰ ਘਟਾਉਣ ਅਤੇ ਭਾਰਤੀ ਸੰਸਕ੍ਰਿਤੀ ਤੇ ਜ਼ੋਰ ਦੇਣ ਲਈ ਹਨ। ਵਿਰੋਧੀ ਪਾਰਟੀਆਂ ਜਿਵੇਂ ਕਾਂਗਰਸ ਅਤੇ ਡੀ.ਐੱਮ.ਕੇ. ਇਸ ਨੂੰ ਫ਼ਿਰਕੂਵਾਦ ਕਹਿੰਦੀਆਂ ਹਨ। ਉਨ੍ਹਾਂ ਮੁਤਾਬਕ, ਮੁਸਲਿਮ ਸ਼ਾਸਕਾਂ ਦੇ ਨਕਾਰਾਤਮਕ ਪੱਖ ਤੇ ਜ਼ੋਰ ਦੇ ਕੇ ਧਰਮ ਨਿਰਪੱਖਤਾ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਪਰ ਭਾਜਪਾ ਕਹਿੰਦੀ ਹੈ ਕਿ ਇਹ ਤੱਥਾਂ ਤੇ ਅਧਾਰਿਤ ਹੈ ਅਤੇ ਪੁਰਾਣੀਆਂ ਕਿਤਾਬਾਂ ਵਿੱਚ ਵੀ ਅਜਿਹੇ ਵੇਰਵੇ ਸਨ, ਪਰ ਘੱਟ। ਵਿਦਵਾਨਾਂ ਦੀ ਰਾਏ ਵੱਖਰੀ ਹੈ। ਪ੍ਰੋਫ਼ੈਸਰ ਅਪੂਰਵਾਨੰਦ ਕਹਿੰਦੇ ਹਨ ਕਿ ਇਤਿਹਾਸ ਨੂੰ ਨਿਰਪੱਖ ਰੱਖਣਾ ਚਾਹੀਦਾ ਹੈ ਅਤੇ ਰਾਜਨੀਤੀ ਨੂੰ ਦੂਰ ਰੱਖਿਆ ਜਾਣਾ ਚਾਹੀਦਾ।

ਯੂ. ਕੇ. ਨੇ ਇੱਕ ਬ੍ਰਿਟਿਸ਼ ਨਾਗਰਿਕ ਤੇ ਸੰਗਠਨ 'ਬੱਬਰ ਅਕਾਲੀ ਲਹਿਰ' 'ਤੇ ਲਗਾਈ ਪਾਬੰਦੀ

ਲੰਡਨ/ਏ.ਟੀ.ਨਿਊਜ਼: ਬ੍ਰਿਟੇਨ ਨੇ ਬੀਤੇ ਦਿਨੀਂ ਇੱਕ ਬ੍ਰਿਟਿਸ਼ ਨਾਗਰਿਕ ਗੁਰਪ੍ਰੀਤ ਸਿੰਘ ਰੇਹਲ (34 ਸਾਲ, ਲੀਡਜ਼ ਦਾ ਰਹਿਣ ਵਾਲਾ) ਅਤੇ 'ਬੱਬਰ ਅਕਾਲੀ ਲਹਿਰ' ਨਾਮਕ ਸੰਗਠਨ ਉੱਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਇਹ ਦੋਸ਼ ਹੈ ਕਿ ਇਹ ਦੋਵੇਂ ਭਾਰਤ ਵਿੱਚ ਖਾੜਕੂ ਗਤੀਵਿਧੀਆਂ ਕਰ ਰਹੇ ਸਨ ਅਤੇ ਖ਼ਾਲਿਸਤਾਨ ਸਮਰਥਕ ਖਾੜਕੂ ਸੰਗਠਨ 'ਬੱਬਰ ਖ਼ਾਲਸਾ' ਨੂੰ ਸਹਿਯੋਗ ਦੇ ਰਹੇ ਸਨ।

ਬ੍ਰਿਟਿਸ਼ ਖਜ਼ਾਨਾ ਵਿਭਾਗ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਯੂ.ਕੇ. ਨੇ ਆਪਣੇ ਘਰੇਲੂ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਵਰਤੋਂ ਕਰਕੇ ਬੱਬਰ ਖ਼ਾਲਸਾ ਦੀ ਫੰਡਿੰਗ ਨੂੰ ਰੋਕਿਆ ਹੈ।

ਕੀ ਦੋਸ਼ ਲੱਗੇ ਹਨ ?

ਗੁਰਪ੍ਰੀਤ ਸਿੰਘ ਰੇਹਲ ਉੱਤੇ ਦੋਸ਼ ਹੈ ਕਿ ਉਸ ਨੇ ਬੱਬਰ ਖਾਲਸਾ ਅਤੇ ਬੱਬਰ ਅਕਾਲੀ ਲਹਿਰ ਲਈ ਖਾੜਕੂਵਾਦ ਨੂੰ ਉਤਸ਼ਾਹਿਤ ਕੀਤਾ ਹੈ, ਲੋਕ ਭਰਤੀ ਕੀਤੇ ਹਨ, ਪੈਸੇ ਦਿੱਤੇ ਹਨ, ਹਥਿਆਰ ਅਤੇ ਫ਼ੌਜੀ ਸਮਾਨ ਖਰੀਦਿਆ ਹੈ।

ਬੱਬਰ ਅਕਾਲੀ ਲਹਿਰ ਉੱਤੇ ਦੋਸ਼ ਹੈ ਕਿ ਇਸ ਨੇ ਬੱਬਰ ਖ਼ਾਲਸਾ ਲਈ ਭਰਤੀ ਕੀਤੀ ਅਤੇ ਖਾੜਕੂਵਾਦ ਨੂੰ ਉਤਸ਼ਾਹਿਤ ਕੀਤਾ ਸੀ।

ਪਾਬੰਦੀਆਂ ਦਾ ਮਤਲਬ ਕੀ ਹੈ ?

ਹੁਣ ਬ੍ਰਿਟੇਨ ਦੇ ਨਾਗਰਿਕਾਂ ਅਤੇ ਕੰਪਨੀਆਂ ਨੂੰ ਰੇਹਲ ਜਾਂ ਬੱਬਰ ਅਕਾਲੀ ਲਹਿਰ ਦੇ ਪੈਸੇ ਜਾਂ ਜਾਇਦਾਦ ਨਾਲ ਕੋਈ ਲੈਣ-ਦੇਣ ਕਰਨ ਦੀ ਇਜਾਜ਼ਤ ਨਹੀਂ

ਰੇਹਲ ਨੂੰ ਕਿਸੇ ਕੰਪਨੀ ਦਾ ਡਾਇਰੈਕਟਰ ਬਣਨ ਜਾਂ ਮੈਨੇਜਮੈਂਟ ਵਿੱਚ ਹਿੱਸਾ ਲੈਣ ਨਹੀਂ ਦਿੱਤਾ ਜਾ ਸਕਦਾ। ਇਹ ਨਿਯਮ ਤੋੜਨ 'ਤੇ 7 ਸਾਲ ਤੱਕ ਜੇਲ੍ਹ ਜਾਂ ਭਾਰੀ ਜੁਰਮਾਨਾ ਹੋ ਸਕਦਾ ਹੈ।

ਬ੍ਰਿਟਿਸ਼ ਸਰਕਾਰ ਨੇ ਕੀ ਕਿਹਾ ?

ਬ੍ਰਿਟਿਸ਼ ਮੰਤਰੀ ਲੂਸੀ ਰਿਗਬੀ ਨੇ ਕਿਹਾ ਕਿ ਅਸੀਂ ਖਾੜਕੂਆਂ ਨੂੰ ਬ੍ਰਿਟੇਨ ਦੀ ਵਿੱਤੀ ਵਿਵਸਥਾ ਦੀ ਦੁਰਵਰਤੋਂ ਨਹੀਂ ਕਰਨ ਦੇਵਾਂਗੇ। ਅਸੀਂ ਦੁਨੀਆਂ ਵਿੱਚ ਕਿਤੇ ਵੀ ਖਾੜਕੂਵਾਦ ਦੀ ਫੰਡਿੰਗ ਨੂੰ ਰੋਕਾਂਗੇ ਅਤੇ ਸ਼ਾਂਤੀਪੂਰਨ ਭਾਈਚਾਰਿਆਂ ਦੇ ਨਾਲ ਖੜ੍ਹੇ ਹਾਂ।

ਬੱਬਰ ਖ਼ਾਲਸਾ ਕੌਣ ਹੈ ?

ਬੱਬਰ ਖਾਲਸਾ ਇੱਕ ਖ਼ਾਲਿਸਤਾਨ ਸਮਰਥਕ ਖਾੜਕੂ ਸੰਗਠਨ ਹੈ। ਇਸ ਉੱਪਰ ਦੋਸ਼ ਹੈ ਕਿ 1985 ਵਿੱਚ ਏਅਰ ਇੰਡੀਆ ਦੀ ਫਲਾਈਟ 182 ਨੂੰ ਹਵਾ ਵਿੱਚ ਬੰਬ ਨਾਲ ਉਡਾ ਦਿੱਤਾ ਸੀ, ਜਿਸ ਵਿੱਚ 329 ਲੋਕ ਮਾਰੇ ਗਏ ਸਨ (ਜ਼ਿਆਦਾਤਰ ਕੈਨੇਡੀਅਨ ਨਾਗਰਿਕ)। ਉਸੇ ਦਿਨ ਟੋਕੀਓ ਏਅਰਪੋਰਟ 'ਤੇ ਵੀ ਬੰਬ ਧਮਾਕਾ ਕੀਤਾ ਸੀ।

ਭਾਰਤ-ਬ੍ਰਿਟੇਨ ਸਬੰਧਾਂ ਨਾਲ ਜੁੜਿਆ ਮਾਮਲਾ

ਇਸ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬ੍ਰਿਟਿਸ਼ ਪੀ.ਐੱਮ. ਕੀਅਰ ਸਟਾਰਮਰ ਨਾਲ ਮੁਲਾਕਾਤਾਂ ਵਿੱਚ ਬ੍ਰਿਟੇਨ ਵਿੱਚ ਖਾਲਿਸਤਾਨੀ ਗਤੀਵਿਧੀਆਂ ਦਾ ਮੁੱਦਾ ਚੁੱਕਿਆ ਸੀ।

ਭਾਰਤ ਵੱਲੋਂ ਦੋਸ਼ ਸਨ ਕਿ 2023 ਵਿੱਚ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ 'ਤੇ ਵੀ ਖ਼ਾਲਿਸਤਾਨੀਆਂ ਨੇ ਹਮਲਾ ਕੀਤਾ ਸੀ। ਹੁਣ ਬ੍ਰਿਟੇਨ ਨੇ ਇਹ ਵੱਡਾ ਕਦਮ ਚੁੱਕ ਕੇ ਭਾਰਤ ਨਾਲ ਆਪਣੀ ਵਚਨਬੱਧਤਾ ਦਿਖਾਈ ਹੈ।

ਭਾਰਤ- ਰੂਸ ਦੋਸਤੀ ਨੂੰ ਮਿਲੀ ਨਵੀਂ ਰਫ਼ਤਾਰ

ਕਈ ਪੱਖਾਂ ਤੋਂ ਮਹੱਤਵਪੂਰਨ ਰਿਹਾ ਪੁਤਿਨ ਦਾ ਭਾਰਤ ਦੌਰਾ

ਰੂਸ ਅਤੇ ਭਾਰਤ ਵਿਚਾਲੇ ਹੋਏ 16 ਮਹੱਤਵਪੂਰਨ ਸਮਝੌਤੇ

ਜਗਮੋਹਨ ਸਿੰਘ 'ਲੱਕੀ'

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਦੋ ਦਿਨਾਂ ਭਾਰਤ ਦੌਰੇ ਨੇ ਅੱਠ ਦਹਾਕਿਆਂ ਤੋਂ ਵੱਧ ਪੁਰਾਣੀ ਭਾਰਤ-ਰੂਸ ਦੋਸਤੀ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕੀਤਾ ਹੈ। ਮਾੜੇ ਭੂ-ਸਿਆਸੀ ਹਾਲਾਤ ਦੇ ਬਾਵਜੂਦ ਇਹ ਦੋਸਤੀ 'ਧਰੂ ਤਾਰੇ' ਵਾਂਗ ਕਾਇਮ ਹੈ। ਇਸ ਮੌਕੇ ਭਾਰਤ ਅਤੇ ਰੂਸ ਨੇ ਅਮਰੀਕਾ ਵੱਲੋਂ ਟੈਰਿਫ਼ ਅਤੇ ਪਾਬੰਦੀਆਂ ਲਗਾਉਣ ਤੋਂ ਪੈਦਾ ਹੋਏ ਹਾਲਾਤ ਨਾਲ ਸਿੱਝਣ ਲਈ ਆਰਥਿਕ ਅਤੇ ਵਪਾਰਕ ਭਾਈਵਾਲੀ ਹੋਰ ਮਜ਼ਬੂਤ ਕਰਨ ਲਈ ਪੰਜ ਵਰ੍ਹਿਆਂ ਦੀ ਯੋਜਨਾ 'ਤੇ ਸਹਿਮਤੀ ਪ੍ਰਗਟਾਈ ਹੈ। ਦੋਵਾਂ ਦੇਸ਼ਾਂ ਨੇ 16 ਵੱਡੇ ਸਮਝੌਤਿਆਂ 'ਤੇ ਦਸਤਖਤ ਕੀਤੇ, ਜਿਨ੍ਹਾਂ ਵਿੱਚ ਪ੍ਰਵਾਸ, ਸਿਹਤ, ਖੁਰਾਕ ਸੁਰੱਖਿਆ, ਸਮੁੰਦਰੀ ਖੇਤਰ, ਸਿੱਖਿਆ, ਖਾਦ ਅਤੇ ਮੀਡੀਆ ਸਹਿਯੋਗ ਸ਼ਾਮਲ ਹਨ। ਦੋਵੇਂ ਦੇਸ਼ ਕਿਰਤ ਗਤੀਸ਼ੀਲਤਾ ਵਧਾਉਣ, ਡਾਕਟਰੀ ਸਿੱਖਿਆ ਅਤੇ ਸਿਹਤ ਖੋਜ ਨੂੰ ਮਜ਼ਬੂਤ ਕਰਨ ਅਤੇ ਭੋਜਨ ਸੁਰੱਖਿਆ ਨਿਗਰਾਨੀ ਨੂੰ ਬਿਹਤਰ ਬਣਾਉਣ ਲਈ ਸਹਿਮਤ ਹੋਏ। ਸਮੁੰਦਰੀ ਸਿਖਲਾਈ, ਕਸਟਮ ਜਾਣਕਾਰੀ ਸਾਂਝੀ ਕਰਨ ਅਤੇ ਅਕਾਦਮਿਕ ਸੰਸਥਾਵਾਂ ਵਿਚਕਾਰ ਖੋਜ ਸਹਿਯੋਗ 'ਤੇ ਵੀ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ। ਰਾਸ਼ਟਰਪਤੀ ਪੁਤਿਨ ਅਤੇ ਪ੍ਰਧਾਨ ਮੰਤਰੀ ਮੋਦੀ ਨੇ 2030 ਤੱਕ ਰਣਨੀਤਕ ਆਰਥਿਕ ਸਹਿਯੋਗ ਪ੍ਰੋਗਰਾਮ, ਈ-ਵੀਜ਼ਾ ਸਹੂਲਤ ਅਤੇ ਸੱਭਿਆਚਾਰਕ ਸਹਿਯੋਗ 'ਤੇ ਵੀ ਮਹੱਤਵਪੂਰਨ ਐਲਾਨ ਕੀਤੇ।

ਪੁਤਿਨ ਦਾ ਭਾਰਤ ਦੌਰਾ ਅਜਿਹੇ ਸਮੇਂ ਹੋਇਆ ਹੈ ਜਦੋਂ ਟਰੰਪ ਰੂਸ-ਯੂਕ੍ਰੇਨ ਟਕਰਾਅ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਰੁੱਝੇ ਹੋਏ ਹਨ। ਇਸ ਲਈ, ਪੱਛਮ ਅਤੇ ਖਾਸ ਕਰਕੇ ਯੂਰਪੀਅਨ ਦੇਸ਼, ਪੂਤਿਨ ਦੇ ਦੌਰੇ 'ਤੇ ਨੇੜਿਓਂ ਨਜ਼ਰ ਰੱਖ ਰਹੇ ਸਨ। ਭਾਰਤ ਨੇ ਪਿੱਛਲੇ ਸਮੇਂ ਦੌਰਾਨ ਯੂਰਪੀਅਨ ਯੂਨੀਅਨ ਨਾਲ ਵੀ ਕੁਝ ਸਮਝੌਤੇ ਕੀਤੇ ਹੋਏ ਹਨ। ਯੂਕ੍ਰੇਨ ਟਕਰਾਅ ਤੋਂ ਬਾਅਦ, ਪੂਤਿਨ ਨੇ ਕੂਟਨੀਤਕ ਸ਼ਰਮਿੰਦਗੀ ਤੋਂ ਬਚਣ ਲਈ ਬਹੁਤ ਸਾਰੇ ਦੇਸ਼ਾਂ ਦਾ ਦੌਰਾ ਨਹੀਂ ਕੀਤਾ ਹੈ। ਇਸ ਸਮੇਂ ਦੌਰਾਨ, ਉਸਨੇ ਸਿਰਫ਼ ਮੱਧ ਏਸ਼ੀਆਈ ਦੇਸ਼ਾਂ ਕਿਰਗਿਜ਼ਸਤਾਨ ਅਤੇ ਕਜ਼ਾਕਿਸਤਾਨ ਦੇ ਨਾਲ-ਨਾਲ ਇਰਾਨ, ਸਾਊਦੀ ਅਰਬ, ਮੰਗੋਲੀਆ ਅਤੇ ਚੀਨ ਦਾ ਦੌਰਾ ਕੀਤਾ ਹੈ। ਇਸ ਲਈ, ਪੂਤਿਨ ਦਾ ਭਾਰਤ ਦੌਰਾ ਦੁਨੀਆ ਲਈ ਇੱਕ ਸੰਦੇਸ਼ ਹੈ।

ਇਸ ਸਮੇਂ ਭਾਰਤ ਅਤੇ ਰੂਸ ਵਿਚਾਲੇ ਸਾਲਾਨਾ 64 ਅਰਬ ਡਾਲਰ ਦਾ ਵਪਾਰ ਹੋ ਰਿਹਾ ਹੈ। ਹੁਣ ਦੋਵੇਂ ਦੇਸ਼ ਇਸ ਵਪਾਰ ਨੂੰ 100 ਅਰਬ ਡਾਲਰ ਸਾਲਾਨਾ ਕਰਨ 'ਤੇ ਸਹਿਮਤ ਹੋ ਗਏ ਹਨ। ਦੋਵਾਂ ਦੇਸ਼ਾਂ ਵਿਚਕਾਰ ਕਿਰਤ ਗਤੀਸ਼ੀਲਤਾ 'ਤੇ ਵੀ ਇੱਕ ਸਮਝੌਤਾ ਸਹੀਬੰਦ ਕੀਤਾ ਗਿਆ ਹੈ। ਇਹ ਸਮਝੌਤਾ ਇੱਕ ਦੇਸ਼ ਦੇ ਨਾਗਰਿਕਾਂ ਦੀ ਦੂਜੇ ਦੇਸ਼ ਦੇ ਖੇਤਰ ਵਿੱਚ ਅਸਥਾਈ ਕਿਰਤ ਗਤੀਵਿਧੀ ਨਾਲ ਸਬੰਧਿਤ ਹੈ। ਇਸ ਤੋਂ ਇਲਾਵਾ, ਨਿਯਮਤ ਪ੍ਰਵਾਸ ਨੂੰ ਹੱਲ ਕਰਨ ਵਿੱਚ ਸਹਿਯੋਗ ਕਰਨ ਲਈ ਦੋਵਾਂ ਦੇਸ਼ਾਂ ਵਿਚਕਾਰ ਇੱਕ ਸਮਝੌਤਾ ਸਹੀਬੰਦ ਕੀਤਾ ਗਿਆ। ਇਹ ਸਮਝੌਤਾ ਭਾਰਤ ਅਤੇ ਰੂਸ ਵਿਚਕਾਰ ਰੱਖਿਆ, ਵਪਾਰ, ਆਰਥਿਕਤਾ, ਸਿਹਤ, ਸਿੱਖਿਆ, ਸੱਭਿਆਚਾਰ ਅਤੇ ਮੀਡੀਆ ਦੇ ਖੇਤਰਾਂ ਵਿੱਚ ਕੀਤੇ ਗਏ 16 ਸਮਝੌਤਿਆਂ ਵਿੱਚੋਂ ਇੱਕ ਹੈ।

ਭਾਰਤ ਅਤੇ ਰੂਸ ਵਿਚਕਾਰ ਸੰਯੁਕਤ ਰਾਸ਼ਟਰ, ਜੀ-20, ਬ੍ਰਿਕਸ, ਐਸ.ਸੀ.ਓ. ਅਤੇ ਹੋਰ ਮੰਚਾਂ 'ਤੇ ਨੇੜਲਾ ਸਹਿਯੋਗ ਰਿਹਾ ਹੈ। ਪਿਛਲੇ ਅੱਠ ਦਹਾਕਿਆਂ ਦੌਰਾਨ, ਦੁਨੀਆ ਨੇ ਬਹੁਤ ਸਾਰੇ ਉਤਰਾਅ-ਚੜ੍ਹਾਅ ਦੇਖੇ ਹਨ। ਮਨੁੱਖਤਾ ਨੇ ਕਈ ਚੁਣੌਤੀਆਂ ਅਤੇ ਸੰਕਟਾਂ ਦਾ ਸਾਹਮਣਾ ਕੀਤਾ ਹੈ ਅਤੇ ਇਸ ਸਭ ਦੇ ਦੌਰਾਨ, ਭਾਰਤ-ਰੂਸ ਦੋਸਤੀ ਹੋਰ ਮਜ਼ਬੂਤ ਹੋਈ ਹੈ। ਆਪਸੀ ਸਤਿਕਾਰ ਅਤੇ ਡੂੰਘੇ ਵਿਸ਼ਵਾਸ 'ਤੇ ਬਣਿਆ ਇਹ ਰਿਸ਼ਤਾ ਹਮੇਸ਼ਾ ਸਮੇਂ ਦੀ ਪਰੀਖਿਆ 'ਤੇ ਖਰਾ ਉਤਰਿਆ ਹੈ। ਰੂਸ ਜਿਥੇ ਪੂਰੀ ਤਰ੍ਹਾਂ ਵਿਕਸਤ ਦੇਸ਼ ਹੈ, ਉਥੇ ਭਾਰਤ ਅਜੇ ਵਿਕਾਸ਼ਸ਼ੀਲ ਦੇਸ਼ ਹੈ। ਭਾਰਤ ਨੂੰ ਪੂਰੀ ਤਰ੍ਹਾਂ ਵਿਕਸਤ ਹੋਣ ਲਈ ਰੂਸ ਵਰਗੀਆਂ ਮਹਾਂਸ਼ਕਤੀਆਂ ਦੇ ਸਹਿਯੋਗ ਦੀ ਵੱਡੀ ਲੋੜ ਹੈ। ਇਸ ਗੱਲ ਨੂੰ ਭਾਰਤ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਉਸ ਵੱਲੋਂ ਰੂਸ ਨਾਲ ਵਪਾਰਕ ਭਾਈਵਾਲੀ ਦੇ ਨਾਲ ਹੋਰ ਮੁੱਦਿਆਂ ਤੇ ਵੀ ਸਹਿਯੋਗ ਕੀਤਾ ਜਾ ਰਿਹਾ ਹੈ ਤਾਂ ਕਿ ਰੂਸ ਅਤੇ ਭਾਰਤ ਦੀ ਦੋਸਤੀ ਹੋਰ ਮਜਬੂਤ ਹੋਵੇ।

ਪੁਤਿਨ ਦੇ ਭਾਰਤ ਦੌਰੇ ਨੂੰ 'ਭਾਰਤ-ਰੂਸ ਸੰਮੇਲਨ 2025' ਦਾ ਨਾਂਅ ਦਿੱਤਾ ਗਿਆ। ਭਾਰਤ-ਰੂਸ ਸੰਮੇਲਨ 2025 ਨੇ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਇੱਕ ਨਵੇਂ ਪੱਧਰ 'ਤੇ ਉੱਚਾ ਕੀਤਾ, ਨਾ ਸਿਰਫ਼ ਰਾਜਨੀਤਿਕ ਬਿਆਨਬਾਜ਼ੀ ਨੂੰ ਅਪਣਾਇਆ, ਸਗੋਂ 16 ਵੱਡੇ ਸਮਝੌਤਿਆਂ ਅਤੇ ਪੰਜ ਮਹੱਤਵਪੂਰਨ ਐਲਾਨਾਂ ਰਾਹੀਂ ਪੇਸ਼ ਕੀਤੇ ਗਏ ਵਿਹਾਰਕ ਸਹਿਯੋਗ ਲਈ ਹੁਣ ਤੱਕ ਦੇ ਸਭ ਤੋਂ ਵਿਆਪਕ ਬਲੂਪ੍ਰਿੰਟ ਨੂੰ ਅਪਣਾਇਆ। ਪ੍ਰਵਾਸ ਤੋਂ ਲੈ ਕੇ ਸਿਹਤ, ਸਮੁੰਦਰੀ ਸਿਖਲਾਈ, ਭੋਜਨ ਸੁਰੱਖਿਆ, ਅਕਾਦਮਿਕ ਸਹਿਯੋਗ ਅਤੇ ਮੀਡੀਆ ਸੰਪਰਕ ਤੱਕ ਹਰ ਖੇਤਰ ਵਿੱਚ ਫ਼ੈਸਲੇ ਲਏ ਗਏ, ਜਿਸ ਨਾਲ ਆਉਣ ਵਾਲੇ ਦਹਾਕਿਆਂ ਲਈ ਭਾਰਤ-ਰੂਸ ਭਾਈਵਾਲੀ ਦਾ ਰਾਹ ਪੱਧਰਾ ਹੋਇਆ।

ਪੁਤਿਨ ਦੇ ਭਾਰਤ ਦੌਰੇ ਤੋਂ ਬਾਅਦ ਰੂਸ ਅਤੇ ਭਾਰਤ ਦੀ ਦਹਾਕਿਆਂ ਪੁਰਾਣੀ ਦੋਸਤੀ ਦੀ ਨਵੀਂ ਇਬਾਰਤ ਲਿਖੀ ਗਈ ਹੈ। ਇਸ ਦੋਸਤੀ ਦੀ ਮਰਿਆਦਾ ਦੀ ਪਾਲਣਾ ਇਸ ਸਮੇਂ ਦੋਵੇਂ ਦੇਸ਼ ਕਰ ਰਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਪੁਤਿਨ ਦੇ ਭਾਰਤ ਦੌਰੇ ਨੂੰ ਕਾਫ਼ੀ ਤਵੱਜੋ ਦਿੱਤੀ ਗਈ ਅਤੇ ਪੂਰੀ ਦੁਨੀਆ ਦੇ ਮੀਡੀਆ ਦੀਆਂ ਨਜ਼ਰਾਂ ਇਸ ਦੌਰੇ ਵੱਲ ਲੱਗੀਆਂ ਰਹੀਆਂ। ਯੂਕ੍ਰੇਨ ਨਾਲ ਜੰਗ ਸ਼ੁਰੂ ਹੋਣ ਦੇ ਚਾਰ ਸਾਲ ਬਾਅਦ ਪੁਤਿਨ ਦਾ ਪਹਿਲਾ ਭਾਰਤ ਦੌਰਾ ਹੈ। ਇਸ ਦੌਰੇ ਦੌਰਾਨ ਯੂਕ੍ਰੇਨ ਜੰਗ ਸਬੰਧੀ ਵੀ ਚਰਚਾ ਹੋਈ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨੇ ਯੂਕ੍ਰੇਨ ਜੰਗ ਦੇ ਸ਼ਾਂਤੀਪੂਰਨ ਹੱਲ ਦੀ ਆਸ ਪ੍ਰਗਟ ਕੀਤੀ। ਆਉਣ ਵਾਲੇ ਸਮੇਂ ਦੌਰਾਨ ਰੂਸ ਅਤੇ ਭਾਰਤ ਦੀ ਦੋਸਤੀ ਦੁਨੀਆ ਅੱਗੇ ਇੱਕ ਮਿਸਾਲ ਬਣ ਸਕਦੀ ਹੈ।

ਆਰ.ਐਸ.ਐਸ. ਨੇ ਅਮਰੀਕਾ 'ਚ ਲਾਬਿੰਗ ਲਈ 3.3 ਲੱਖ ਡਾਲਰ ਖ਼ਰਚ ਕਿਉਂ ਕੀਤੇ ?

100 ਸਾਲਾਂ ਵਿਚ ਪਹਿਲੀ ਵਾਰ: ਆਰ.ਐਸ.ਐਸ. ਨੇ ਵਾਸ਼ਿੰਗਟਨ ਵਿੱਚ ਲਾਬਿੰਗ ਫਰਮ ਹਾਇਰ ਕੀਤੀ

ਇੱਕ ਪਾਸੇ ਭਾਰਤ ਵਿੱਚ ਆਰ.ਐਸ.ਐਸ. ਦੇ 100 ਸਾਲ ਪੂਰੇ ਹੋਣ ਦੀਆਂ ਧੁੰਮਾਂ ਮਚ ਰਹੀਆਂ ਹਨ ਅਤੇ ਸ਼ਾਖਾਵਾਂ ਵਿੱਚ ਨਾਰੇ ਲੱਗ ਰਹੇ ਹਨ। ਪਰ ਦੂਜੇ ਪਾਸੇ, ਅਮਰੀਕੀ ਤੋਂ ਆ ਰਹੀ ਖ਼ਬਰ ਪੂਰੇ ਵਿਸ਼ਵ ਨੂੰ ਹੈਰਾਨ ਕਰ ਰਹੀ ਹੈ। ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.), ਜੋ ਆਪਣੇ ਆਪ ਨੂੰ 'ਸੱਭਿਆਚਾਰਕ ਸੰਸਥਾ' ਕਹਿੰਦਾ ਹੈ, ਨੇ ਵਾਸ਼ਿੰਗਟਨ ਦੀ ਪ੍ਰਸਿੱਧ ਲਾਬਿੰਗ ਫਰਮ 'ਸਕਾਇਰ ਪੈਟਨ ਬੌਗਸ' ਨੂੰ ਹਾਇਰ ਕਰ ਲਿਆ ਹੈ। ਇਹ ਫਰਮ ਨੂੰ ਸੰਘ ਵੱਲੋਂ 2025 ਵਿੱਚ ਹੀ 3 ਲੱਖ 30 ਹਜ਼ਾਰ ਅਮਰੀਕੀ ਡਾਲਰ (ਲਗਭਗ 2.8 ਕਰੋੜ ਰੁਪਏ) ਦਾ ਭੁਗਤਾਨ ਕੀਤਾ ਗਿਆ ਹੈ। ਇਸ ਪੈਸੇ ਨਾਲ ਅਮਰੀਕੀ ਸੰਸਦ ਦੇ ਮੈਂਬਰਾਂ, ਸੀਨੇਟਰਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ 'ਆਰ.ਐਸ.ਐਸ. ਬਾਰੇ ਸਹੀ ਜਾਣਕਾਰੀ' ਦੇਣ ਦਾ ਕੰਮ ਚੱਲ ਰਿਹਾ ਹੈ।

ਇਹ ਖ਼ਬਰ ਅਮਰੀਕੀ ਖੋਜ ਪੱਤਰਕਾਰੀ ਸੰਸਥਾ 'ਪ੍ਰਿਜ਼ਮ ਰਿਪੋਰਟਸ' ਨੇ ਪਹਿਲਾਂ ਖੋਲ੍ਹੀ ਸੀ, ਜਿਸ ਨੂੰ ਭਾਰਤੀ ਪੋਰਟਲ 'ਦ ਪ੍ਰਿੰਟ' ਅਤੇ 'ਦ ਕੈਰਵਨ' ਨੇ ਵੀ ਛਾਪੀ ਸੀ। ਜਨਤਕ ਦਸਤਾਵੇਜ਼ਾਂ ਅਨੁਸਾਰ, ਇਹ ਠੇਕਾ 3 ਮਾਰਚ 2025 ਨੂੰ ਸ਼ੁਰੂ ਹੋਇਆ ਅਤੇ ਸਾਲ ਦੀਆਂ ਪਹਿਲੀਆਂ ਤਿੰਨ ਤਿਮਾਹੀਆਂ ਵਿੱਚ ਹੀ ਜ਼ਿਆਦਾਤਰ ਪੈਸਾ ਅਦਾ ਕਰ ਦਿੱਤਾ ਗਿਆ ਸੀ। ਦੂਜੇ ਪਾਸੇ ਆਰ.ਐਸ.ਐਸ. ਨੇ ਇਸ ਦਾ ਖੰਡਨ ਕੀਤਾ ਸੀ, ਪਰ ਅਮਰੀਕੀ ਸਰਕਾਰੀ ਵੈੱਬਸਾਈਟਾਂ ਤੇ ਫਰਮ ਦੇ ਰਿਕਾਰਡ ਮੌਜੂਦ ਹਨ। ਇਹ ਵੀ ਗੱਲ ਨਿਕਲੀ ਕਿ ਇਹੀ ਫਰਮ ਪਾਕਿਸਤਾਨ ਸਰਕਾਰ ਲਈ ਵੀ ਲਾਬਿੰਗ ਕਰ ਰਹੀ ਹੈ।

ਆਰ. ਐਸ. ਐਸ. ਨੂੰ ਧਨ ਕਿਥੋਂ ਪ੍ਰਾਪਤ ਹੋ ਰਿਹਾ ? ਕੀ ਅਮਰੀਕਾ ਇਸ ਉੱਪਰ ਕਾਰਵਾਈ ਕਰੇਗਾ ?

ਅਮਰੀਕਾ ਵਿੱਚ ਆਰ.ਐਸ.ਐਸ. ਦੀ ਸ਼ਾਖਾ 'ਹਿੰਦੂ ਸਵੈਮਸੇਵਕ ਸੰਘ' ਅਤੇ ਵੀ.ਐਚ.ਪੀ. ਅਮਰੀਕਾ ਨੇ ਕਈ ਸਲਾਂ ਤੋਂ ਆਪਣੇ ਨੈੱਟਵਰਕ ਬਣਾਏ ਹੋਏ ਹਨ। ਬੱਚਿਆਂ ਲਈ ਸਮਰ ਕੈਂਪ, ਯੂਵਾ ਪ੍ਰੋਗਰਾਮ ਅਤੇ ਧਾਰਮਿਕ ਇਵੈਂਟਾਂ ਰਾਹੀਂ ਉਹ ਆਪਣੀ ਵਿਚਾਰਧਾਰਾ ਫੈਲਾਉਂਦੇ ਰਹੇ ਹਨ। ਪਰ ਹੁਣ ਅਮਰੀਕੀ ਮਨੁੱਖੀ ਅਧਿਕਾਰ ਸੰਸਥਾਵਾਂ ਜਿਵੇਂ ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡੰਮ (ਯੂ.ਐਸ.ਸੀ.ਆਈ. ਆਰ.ਐਫ.) ਅਤੇ ਰੁਟਗਰਜ਼ ਸੈਂਟਰ ਫਾਰ ਸੈਕਿਓਰਿਟੀ ਆਫ ਰੇਸ ਐਂਡ ਰਾਈਟਸ ਨੇ ਇਨ੍ਹਾਂ ਨੂੰ ਨਿਸ਼ਾਨਾ ਬਣਾਇਆ ਹੈ। ਉਹਨਾਂ ਦੀ 2024 ਅਤੇ 2025 ਦੀਆਂ ਰਿਪੋਰਟਾਂ ਵਿੱਚ ਭਾਰਤ ਵਿੱਚ ਨਿਘਰ ਰਹੀ ਧਾਰਮਿਕ ਆਜ਼ਾਦੀ, ਮੁਸਲਮਾਨਾਂ, ਈਸਾਈਆਂ, ਦਲਿਤਾਂ ਅਤੇ ਆਦਿਵਾਸੀਆਂ ਉੱਤੇ ਹੋ ਰਹੇ ਜ਼ੁਲਮਾਂ ਨੂੰ ਆਰ.ਐਸ.ਐਸ. ਨਾਲ ਜੋੜਿਆ ਗਿਆ ਹੈ। ਯੂ.ਐਸ.ਸੀ.ਆਈ. ਆਰ.ਐਫ. ਦੀ ਰਿਪੋਰਟ ਕਹਿੰਦੀ ਹੈ: 2023 ਵਿੱਚ ਭਾਰਤ ਵਿੱਚ ਧਾਰਮਿਕ

ਆਜ਼ਾਦੀ ਵਿੱਚ ਨਿਘਾਰ ਆਉਣ ਦਾ ਸਿਲਸਿਲਾ ਜਾਰੀ ਰਿਹਾ। ਭਾਜਪਾ ਸਰਕਾਰ ਨੇ ਭੇਦਭਾਵੀ ਰਾਸ਼ਟਰਵਾਦੀ ਨੀਤੀਆਂ ਨੂੰ ਮਜ਼ਬੂਤ ਕੀਤਾ, ਫਿਰਕੂਵਾਦ ਨੂੰ ਹਵਾ ਦਿੱਤੀ ਅਤੇ ਫਿਰਕੂ ਹਿੰਸਾ ਰੋਕਣ ਵਿੱਚ ਨਾਕਾਮ ਰਹੀ ਹੈ। ਇਸ ਨਾਲ ਮੁਸਲਮਾਨ, ਇਸਾਈ, ਸਿੱਖ ਅਤੇ ਦਲਿਤ ਸਭ ਤੋਂ ਵੱਧ ਪੀੜਤ ਹੋਏ ਹਨ।

ਰੁਟਗਰਜ਼ ਸੈਂਟਰ ਦੀ ਰਿਪੋਰਟ ਵਿੱਚ ਤਾਂ ਹੋਰ ਵੀ ਡੂੰਘਾਈ ਨਾਲ ਗਿਆ ਹੈ। ਉਹ ਕਹਿੰਦੇ ਹਨ ਕਿ ਐਚ.ਐਸ.ਐਸ. ਅਤੇ ਵੀ.ਐਚ.ਪੀ. ਅਮਰੀਕਾ ਬਾਲ ਵਿਹਾਰ ਅਤੇ ਬਾਲ ਗੋਕੁਲਮ ਵਰਗੇ ਕੈਂਪਾਂ ਰਾਹੀਂ ਬੱਚਿਆਂ ਦੇ ਮਨਾਂ ਵਿੱਚ ਹਿੰਦੂਤਵ ਦੀਆਂ ਜੜ੍ਹਾਂ ਜਮਾਉਂਦੇ ਹਨ। ਇਹਨਾਂ ਵਿੱਚ ਗੈਰ-ਹਿੰਦੂਆਂ ਪ੍ਰਤੀ ਨਫਰਤ ਪੈਦਾ ਕੀਤੀ ਜਾਂਦੀ ਹੈ ਅਤੇ ਜਾਤੀਵਾਦ ਨੂੰ ਮਜ਼ਬੂਤ ਕੀਤਾ ਜਾਂਦਾ ਹੈ। ਇਹ ਰਿਪੋਰਟ 9/11 ਤੋਂ ਬਾਅਦ ਮੁਸਲਿਮ ਅਤੇ ਦੱਖਣੀ ਏਸ਼ੀਆਈ ਕਮਿਊਨਿਟੀਆਂ ਉੱਤੇ ਹੋ ਰਹੇ ਭੇਦਭਾਵ ਨੂੰ ਵੀ ਉਜਾਗਰ ਕਰਦੀ ਹੈ। ਅਮਰੀਕੀ ਚਿੰਤਕਾਂ ਨੇ ਇਸ ਨੂੰ 'ਨਸਲੀ-ਰਾਸ਼ਟਰਵਾਦੀ ਖ਼ਤਰਾ' ਕਿਹਾ ਹੈ, ਜੋ ਸਮਾਨਤਾ ਅਤੇ ਬਹੁਵਾਦ ਨੂੰ ਚੁਣੌਤੀ ਦਿੰਦਾ ਹੈ। ਇਸ ਲਈ ਆਰ.ਐਸ.ਐਸ. ਨੂੰ ਆਪਣਾ ਅਕਸ ਸੁਧਾਰਨ ਲਈ ਇਹ ਲਾਬਿੰਗ ਕਰਨੀ ਪੈ ਰਹੀ ਹੈ।

ਕੀ ਹੈ ਸੰਘ ਦੀ ਫੰਡਿੰਗ ਦਾ ਸਰੋਤ ?

ਆਰ.ਐਸ.ਐਸ. ਭਾਰਤ ਵਿੱਚ ਰਜਿਸਟਰਡ ਨਹੀਂ ਹੈ ਅਤੇ ਹਮੇਸ਼ਾ ਕਹਿੰਦੀ ਆਈ ਹੈ ਕਿ ਉਸ ਦੀ ਆਮਦਨ ਦਾ ਇੱਕੋ-ਇੱਕ ਸਰੋਤ 'ਗੁਰੂ ਦਕਸ਼ਿਣਾ' ਹੈ। ਇਹ ਉਹ ਪੈਸਾ ਹੈ ਜੋ ਸਵੈਮਸੇਵਕ ਆਪਣੇ 'ਗੁਰੂ' ਨੂੰ ਦਾਨ ਵਜੋਂ ਦਿੰਦੇ ਹਨ - ਬਿਨਾਂ ਕਿਸੇ ਕਿਸੇ ਲਿਖਤੀ ਹਿਸਾਬ ਦੇ। ਪਹਿਲਾਂ ਆਮਦਨ ਟੈਕਸ ਵਿਭਾਗ ਨੇ ਇਸ ਨੂੰ ਚੈੱਕ ਕੀਤਾ ਸੀ। ਤਦ ਇਨਕਮ ਟੈਕਸ ਅਪੀਲੇਟ ਟ੍ਰਿਬਿਊਨਲ ਨੇ ਕਿਹਾ ਸੀ: 'ਗੁਰੂ ਦਕਸ਼ਿਣਾ ਦੀ ਪਰੰਪਰਾ ਸ਼ਰਧਾ ਦੇ ਪਵਿੱਤਰ ਭਾਵ ਤੇ ਆਧਾਰਿਤ ਹੈ, ਇਸ ਲਈ ਟੈਕਸ ਵਿੱਚ ਛੋਟ ਦਿੱਤੀ ਜਾਂਦੀ ਹੈ।' ਪਰ ਹੁਣ ਇਹ ਪੈਸਾ ਅਮਰੀਕਾ ਵਿੱਚ ਲਾਬਿੰਗ ਲਈ ਵਰਤਿਆ ਜਾ ਰਿਹਾ ਹੈ - ਯਾਨੀ ਵਿਦੇਸ਼ੀ ਸਰਕਾਰ ਨੂੰ 'ਸਿੱਖਿਆ' ਦੇਣ ਲਈ। ਈ.ਏ.ਐਸ. ਸ਼ਰਮਾ ਸਾਬਕਾ ਭਾਰਤ ਸਰਕਾਰ ਸਕੱਤਰ, ਵਿੱਤ ਅਤੇ ਊਰਜਾ ਮੰਤਰਾਲੇ ਨੇ ਤਾਂ ਬਹੁਤ ਸਖ਼ਤੀ ਨਾਲ ਕਿਹਾ ਸੀ ਕਿ ਇਹ ਪੈਸਾ ਹੁਣ ਟੈਕਸ ਵਾਲਾ ਹੋ ਜਾਣਾ ਚਾਹੀਦਾ ਹੈ। ਉਹਨਾਂ ਨੇ ਸੀ.ਬੀ.ਡੀ.ਟੀ. ਅਤੇ ਈ.ਡੀ. ਨੂੰ ਲਿਖਿਆ ਹੈ ਕਿ ਇੱਕ ਦਾਨ ਉਪਰ ਪਲਣ ਵਾਲੀ ਸੰਸਥਾ ਕਿਵੇਂ ਅਜਿਹਾ ਵੱਡਾ ਖਰਚਾ ਕਰ ਸਕਦੀ ਹੈ ? ਕੀ ਗੁਰੂ ਦਕਸ਼ਿਣਾ ਵਿੱਚ ਵਿਦੇਸ਼ੀ ਡਾਲਰ ਘੁਲੇ ਜਾ ਰਹੇ ਹਨ ?

ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਤਾਂ ਇੱਕ ਪ੍ਰੋਗਰਾਮ ਵਿੱਚ ਕਿਹਾ: ਸੰਘ ਦਾ ਕੰਮ ਸਵੈਮਸੇਵਕਾਂ ਦੀ ਭਾਵਨਾ ਨਾਲ ਚੱਲਦਾ ਹੈ, ਗੁਰੂ ਦਕਸ਼ਿਣਾ ਸ਼ਰਧਾ ਤੇ ਸ਼ੁਭ ਵਿਚਾਰ ਨਾਲ ਸਬੰਧਿਤ ਹੈ। ਪਰ ਵਿਰੋਧੀ ਲੋਕ ਤਾਂ ਪੁੱਛ ਰਹੇ ਹਨ - ਇਹ ਸ਼ੁਭ ਵਿਚਾਰ ਵਾਲਾ ਪੈਸਾ ਅਮਰੀਕੀ ਕਾਂਗਰਸ ਤੱਕ ਕਿਵੇਂ ਪਹੁੰਚ ਗਿਆ ? ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਤਾਂ ਤਿੱਖੇ ਤੀਰ ਮਾਰੇ ਹਨ: ਰਾਸ਼ਟਰਵਾਦ ਦਾ ਉਪਦੇਸ਼ ਦੇਣ ਵਾਲੇ ਆਰ.ਐਸ.ਐਸ. ਨੇ ਪਾਕਿਸਤਾਨੀ ਲਾਬਿੰਗ ਫਰਮ ਨੂੰ ਕਿਉਂ ਹਾਇਰ ਕੀਤਾ - ਇਹ ਰਾਸ਼ਟਰਵਾਦ ਹੈ ਜਾਂ ਰਾਸ਼ਟਰ-ਵਿਰੋਧ ?

ਐਪੀਸੀਓ ਤੋਂ ਸਕਾਇਰ ਪੈਟਨ ਤੱਕ: ਪੁਰਾਣੇ ਵਿਵਾਦਾਂ ਵਾਲੀ ਫਰਮ ਦਾ ਨਾਮ ਨਵਾਂ ਰੰਗ

ਦਿਲਚਸਪ ਗੱਲ ਇਹ ਹੈ ਕਿ ਇਹ ਫਰਮ ਨਵੀਂ ਨਹੀਂ ਹੈ। 2007 ਵਿੱਚ ਤਾਂ ਨਰਿੰਦਰ ਮੋਦੀ (ਉਸ ਵੇਲੇ ਗੁਜਰਾਤ ਮੁੱਖ ਮੰਤਰੀ) ਨੇ ਵੀ ਐਪੀਸੀਓ ਵਰਲਡਵਾਈਡ ਨੂੰ ਹਾਇਰ ਕੀਤਾ ਸੀ ਆਪਣਾ ਸਿਆਸੀ ਵਾਜੂਦ ਬਿਹਤਰ ਬਣਾਉਣ ਲਈ। ਐਪੀਸੀਓ ਤਾਂ ਕਈ ਤਾਨਾਸ਼ਾਹਾਂ ਅਤੇ ਜੰਗ-ਸਮਰਥਕ ਮੁਹਿੰਮਾਂ ਨਾਲ ਜੁੜੀ ਰਹੀ ਹੈ। ਇਹ ਫਰਮ ਇੱਕੋ ਵਾਰ ਵਿੱਚ ਪਾਕਿਸਤਾਨ ਅਤੇ ਆਰ.ਐਸ.ਐਸ. ਲਈ ਕੰਮ ਕਰ ਰਹੀ ਹੈ। ਟੀ.ਆਰ.ਟੀ. ਵਰਲਡ ਨੇ ਤਾਂ ਇਸ ਨੂੰ 'ਵਿਦੇਸ਼ੀ ਦਖਲਅੰਦਾਜ਼ੀ' ਕਿਹਾ ਹੈ।

ਅਮਰੀਕੀ ਅਖ਼ਬਾਰਾਂ ਅਤੇ ਚਿੰਤਕਾਂ ਦੀ ਨਜ਼ਰ: 'ਪ੍ਰਿਜ਼ਮ ਰਿਪੋਰਟਸ' ਨੇ ਲਿਖਿਆ: ਆਰ.ਐਸ.ਐਸ. ਨੇ ਪਹਿਲੀ ਵਾਰ ਅਮਰੀਕੀ ਕਾਂਗਰਸ ਨੂੰ ਪ੍ਰਭਾਵਿਤ ਕਰਨ ਲਈ ਲਾਬਿੰਗ ਫਰਮ ਹਾਇਰ ਕੀਤੀ, **(ਬਾਕੀ ਸਫ਼ਾ 26 'ਤੇ)**

ਅਗਲੇ 10 ਸਾਲਾਂ ਵਿੱਚ ਛਿੜ ਸਕਦੀ ਹੈ ਤੀਜੀ ਵਿਸ਼ਵ ਜੰਗ: ਐਲਨ ਮਸਕ

ਵਾਸ਼ਿੰਗਟਨ/ਏ.ਟੀ.ਨਿਊਜ਼: ਟੈਸਲਾ ਅਤੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਦੇ ਮਾਲਕ ਅਰਬਪਤੀ ਐਲਨ ਮਸਕ ਨੇ ਇੱਕ ਵਾਰ ਫਿਰ ਦੁਨੀਆ ਦੇ ਭਵਿੱਖ ਨੂੰ ਲੈ ਕੇ ਗੰਭੀਰ ਚਿਤਾਵਨੀ ਦਿੱਤੀ ਹੈ। ਜਨਸੰਖਿਆ 'ਚ ਗਿਰਾਵਟ, ਆਰਟੀਫੀਸ਼ੀਅਲ ਇੰਟੈਲੀਜੈਂਸ (ਏ. ਆਈ.) ਅਤੇ ਮਨੁੱਖਤਾ ਦੇ ਭਵਿੱਖ ਬਾਰੇ ਖੁੱਲ੍ਹ ਕੇ ਚਰਚਾ ਕਰਨ ਵਾਲੇ ਮਸਕ ਨੇ ਹੁਣ ਦਾਅਵਾ ਕੀਤਾ ਹੈ ਕਿ ਆਉਣ ਵਾਲੇ 5 ਤੋਂ 10 ਸਾਲਾਂ ਦੇ ਅੰਦਰ ਦੁਨੀਆ ਇੱਕ ਵੱਡੀ ਜੰਗ 'ਚ ਫਸ ਸਕਦੀ ਹੈ, ਜਿਸ ਨਾਲ ਪ੍ਰਮਾਣੂ ਟਕਰਾਅ ਵੀ ਹੋ ਸਕਦਾ ਹੈ।

ਮਸਕ ਨੇ ਇਹ ਟਿੱਪਣੀ ਐਕਸ 'ਤੇ ਇੱਕ ਯੂਜ਼ਰ ਵੱਲੋਂ ਇੱਕ ਪੋਸਟ ਦੇ ਜਵਾਬ 'ਚ ਕੀਤੀ। ਇਹ ਯੂਜ਼ਰ ਹੰਟਰ ਐਸ਼ ਨਾਮ ਨਾਲ ਸਰਗਰਮ ਸੀ, ਜਿਸ ਨੇ ਦਾਅਵਾ ਕੀਤਾ ਸੀ ਕਿ ਦੁਨੀਆ ਦੀਆਂ ਸਰਕਾਰਾਂ ਹੁਣ ਪਹਿਲਾਂ ਵਾਂਗ ਪ੍ਰਭਾਵਸ਼ਾਲੀ ਨਹੀਂ ਰਹੀਆਂ ਕਿਉਂਕਿ ਉਨ੍ਹਾਂ ਨੂੰ ਕਿਸੇ ਵੱਡੀ ਵਿਦੇਸ਼ੀ ਜੰਗ ਦਾ ਖ਼ਤਰਾ ਨਹੀਂ ਹੈ। ਇਸ ਬਹਿਸ 'ਚ ਦਖਲ ਦਿੰਦੇ ਹੋਏ ਮਸਕ ਨੇ ਲਿਖਿਆ ਕਿ ਦੁਨੀਆ ਜਲਦ ਹੀ ਇੱਕ ਵਿਸ਼ਵਵਿਆਪੀ ਟਕਰਾਅ ਵੱਲ ਵਧ ਰਹੀ ਹੈ।

2030 ਤੱਕ ਜੰਗ ਭੜਕਣ ਦੀ ਪ੍ਰਗਟਾਈ ਸੰਭਾਵਨਾ

ਪੋਸਟ ਦੇ ਜਵਾਬ 'ਚ ਮਸਕ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ 'ਜੰਗ ਅਟੱਲ ਹੈ।' 5 ਸਾਲ, ਵੱਧ ਤੋਂ ਵੱਧ 10 ਸਾਲ।' ਮਤਲਬ ਇਹ ਕਿ ਮਸਕ ਅਨੁਸਾਰ 2030 ਤੱਕ ਕਿਸੇ ਵੱਡੀ ਜੰਗ ਦੇ ਸ਼ੁਰੂ ਹੋਣ ਦੀ ਸੰਭਾਵਨਾ ਹੈ। ਉਸਨੇ ਆਪਣੇ ਬਿਆਨ 'ਚ ਕਿਸੇ ਖਾਸ ਦੇਸ਼ ਜਾਂ ਖੇਤਰ ਦਾ ਨਾਂ ਨਹੀਂ ਲਿਆ ਪਰ ਉਨ੍ਹਾਂ ਦੀ ਟਿੱਪਣੀ ਤੋਂ ਬਾਅਦ ਬਹਿਸ ਸ਼ੁਰੂ ਹੋ ਗਈ ਹੈ ਕਿ ਆਖਿਰ ਮਸਕ ਦੇ ਕਿਸ ਤਰ੍ਹਾਂ ਦੇ ਟਕਰਾਅ ਦਾ ਜ਼ਿਕਰ ਕਰ ਰਹੇ ਹਨ।

ਐਕਸ ਦੇ ਏ. ਆਈ. ਸਿਸਟਮ, 'ਗ੍ਰੋਕ' ਨੇ ਵੀ ਮਸਕ ਦੇ ਪਹਿਲਾਂ ਦਿੱਤੇ ਬਿਆਨਾਂ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਅਰਬਪਤੀ ਉੱਦਮੀ ਪਹਿਲਾਂ ਹੀ ਗਲੋਬਲ ਸਨੇਰੀਏ ਨੂੰ ਲੈ ਕੇ ਚਿੰਤਾ ਪ੍ਰਗਟ ਕਰ ਚੁੱਕੇ ਹਨ। ਉਨ੍ਹਾਂ ਅਨੁਸਾਰ ਯੂਰਪ ਅਤੇ ਬ੍ਰਿਟੇਨ 'ਚ ਮਾਈਗ੍ਰੇਸ਼ਨ ਸੰਕਟ ਕਾਰਨ ਇੱਕ ਗ੍ਰਹਿ ਯੁੱਧ ਵਰਗੇ ਹਾਲਾਤ ਪੈਦਾ ਹੋ ਸਕਦੇ ਹਨ। ਅਮਰੀਕਾ ਅਤੇ ਚੀਨ ਵਿਚਕਾਰ ਤਾਈਵਾਨ ਨੂੰ ਲੈ ਕੇ ਜੰਗ ਛਿੜ ਸਕਦੀ ਹੈ। ਯੂਕ੍ਰੇਨ 'ਚ ਜਾਰੀ ਟਕਰਾਅ ਤੀਜੇ ਵਿਸ਼ਵ ਯੁੱਧ 'ਚ ਬਦਲ ਸਕਦਾ ਹੈ। ਮਸਕ ਇਸ ਤੋਂ ਪਹਿਲਾਂ ਵੀ ਚਿਤਾਵਨੀ ਦੇ ਚੁੱਕੇ ਹਨ ਕਿ ਦਿੱਤੀ ਹੈ ਕਿ ਪ੍ਰਮਾਣੂ ਵਿਰੋਧੀ ਸਮਰੱਥਾ ਦੇ ਬਾਵਜੂਦ ਦੁਨੀਆ 'ਚ ਤਣਾਅ ਘੱਟ ਹੋਣ ਦੀ ਬਜਾਏ ਵਧ ਰਿਹਾ ਹੈ।

ਅੰਤਰਰਾਸ਼ਟਰੀ ਸੁਰੱਖਿਆ ਮਾਹਿਰਾਂ ਨੇ ਵੀ ਪ੍ਰਗਟਾਈ ਹੈ ਵੱਡੀ ਜੰਗ ਦੀ ਸੰਭਾਵਨਾ

ਐਲਨ ਮਸਕ ਦੀ ਇਸ ਚਿਤਾਵਨੀ ਤੋਂ ਬਾਅਦ ਅੰਤਰਰਾਸ਼ਟਰੀ ਸੁਰੱਖਿਆ ਮਾਹਿਰਾਂ ਨੇ ਵੀ ਸਥਿਤੀ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਕਈ ਮਾਹਿਰ ਮੰਨਦੇ ਹਨ ਕਿ ਮਸਕ ਦਾ ਬਿਆਨ ਸਿਰਫ ਅਟਕਲ ਨਹੀਂ ਸਗੋਂ ਮੌਜੂਦਾ ਭੂ-ਰਾਜਨੀਤਕ ਮਾਹੌਲ ਦੀ ਸਪੱਸ਼ਟ ਝਲਕ ਹੈ।

ਅੰਤਰਰਾਸ਼ਟਰੀ ਸੁਰੱਖਿਆ ਮਾਹਿਰ ਮੈਥਿਊ ਬਾਰਟਨ ਕਹਿੰਦੇ ਹਨ ਕਿ ਤਾਈਵਾਨ, ਯੂਕ੍ਰੇਨ ਅਤੇ ਮੱਧ ਪੂਰਬ 'ਚ ਹਾਲਾਤ ਪਹਿਲਾਂ ਤੋਂ ਹੀ ਵਿਸਫੋਟਕ ਹਨ। ਵਧਦੇ ਤਣਾਅ ਕਾਰਨ ਵਿਸ਼ਵ ਜੰਗ ਦਾ ਜੋਖਮ ਪਹਿਲਾਂ ਤੋਂ ਕਿਤੇ ਜ਼ਿਆਦਾ ਹੈ। ਨਿਊਕਲੀਅਰ ਸਟ੍ਰੈਟੇਜੀ ਖੋਜਕਰਤਾ ਡਾ. ਹੰਨਾ ਵਿਲਸਨ ਕਹਿੰਦੀ ਹੈ ਕਿ ਸੀਤ ਜੰਗ (ਕੋਲਡ ਵਾਰ) ਦੇ ਸਮੇਂ ਇਹ ਮੰਨਿਆ ਜਾਂਦਾ ਸੀ ਕਿ ਪ੍ਰਮਾਣੂ ਹਥਿਆਰ ਜੰਗ ਰੋਕਣ 'ਚ ਮਦਦ ਕਰਦੇ ਹਨ ਪਰ ਅੱਜ ਦੀ ਦੁਨੀਆ 'ਚ ਗਲਤਫਹਿਮੀਆਂ ਅਤੇ ਸਾਇਬਰ ਅਟੈਕ ਦਾ ਖ਼ਤਰਾ ਕਿਤੇ ਜ਼ਿਆਦਾ ਹੈ।

ਇੱਕ ਗਲਤੀ ਵੀ ਵੱਡੀ ਜੰਗ ਨੂੰ ਜਨਮ ਦੇ ਸਕਦੀ ਹੈ। ਉਹ ਦੱਸਦੀ ਹੈ ਕਿ ਰੂਸ, ਅਮਰੀਕਾ, ਚੀਨ, ਉੱਤਰੀ ਕੋਰੀਆ ਅਤੇ ਭਾਰਤ-ਪਾਕਿ ਵਰਗੇ ਪਰਮਾਣੂ ਦੇਸ਼ਾਂ 'ਚ ਮਤਭੇਦ ਵਧਣ ਨਾਲ ਹਾਲਾਤ ਹੋਰ ਖਤਰਨਾਕ ਹੋ ਗਏ ਹਨ। ਹਾਲਾਂਕਿ ਮਸਕ ਨੇ ਆਪਣੀ ਨਵੀਂ ਪੋਸਟ 'ਚ ਕਿਸੇ ਦੇਸ਼ ਦੇ ਟਕਰਾਅ ਜਾਂ ਕਾਰਨ ਦਾ ਜ਼ਿਕਰ ਨਹੀਂ ਕੀਤਾ ਪਰ ਗਲੋਬਲ ਸਨੇਰੀਓ 'ਚ ਅਮਰੀਕਾ-ਚੀਨ ਮੁਕਾਬਲੇਬਾਜ਼ੀ, ਰੂਸ-ਯੂਕ੍ਰੇਨ ਜੰਗ ਅਤੇ ਯੂਰਪੀ ਦੇਸ਼ਾਂ 'ਚ ਰਾਜਨੀਤਕ ਧਰੁਵੀਕਰਣ ਵਰਗੀ ਸਥਿਤੀਆਂ ਪਹਿਲਾਂ ਤੋਂ ਹੀ ਗੰਭੀਰ ਹਨ। ਅਜਿਹੇ 'ਚ ਮਸਕ ਦਾ ਬਿਆਨ ਦੁਨੀਆ ਦੇ ਰਣਨੀਤਕ ਮਾਹਿਰਾਂ ਅਤੇ ਸਰਕਾਰਾਂ 'ਚ ਨਵੀਂ ਚਰਚਾ ਨੂੰ ਜਨਮ ਦੇ ਰਿਹਾ ਹੈ।

ਅਮਰੀਕਾ ਨੇ ਐੱਚ-1ਬੀ ਵੀਜ਼ਾਧਾਰਕਾਂ ਲਈ ਜਾਂਚ ਦਾ ਘੇਰਾ ਵਧਾਇਆ

ਨਿਊਯਾਰਕ/ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਸਰਕਾਰ ਨੇ ਐੱਚ-1ਬੀ ਵੀਜ਼ਾ ਅਰਜ਼ੀਕਾਰਾਂ ਅਤੇ ਉਨ੍ਹਾਂ 'ਤੇ ਨਿਰਭਰ ਐੱਚ-4 ਵੀਜ਼ਾਧਾਰਕਾਂ ਲਈ ਜਾਂਚ ਅਤੇ ਤਸਦੀਕ ਦਾ ਅਮਲ ਸਖ਼ਤ ਕਰ ਦਿੱਤਾ ਹੈ। ਨਵੇਂ ਨਿਰਦੇਸ਼ਾਂ ਤਹਿਤ ਸਾਰੇ ਅਰਜ਼ੀਕਾਰਾਂ ਨੂੰ ਆਪਣੇ ਸੋਸ਼ਲ ਮੀਡੀਆ ਪ੍ਰੋਫਾਈਲਾਂ ਦੀ ਨਿੱਜਤਾ ਸੈਟਿੰਗਜ਼ ਜਨਤਕ (ਪਬਲਿਕ) ਰੱਖਣ ਲਈ ਕਿਹਾ ਗਿਆ ਹੈ। ਭਾਰਤੀ ਮਾਹਿਰ ਖਾਸ ਕਰ ਕੇ ਤਕਨਾਲੋਜੀ ਵਰਕਰ ਅਤੇ ਡਾਕਟਰ ਐੱਚ-1ਬੀ ਵੀਜ਼ੇ ਦੇ ਸਭ ਤੋਂ ਵੱਡੇ ਲਾਭਪਾਤਰੀ ਹਨ ਅਤੇ ਉਨ੍ਹਾਂ ਨੂੰ ਇਸ ਨਵੇਂ ਹੁਕਮ ਦੀ ਪਾਲਣਾ ਕਰਨੀ ਪਵੇਗੀ।

ਵਿਦੇਸ਼ ਵਿਭਾਗ ਨੇ ਪਿਛਲੇ ਦਿਨੀਂ ਜਾਰੀ ਕੀਤੇ ਨਵੇਂ ਹੁਕਮ 'ਚ ਕਿਹਾ ਕਿ 15 ਦਸੰਬਰ ਤੋਂ ਸਾਰੇ ਐੱਚ-1ਬੀ ਅਰਜ਼ੀਕਾਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਆਨਲਾਈਨ ਹਾਜ਼ਰੀ ਦੀ ਨਜ਼ਰਸਾਨੀ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਵਿਦਿਆਰਥੀ (ਐੱਫ, ਐੱਮ) ਅਤੇ ਐਕਸਚੇਂਜ ਵਿਜ਼ਿਟਰ (ਜੇ ਵੀਜ਼ਾ) ਅਜਿਹੀ ਜਾਂਚ ਦੇ ਘੇਰੇ 'ਚ ਸਨ ਜਿਸ ਨੂੰ ਹੁਣ ਐੱਚ-1ਬੀ ਅਤੇ ਐੱਚ-4 ਵੀਜ਼ਾ ਤੱਕ ਵਧਾ ਦਿੱਤਾ ਗਿਆ ਹੈ। ਵਿਦੇਸ਼ ਵਿਭਾਗ ਨੇ ਕਿਹਾ ਕਿ ਅਮਰੀਕੀ ਵੀਜ਼ਾ ਕੋਈ ਹੱਕ ਨਹੀਂ ਸਗੋਂ ਵਿਸ਼ੇਸ਼ ਅਧਿਕਾਰ ਹੈ ਤੇ ਕੌਮੀ ਸੁਰੱਖਿਆ ਦੇ ਹਿੱਤ 'ਚ ਸਾਰੀ ਜਾਣਕਾਰੀ ਦੀ ਵਰਤੋਂ ਕਰ ਕੇ ਅਰਜ਼ੀਕਾਰਾਂ ਦੀ ਡੂੰਘੀ ਪੜਤਾਲ ਕੀਤੀ ਜਾਂਦੀ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਹਰ ਵੀਜ਼ਾ ਫ਼ੈਸਲਾ ਕੌਮੀ ਸੁਰੱਖਿਆ ਦਾ ਮਾਮਲਾ ਹੈ।

ਅਮਰੀਕਾ ਨੇ ਵਰਕ ਪਰਮਿਟ 5 ਸਾਲ ਤੋਂ ਘਟਾ ਕੇ 18 ਮਹੀਨੇ ਕੀਤਾ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਨੇ ਇੱਕ ਵਾਰ ਫਿਰ ਇਮੀਗ੍ਰੇਸ਼ਨ ਵਾਲੇ ਨਿਯਮਾਂ ਵਿੱਚ ਵੱਡਾ ਬਦਲਾਅ ਕਰ ਦਿੱਤਾ ਹੈ। ਟਰੰਪ ਦੇ ਨਵੇਂ ਪ੍ਰਸ਼ਾਸਨ ਨੇ ਬੀਤੇ ਦਿਨੀਂ ਐਲਾਨ ਕੀਤਾ ਸੀ ਕਿ ਹੁਣ ਸ਼ਰਨਾਰਥੀਆਂ, ਪਨਾਹ ਮੰਗਣ ਵਾਲਿਆਂ ਤੇ ਬਾਕੀ ਜਾਇਜ਼ ਤਰੀਕੇ ਨਾਲ ਰਹਿਣ ਵਾਲੇ ਬੰਦਿਆਂ ਦੇ ਵਰਕ ਪਰਮਿਟ ਦੀ ਜ਼ਿਆਦਾ ਤੋਂ ਜ਼ਿਆਦਾ ਵੈਲਿਡਿਟੀ 5 ਸਾਲ ਤੋਂ ਘਟਾ ਕੇ ਸਿਰਫ਼ 18 ਮਹੀਨੇ ਕਰ ਦਿੱਤੀ ਗਈ ਹੈ।ਯਾਨੀ ਹੁਣ ਹਰ 18 ਮਹੀਨੇ ਬਾਅਦ ਬੰਦੇ ਨੂੰ ਲਾਈਨ ਵਿੱਚ ਲੱਗ ਕੇ ਰੀਨਿਊ ਕਰਾਉਣਾ ਪਵੇਗਾ। ਪਹਿਲਾਂ 5 ਸਾਲ ਤੱਕ ਚੈਨ ਨਾਲ ਕੰਮ ਕਰ ਲੈਂਦੇ ਸੀ, ਹੁਣ ਹਰ ਡੇਢ ਸਾਲ ਬਾਅਦ ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸ ਵਾਲੇ ਜਾਂਚ ਕਰਨਗੇ - ਕਿ ਵਿਅਕਤੀ ਗ਼ੈਰ ਕਨੂੰਨੀ ਕੰਮਾਂ ਵਿੱਚ ਹਿੱਸਾ ਤਾਂ ਨਹੀਂ ਲੈਂਦਾ? ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸ ਵਾਲਿਆਂ ਨੇ ਕਿਹਾ ਕਿ ਇਹ ਸਾਰਾ ਕੁਝ ਨੈਸ਼ਨਲ ਸਿਕਿਓਰਿਟੀ ਦੇ ਨਾਂਅ 'ਤੇ ਕੀਤਾ ਜਾ ਰਿਹਾ ਹੈ। ਪਿਛਲੇ ਹਫ਼ਤੇ ਵਾਸ਼ਿੰਗਟਨ ਵਿੱਚ ਨੈਸ਼ਨਲ ਗਾਰਡ ਦੇ ਦੋ ਜਵਾਨਾਂ 'ਤੇ ਹਮਲੇ ਦਾ ਵੀ ਹਵਾਲਾ ਦਿੱਤਾ ਗਿਆ। ਅਰਥਾਤ ਅਮਰੀਕਾ ਸਿਰਫ਼ ਸੁਰੱਖਿਆ ਵਧਾਉਣ ਲਈ ਸਖ਼ਤੀ ਕਰ ਰਿਹਾ ਹੈ। ਹੁਣ ਜਿਹੜੇ ਬੰਦੇ ਟੈਂਪਰੇਰੀ ਪ੍ਰੋਟੈਕਟਿਡ ਸਟੇਟਸ ਪੈਰੋਲ ਜਾਂ ਪੈਂਡਿੰਗ ਐਸਾਈਲਮ ਵਾਲੇ ਨੇ,

(ਬਾਕੀ ਸਫ਼ਾ 27 'ਤੇ)

ਅਮਰੀਕਾ ਸਰਕਾਰ ਨੇ ਛਾਂਟੀ ਕੀਤੇ ਮੁਲਾਜ਼ਮ ਮੁੜ ਕੀਤੇ ਬਹਾਲ

ਵਾਸ਼ਿੰਗਟਨ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਨੇ ਸਿੱਖਿਆ ਵਿਭਾਗ ਦੇ ਉਨ੍ਹਾਂ ਦਰਜਨਾਂ ਮੁਲਾਜ਼ਮਾਂ ਨੂੰ ਵਾਪਸ ਕੰਮ 'ਤੇ ਸੱਦ ਲਿਆ ਹੈ, ਜਿਨ੍ਹਾਂ ਦੀ ਛਾਂਟੀ ਕੀਤੀ ਜਾਣੀ ਸੀ। ਵਿਭਾਗ ਨੇ ਇਹ ਫੈਸਲਾ ਸਕੂਲਾਂ ਅਤੇ ਕਾਲਜਾਂ ਵਿੱਚ ਵਿਤਕਰੇ ਦੀਆਂ ਵਧਦੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਕੀਤਾ ਹੈ। ਇਹ ਕਰਮਚਾਰੀ 15 ਦਸੰਬਰ ਤੋਂ ਡਿਊਟੀ ਸੰਭਾਲਣਗੇ। ਜਾਣਕਾਰੀ ਅਨੁਸਾਰ ਸਿਵਲ ਰਾਈਟਸ ਦਫ਼ਤਰ ਵਿੱਚ ਕਰੀਬ 25,000 ਸ਼ਿਕਾਇਤਾਂ ਬਕਾਇਆ ਹਨ। ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਹੁਦਾ ਸੰਭਾਲਿਆ ਸੀ ਤਾਂ 20,000 ਕੇਸ ਬਕਾਇਆ ਸਨ, ਪਰ ਸਟਾਫ ਘਟਾਉਣ ਕਾਰਨ ਇਹ ਗਿਣਤੀ ਹੋਰ ਵਧ ਗਈ। ਸਰਕਾਰ ਹਾਲੇ ਵੀ ਵਿਭਾਗ ਵਿੱਚ ਕਰਮਚਾਰੀ ਘਟਾਉਣ ਦੇ ਹੱਕ ਵਿੱਚ ਹੈ, ਪਰ ਕਾਨੂੰਨੀ ਅੜਿੱਕੇ ਦੂਰ ਹੋਣ ਤੱਕ ਕਰਮਚਾਰੀਆਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ।

ਅਮਰੀਕਾ ਸਰਕਾਰ ਨੇ ਮੁੜ ਲਗਾਈਆਂ ਵੀਜ਼ਾ ਪਾਬੰਦੀਆਂ

ਵਾਸ਼ਿੰਗਟਨ/ਏ.ਟੀ.ਨਿਊਜ਼: ਡੋਨਾਲਡ ਟਰੰਪ ਪ੍ਰਸ਼ਾਸਨ ਨੇ ਅਮਰੀਕੀ ਦੂਤਾਵਾਸ ਦੇ ਅਧਿਕਾਰੀਆਂ ਨੂੰ ਅਜਿਹੇ ਬਿਨੈਕਾਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਨ ਦਾ ਨਿਰਦੇਸ਼ ਦਿੱਤਾ ਹੈ ਜਿਨ੍ਹਾਂ ਨੇ ਫੈਕਟ-ਚੈਕਿੰਗ, ਕੰਟੈਂਟ ਮਾਡਰੇਸ਼ਨ, ਕੰਪਲਾਇੰਸ ਜਾਂ ਆਨਲਾਈਨ ਸੇਫਟੀ ਨਾਲ ਜੁੜੇ ਅਹੁਦਿਆਂ 'ਤੇ ਕੰਮ ਕੀਤਾ ਹੈ। ਇਸ ਗੱਲ ਦੀ ਜਾਣਕਾਰੀ ਰਾਇਟਰਜ਼ ਨੇ ਵਿਦੇਸ਼ ਵਿਭਾਗ ਦੇ ਇੱਕ ਮੈਮੋ ਦੇ ਹਵਾਲੇ ਨਾਲ ਦਿੱਤੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਇਨ੍ਹਾਂ ਨਵੀਆਂ ਵੀਜ਼ਾ ਪਾਬੰਦੀਆਂ ਦਾ ਟੈਕਨਾਲੋਜੀ ਵਰਕਰਾਂ 'ਤੇ, ਖਾਸ ਕਰਕੇ ਭਾਰਤ ਵਰਗੇ ਦੇਸ਼ਾਂ ਤੋਂ ਅਰਜ਼ੀ ਦੇਣ ਵਾਲਿਆਂ 'ਤੇ ਬਹੁਤ ਜ਼ਿਆਦਾ ਅਸਰ ਪਵੇਗਾ। ਮੈਮੋ 'ਚ ਕੌਂਸਲਰ

ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਅਜਿਹੇ ਕਿਸੇ ਵੀ ਵਿਅਕਤੀ ਨੂੰ ਵੀਜ਼ਾ ਨਾ ਦੇਣ ਜਿਸਨੂੰ ਸੰਯੁਕਤ ਰਾਜ ਅਮਰੀਕਾ 'ਚ ਸੁਰੱਖਿਅਤ ਪ੍ਰਗਟਾਵੇ ਦੀ ਸੈਂਸਰਸ਼ਿਪ ਜਾਂ ਸੈਂਸਰਸ਼ਿਪ ਦੀ ਕੋਸ਼ਿਸ਼ ਲਈ ਜ਼ਿੰਮੇਵਾਰ ਜਾਂ ਇਸ ਵਿੱਚ ਸ਼ਾਮਲ ਪਾਇਆ ਜਾਵੇ।

ਇਹ ਨਿਰਦੇਸ਼ ਪੱਤਰਕਾਰਾਂ ਤੇ ਸੈਲਾਨੀਆਂ ਸਮੇਤ ਹਰ ਤਰ੍ਹਾਂ ਦੇ ਵੀਜ਼ਾ 'ਤੇ ਲਾਗੂ ਹੁੰਦਾ ਹੈ ਪਰ ਇਸਦਾ ਮੁੱਖ ਫੋਕਸ 8-12 ਵੀਜ਼ਾ 'ਤੇ ਹੈ ਜੋ ਆਮ ਤੌਰ 'ਤੇ ਟੈਕਨਾਲੋਜੀ ਅਤੇ ਸੰਬੰਧਿਤ ਸੈਕਟਰ ਵਿੱਚ ਜ਼ਿਆਦਾ ਹੁਨਰਮੰਦ ਵਿਦੇਸ਼ੀ ਕਰਮਚਾਰੀਆਂ ਨੂੰ ਦਿੱਤਾ ਜਾਂਦਾ ਹੈ।

ਬਿਨੈਕਾਰਾਂ ਦੀ ਹੋਵੇਗੀ ਜਾਂਚ

ਗਲਤ ਸੂਚਨਾ ਨਾਲ ਮੁਕਾਬਲਾ ਕਰਨ, ਕੰਟੈਂਟ ਮਾਡਰੇਸ਼ਨ, ਟਰੱਸਟ ਤੇ ਸੇਫਟੀ ਅਤੇ ਕੰਪਲਾਇੰਸ ਵਰਗੀਆਂ ਗਤੀਵਿਧੀਆਂ 'ਚ ਸ਼ਾਮਲ ਹੋਣ ਲਈ

(ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪ੍ਰਭਜੀਤ ਸਿੰਘ ਗਿੱਲ ਦੀ ਮੈਲਬੋਰਨ 'ਚ ਵੱਡੀ ਜਿੱਤ

ਸਿੱਖ ਨੌਜਵਾਨ ਨੇ ਦਾੜ੍ਹੀ ਦੀ ਲੜਾਈ ਜਿੱਤੀ - ਐਂਬੂਲੈਂਸ ਵਿਕਟੋਰੀਆ ਝੁੱਕੀ

➢ ਠਾਠਾ ਬੰਨਕੇ ਮਾਸਕ ਪਾਉਣ ਦੀ ਆਸਟ੍ਰੇਲੀਆ ਵਿੱਚ ਮਿਲੀ ਮਾਨਤਾ ➢ ਪੂਰਨ ਸਿੱਖ ਹੁਣ ਐਂਬੂਲੈਂਸ ਸੇਵਾ 'ਚ ਨੌਕਰੀ ਕਰ ਸਕਣਗੇ

19 ਸਾਲਾਂ ਦੇ ਸਿੱਖ ਵਿਦਿਆਰਥੀ ਪ੍ਰਭਜੀਤ ਗਿੱਲ ਨੇ ਆਸਟ੍ਰੇਲੀਆ ਦੀ ਸਰਕਾਰੀ ਐਂਬੂਲੈਂਸ ਸੇਵਾ, ਐਂਬੂਲੈਂਸ ਵਿਕਟੋਰੀਆ, ਨੂੰ ਝੁਕਾ ਕੇ ਇੱਕ ਵੱਡੀ ਜਿੱਤ ਹਾਸਲ ਕੀਤੀ ਹੈ। ਇਹ ਜਿੱਤ ਨਾ ਸਿਰਫ਼ ਪ੍ਰਭਜੀਤ ਸਿੰਘ ਲਈ ਹੈ, ਸਗੋਂ ਆਸਟ੍ਰੇਲੀਆ ਵਿੱਚ ਵੱਸਦੇ ਸਾਰੇ ਸਿੱਖਾਂ ਅਤੇ ਹੋਰ ਧਾਰਮਿਕ ਘੱਟ ਗਿਣਤੀ ਵਾਲੇ ਲੋਕਾਂ ਲਈ ਇੱਕ ਮਿਸਾਲ ਹੈ। ਪ੍ਰਭਜੀਤ ਮੋਨੈਸ਼ ਯੂਨੀਵਰਸਿਟੀ ਵਿੱਚ ਪੈਰਾਮੈਡਿਕ (ਐਮਰਜੈਂਸੀ ਮੈਡੀਕਲ ਸੇਵਾ) ਦੀ ਪੜ੍ਹਾਈ ਕਰ ਰਿਹਾ ਹੈ। ਉਸ ਨੂੰ ਆਪਣੀ ਪੜ੍ਹਾਈ ਦੇ ਹਿੱਸੇ ਵਜੋਂ ਐਂਬੂਲੈਂਸ ਵਿਕਟੋਰੀਆ ਵਿੱਚ ਆਨ-ਜੌਬ ਟ੍ਰੇਨਿੰਗ (ਪਲੇਸਮੈਂਟ) ਮਿਲੀ ਸੀ। ਪਰ ਪਹਿਲੇ ਹੀ ਦਿਨ ਉਸ ਨੂੰ ਆਪਣੀ ਦਾੜ੍ਹੀ ਕਾਰਨ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ ਸੀ। ਅਧਿਕਾਰੀਆਂ ਨੇ ਉਸ ਨੂੰ ਕਿਹਾ ਸੀ ਕਿ ਜੇਕਰ ਉਹ ਪੀਪੀਈ ਮਾਸਕ (ਪਰਸਨਲ ਪ੍ਰੋਟੈਕਟਿਵ ਇਕੁਇਪਮੈਂਟ) ਨੂੰ ਠੀਕ ਤਰ੍ਹਾਂ ਫਿੱਟ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਦਾੜ੍ਹੀ ਮੁੰਡਾਉਣੀ ਪਵੇਗੀ। ਪ੍ਰਭਜੀਤ ਨੇ ਇਸ ਨੂੰ ਠੁਕਰਾ ਦਿੱਤਾ ਅਤੇ ਆਪਣੇ ਧਰਮ ਦੇ ਅਨੁਸਾਰ ਦਾੜ੍ਹੀ ਰੱਖਣ ਦੇ ਹੱਕ ਲਈ ਲੜਾਈ ਲੜੀ। ਇਸ ਲੜਾਈ ਵਿੱਚ ਉਸ ਨੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਵਿੱਚ ਕੇਸ ਦਾਇਰ ਕੀਤਾ ਅਤੇ ਅੰਤ ਵਿੱਚ ਜਿੱਤ ਪ੍ਰਾਪਤ ਕੀਤੀ। ਐਂਬੂਲੈਂਸ ਵਿਕਟੋਰੀਆ ਨੇ ਆਪਣੀ ਨੀਤੀ ਬਦਲ ਲਈ ਅਤੇ ਹੁਣ ਧਾਰਮਿਕ ਜਾਂ ਸੱਭਿਆਚਾਰਕ ਕਾਰਨਾਂ ਕਰਕੇ ਦਾੜ੍ਹੀ ਰੱਖਣ ਵਾਲੇ ਲੋਕਾਂ ਲਈ ਖਾਸ ਵਿਧੀ ਨੂੰ ਮਨਜ਼ੂਰ ਕਰ ਲਿਆ ਹੈ।

ਪ੍ਰਭਜੀਤ ਸਿੰਘ ਦਾ ਕਹਿਣਾ ਹੈ ਕਿ ਉਹ ਅੱਠ ਸਾਲਾਂ ਦੀ ਉਮਰ ਤੋਂ ਹੀ ਪੈਰਾਮੈਡਿਕ ਬਣਨ ਦਾ ਸੁਪਨਾ ਵੇਖ ਰਿਹਾ ਸੀ। ਉਹ ਆਸਟ੍ਰੇਲੀਆ ਵਿੱਚ ਵੱਸਦੇ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ ਅਤੇ ਉਸ ਦੇ ਧਰਮ ਵਿੱਚ ਦਾੜ੍ਹੀ ਅਤੇ ਵਾਲ ਨਾ ਕੱਟਣਾ ਇੱਕ ਲਾਜ਼ਮੀ ਹਿੱਸਾ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਆਪਣੇ ਕੇਸ ਰੋਮ ਨੂੰ ਕੁਦਰਤੀ ਰੂਪ ਵਿੱਚ ਰੱਖਣ ਦਾ ਹੁਕਮ ਦਿੱਤਾ ਸੀ। ਇਹ ਨਾ ਸਿਰਫ਼ ਧਾਰਮਿਕ ਨਿਸ਼ਾਨੀ ਹੈ ਬਲਕਿ ਇੱਕ ਪਛਾਣ ਵੀ ਹੈ ਜੋ ਸਿੱਖਾਂ ਨੂੰ ਵੱਖਰਾ ਬਣਾਉਂਦੀ ਹੈ। ਪ੍ਰਭਜੀਤ ਨੇ ਆਪਣੀ ਪੜ੍ਹਾਈ ਸ਼ੁਰੂ ਕੀਤੀ ਅਤੇ ਉਸ ਨੂੰ ਐਂਬੂਲੈਂਸ ਵਿਕਟੋਰੀਆ ਵਿੱਚ ਪਲੇਸਮੈਂਟ ਮਿਲੀ। ਪਲੇਸਮੈਂਟ ਤੋਂ ਪਹਿਲਾਂ ਉਸ ਨੂੰ ਇੱਕ ਮਾਸਕ ਫਿੱਟਿੰਗ ਟੈਸਟ ਦੇਣਾ ਪਿਆ ਸੀ ਜੋ ਕਿ ਪੀਪੀਈ ਮਾਸਕ ਨੂੰ ਠੀਕ ਤਰ੍ਹਾਂ ਲਗਾਉਣ ਲਈ ਜ਼ਰੂਰੀ ਹੈ। ਇਹ ਮਾਸਕ ਐਮਰਜੈਂਸੀ ਵਿੱਚ ਮਰੀਜ਼ਾਂ ਨਾਲ ਕੰਮ ਕਰਦੇ ਸਮੇਂ ਇਨਫੈਕਸ਼ਨ ਤੋਂ ਬਚਾਉਂਦਾ ਹੈ। ਪ੍ਰਭਜੀਤ ਨੇ ਪਹਿਲਾਂ ਹੀ ਈਮੇਲ ਰਾਹੀਂ ਐਂਬੂਲੈਂਸ ਵਿਕਟੋਰੀਆ ਨੂੰ ਆਪਣੀ ਦਾੜ੍ਹੀ ਬਾਰੇ ਜਾਣੂ ਕਰਵਾ ਦਿੱਤਾ ਸੀ ਅਤੇ ਉਸ ਨੇ 'ਸਿੰਘ ਠਾਠਾ' ਵਿਧੀ ਬਾਰੇ ਵੀ ਦੱਸਿਆ ਸੀ। ਠਾਠਾ ਵਿਧੀ ਇੱਕ ਖਾਸ ਤਰੀਕਾ ਹੈ ਜਿਸ ਵਿੱਚ ਦਾੜ੍ਹੀ ਨੂੰ ਇੱਕ ਇਲਾਸਟਿਕ ਬੈਂਡ ਨਾਲ ਢੱਕ ਕੇ ਉੱਪਰ ਵੱਲ ਦਾੜ੍ਹੀ ਕਵਰ ਕਰਨ ਵਾਲਾ ਕਪੜਾ ਅਰਥਾਤ ਠਾਠਾ ਬੰਨ੍ਹ ਲਿਆ ਜਾਂਦਾ ਹੈ ਤਾਂ ਜੋ ਮਾਸਕ ਨੂੰ ਚਿਹਰੇ ਉੱਤੇ ਠੀਕ ਤਰ੍ਹਾਂ ਸੀਲ ਕੀਤਾ ਜਾ ਸਕੇ। ਇਹ ਵਿਧੀ ਦੁਨੀਆ ਭਰ ਵਿੱਚ ਸਿੱਖਾਂ ਲਈ ਵਰਤੀ ਜਾਂਦੀ ਹੈ ਅਤੇ ਇਸ ਨੂੰ ਸੁਰੱਖਿਅਤ ਮੰਨਿਆ ਜਾਂਦਾ ਹੈ।

ਆਸਟ੍ਰੇਲੀਆ ਵਿੱਚ ਪੁਲਿਸ, ਫਾਇਰ ਸਰਵਿਸ ਅਤੇ ਕਈ ਹਸਪਤਾਲਾਂ ਜਿਵੇਂ ਰਾਇਲ ਮੈਲਬਰਨ ਹਸਪਤਾਲ ਵਿੱਚ ਇਹ ਵਿਧੀ ਪਹਿਲਾਂ ਹੀ ਮਨਜ਼ੂਰ ਹੈ। ਟ੍ਰਾਇਲਾਂ ਵਿੱਚ ਇਹ ਸਾਬਤ ਹੋ ਚੁੱਕਾ ਹੈ ਕਿ ਇਹ 100% ਪ੍ਰਭਾਵੀ ਹੈ ਅਤੇ ਮਾਸਕ ਨੂੰ ਇਨਫੈਕਸ਼ਨ ਤੋਂ ਬਚਾਉਣ ਵਿੱਚ ਕੋਈ ਕਮੀ ਨਹੀਂ ਛੱਡਦੀ। ਪਰ ਐਂਬੂਲੈਂਸ ਵਿਕਟੋਰੀਆ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਨੀਤੀ ਅਨੁਸਾਰ ਸਾਰੇ ਮਰਦਾਂ ਨੂੰ ਕਲੀਨ ਸ਼ੇਵਨ ਹੋਣਾ ਚਾਹੀਦਾ ਹੈ ਤਾਂ ਜੋ ਮਾਸਕ ਠੀਕ ਫਿੱਟ ਹੋ ਸਕੇ। ਇਸ ਕਾਰਨ ਪ੍ਰਭਜੀਤ ਦਾ ਟੈਸਟ ਰੱਦ ਕਰ ਦਿੱਤਾ ਗਿਆ।

ਪ੍ਰਭਜੀਤ ਇਸ ਫੈਸਲੇ ਤੋਂ ਬਹੁਤ ਨਿਰਾਸ਼ ਅਤੇ ਗੁੱਸੇ ਵਿੱਚ ਸੀ। ਉਸ ਨੇ ਫੈਸਲਾ ਕੀਤਾ ਕਿ ਉਹ ਇਸ ਵਿਤਕਰੇ ਵਿਰੁੱਧ ਲੜੇਗਾ, ਨਾ ਸਿਰਫ਼ ਆਪਣੇ ਲਈ ਬਲਕਿ ਆਉਣ ਵਾਲੇ ਹਰ ਸਿੱਖ ਨੌਜਵਾਨ ਲਈ। ਉਸ ਨੇ ਆਸਟ੍ਰੇਲੀਅਨ ਹਿਊਮਨ ਰਾਈਟਸ ਕਮਿਸ਼ਨ ਵਿੱਚ ਨਸਲ ਅਤੇ ਧਰਮ ਦੇ ਆਧਾਰ ਉੱਤੇ ਵਿਤਕਰੇ ਦੀ ਸ਼ਿਕਾਇਤ ਦਰਜ ਕਰਵਾਈ। ਕੇਸ ਵਿੱਚ ਉਸ ਨੇ ਕਈ ਆਧਾਰ ਪੇਸ਼ ਕੀਤੇ। ਪਹਿਲਾਂ ਤਾਂ ਉਸ ਨੇ ਸਾਬਤ ਕੀਤਾ ਕਿ ਦਾੜ੍ਹੀ ਰੱਖਣਾ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ। ਸਿੱਖ ਧਰਮ ਵਿੱਚ ਪੰਜ ਕਕਾਰਾਂ ਵਿੱਚੋਂ ਇੱਕ ਕੇਸ (ਵਾਲ) ਹੈ ਜਿਸ ਨੂੰ ਰਖਣਾ ਜ਼ਰੂਰੀ ਹੈ। ਇਹ ਗੁਰੂ ਜੀ ਦੇ ਹੁਕਮ ਅਨੁਸਾਰ ਹੈ ਅਤੇ ਸਿੱਖਾਂ ਲਈ ਇਹ ਆਪਣੀ ਆਤਮਾ ਨਾਲ ਜੁੜਿਆ ਮਾਮਲਾ ਹੈ।

ਦੂਜਾ ਆਧਾਰ ਸੀ 'ਸਿੰਘ ਠਾਠਾ' ਵਿਧੀ ਦੀ ਸੁਰੱਖਿਆ। ਪ੍ਰਭਜੀਤ ਨੇ ਸਬੂਤ ਪੇਸ਼ ਕੀਤੇ ਕਿ ਇਹ ਵਿਧੀ ਵਿਕਟੋਰੀਆ ਦੇ ਹਸਪਤਾਲਾਂ ਵਿੱਚ ਪਹਿਲਾਂ ਹੀ ਵਰਤੀ ਜਾ ਰਹੀ ਹੈ ਅਤੇ ਇਸ ਨੂੰ ਟ੍ਰਾਇਲਾਂ ਵਿੱਚ ਸਫਲ ਪਾਇਆ ਗਿਆ ਹੈ। ਰਾਇਲ ਮੈਲਬਰਨ ਹਸਪਤਾਲ ਨੇ ਇਸ ਨੂੰ ਮਨਜ਼ੂਰ ਕੀਤਾ ਹੈ ਅਤੇ ਇਹ ਇਨਫੈਕਸ਼ਨ ਕੰਟਰੋਲ ਦੇ ਮਾਪਦੰਡਾਂ ਨੂੰ ਪੂਰਾ ਕਰਦੀ ਹੈ। ਤੀਜਾ, ਉਸ ਨੇ ਦੱਸਿਆ ਕਿ ਐਂਬੂਲੈਂਸ ਵਿਕਟੋਰੀਆ ਨੇ ਬਿਨਾਂ ਕਿਸੇ ਵਾਜਬ ਕਾਰਨ ਉਸ ਨਾਲ ਵਿਤਕਰਾ ਕੀਤਾ ਹੈ। ਆਸਟ੍ਰੇਲੀਆ ਦੇ ਕਾਨੂੰਨ ਅਨੁਸਾਰ, ਧਾਰਮਿਕ ਵਿਤਕਰਾ ਨਹੀਂ ਕੀਤਾ ਜਾ ਸਕਦਾ ਅਤੇ ਨੌਕਰੀ ਜਾਂ ਪੜ੍ਹਾਈ ਵਿੱਚ ਬਰਾਬਰੀ ਦੇ ਹੱਕ ਹਨ। ਇਸ ਤੋਂ ਇਲਾਵਾ, ਪ੍ਰਭਜੀਤ ਨੇ ਇਹ ਵੀ ਕਿਹਾ ਕਿ ਕੋਵਿਡ ਮਹਾਂਮਾਰੀ ਤੋਂ ਬਾਅਦ ਨਿਯਮਾਂ ਵਿੱਚ ਢਿੱਲ ਦਿੱਤੀ ਗਈ ਸੀ ਪਰ ਨਵੇਂ ਵਿਦਿਆਰਥੀਆਂ ਲਈ ਸਖ਼ਤੀ ਰੱਖੀ ਗਈ ਜੋ ਕਿ ਡਬਲ ਸਟੈਂਡਰਡ ਹੈ।

(ਬਾਕੀ ਸਫ਼ਾ 27 'ਤੇ)

ਕੈਨੇਡੀਅਨ ਬਾਰਡਰ ਅਫ਼ਸਰ ਨੂੰ ਭਾਰਤ ਦੀ 'ਪ੍ਰੋਪੇਗੰਡਾ ਮਸ਼ੀਨ' ਨੇ ਬਣਾਇਆ ਨਿਸ਼ਾਨਾ, ਹੁਣ ਮੁਕੱਦਮਾ ਠੋਕਿਆ

ਵੈਨਕੂਵਰ/ਏ.ਟੀ.ਨਿਊਜ਼: 'ਦੀ ਗਲੋਬਲ ਮੇਲ' ਕੈਨੇਡਾ ਦੀ ਖ਼ਬਰ ਅਨੁਸਾਰ ਕੈਨੇਡੀਅਨ ਬਾਰਡਰ ਸਰਵਿਸਿਜ ਏਜੰਸੀ ਦੇ ਸੀਨੀਅਰ ਅਫ਼ਸਰ ਸੰਨੀ ਸਿੱਧੂ (ਅਸਲ ਨਾਮ ਸੰਦੀਪ ਸਿੰਘ ਸਿੱਧੂ) ਨੇ ਭਾਰਤ ਸਰਕਾਰ ਅਤੇ ਕੈਨੇਡਾ ਸਰਕਾਰ ਖਿਲਾਫ਼ 90 ਲੱਖ ਡਾਲਰ ਦਾ ਮੁਕੱਦਮਾ ਦਾਇਰ ਕੀਤਾ ਹੈ। ਉਸ ਦਾ ਦੋਸ਼ ਹੈ ਕਿ ਭਾਰਤ ਨੇ ਉਸ ਨੂੰ ਜਾਣ-ਬੁੱਝ ਕੇ ਆਤੰਕਵਾਦੀ ਕਹਿ ਕੇ ਬਦਨਾਮ ਕੀਤਾ ਅਤੇ ਕੈਨੇਡਾ ਸਰਕਾਰ ਨੇ ਉਸ ਦੀ ਰਾਖੀ ਨਹੀਂ ਕੀਤੀ, ਸਗੋਂ ਉਸ ਨੂੰ ਇਕੱਲਾ ਛੱਡ ਦਿੱਤਾ।

ਸੰਨੀ ਸਿੱਧੂ ਬੀ.ਸੀ. ਵਿੱਚ ਪੈਦਾ ਹੋਇਆ ਸੀ ਅਤੇ ਕੈਨੇਡੀਅਨ ਨਾਗਰਿਕ ਹੈ। ਉਹ 20 ਸਾਲਾਂ ਤੋਂ ਕੈਨੇਡਾ ਦੀ ਸਰਹੱਦ ਦੀ ਸੁਰੱਖਿਆ ਕਰ ਰਿਹਾ ਹੈ। ਉਹ ਨਾ ਤਾਂ ਸਿਆਸਤ ਨਾਲ ਜੁੜਿਆ ਹੈ, ਨਾ ਹੀ ਧਾਰਮਿਕ ਤੌਰ ਉੱਪਰ ਸਰਗਰਮ ਸਿੱਖ ਹੈ। ਪਹਿਲਾਂ ਉਹ ਟੀ.ਵੀ. ਸ਼ੋਅ 'ਬਾਰਡਰ ਸਿਕਿਊਰਿਟੀ' ਵਿੱਚ ਵੀ ਨਜ਼ਰ ਆ ਚੁੱਕਿਆ ਸੀ। ਪਰ 2024 ਤੋਂ ਭਾਰਤੀ ਮੀਡੀਆ ਨੇ ਉਸ ਨੂੰ ਖ਼ਤਰਨਾਕ ਖਾੜਕੂ ਅਤੇ ਖ਼ਾਲਿਸਤਾਨੀ ਦੱਸ ਕੇ ਪੂਰੀ ਦੁਨੀਆਂ ਵਿੱਚ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ।

ਕੀ ਹੋਇਆ ਸੀ ?

ਗਲੋਬਲ ਨਿਊਜ਼ ਅਖ਼ਬਾਰ ਅਨੁਸਾਰ 2023 ਵਿੱਚ ਸਰੀ (ਬੀ.ਸੀ.) ਵਿੱਚ ਖ਼ਾਲਿਸਤਾਨ ਸਮਰਥਕ ਨੇਤਾ ਹਰਦੀਪ ਸਿੰਘ ਨਿੱਝਰ ਦਾ ਕਤਲ ਹੋਇਆ ਸੀ। ਕੈਨੇਡਾ ਨੇ ਇਸ ਵਿੱਚ ਭਾਰਤੀ ਏਜੰਟਾਂ ਦਾ ਹੱਥ ਦੱਸਿਆ ਸੀ। ਇਸ ਤੋਂ ਬਾਅਦ ਭਾਰਤ ਬਹੁਤ ਨਰਾਜ਼ ਹੋ ਗਿਆ ਸੀ। ਜਵਾਬ ਵਜੋਂ ਭਾਰਤੀ ਮੀਡੀਆ ਅਤੇ ਸੋਸ਼ਲ ਮੀਡੀਆ ਨੇ ਕੈਨੇਡਾ ਨੂੰ ਖਾੜਕੂਆਂ ਦਾ ਸਵਰਗ ਦੱਸਣਾ ਸ਼ੁਰੂ ਕਰ ਦਿੱਤਾ ਸੀ।

ਅਕਤੂਬਰ 2024 ਵਿੱਚ ਭਾਰਤੀ ਚੈਨਲਾਂ (ਜਿਵੇਂ ਇੰਡੀਆ ਟੂਡੇ, ਟਾਈਮਜ਼ ਨਾਊ) ਨੇ ਵੱਡੀਆਂ-ਵੱਡੀਆਂ ਹੈੱਡਲਾਈਨਾਂ ਲਾਈਆਂ:

ਟਰੂਡੋ ਦਾ ਟੈਕਸ ਨਾਲ ਪਾਲਿਆ ਆਤੰਕਵਾਦੀ

ਕੈਨੇਡਾ ਨੇ ਕਾਤਲ ਨੂੰ ਨੌਕਰੀ ਦਿੱਤੀ

ਸੰਦੀਪ ਸਿੰਘ ਸਿੱਧੂ = ਖ਼ਤਰਨਾਕ ਖ਼ਾਲਿਸਤਾਨੀ ਆਤੰਕੀ

(ਬਾਕੀ ਸਫ਼ਾ 27 'ਤੇ)

ਭਾਰਤ ਅਤੇ ਕੈਨੇਡਾ ਦੇ ਲੋਕਾਂ ਲਈ ਲਾਹੇਵੰਦ ਹੋਵੇਗਾ ਵਪਾਰ ਸਮਝੌਤਾ: ਪਟਨਾਇਕ

ਵਿਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਵਿੱਚ ਭਾਰਤ ਦੇ ਨਵ ਨਿਯੁਕਤ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਪਿਛਲੇ ਦਿਨੀਂ ਆਪਣੀ ਪਤਨੀ ਪੂਨਮ ਪਟਨਾਇਕ ਸਮੇਤ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਿਖੇ ਮੱਥਾ ਟੇਕਿਆ। ਇਸ ਮੌਕੇ ਦੋਵਾਂ ਨੂੰ ਗੁਰਦੁਆਰਾ ਕਮੇਟੀ ਵੱਲੋਂ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਪਟਨਾਇਕ ਨੇ ਕਿਹਾ ਕਿ ਅਗਲੇ ਸਾਲ ਦੇ ਸ਼ੁਰੂ ਵਿੱਚ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਦੌਰੇ 'ਤੇ ਜਾ ਰਹੇ ਹਨ ਤੇ

(ਬਾਕੀ ਸਫ਼ਾ 26 'ਤੇ)

ਕੈਨੇਡਾ ਸਰਕਾਰ ਵੱਲੋਂ ਸਾਲ 2026-2028 ਲਈ ਆਪਣੇ ਇਮੀਗ੍ਰੇਸ਼ਨ ਲੈਵਲ ਪਲਾਨ ਦਾ ਐਲਾਨ

2026 'ਚ ਸਿਰਫ਼ 1.55 ਲੱਖ ਵਿਦਿਆਰਥੀਆਂ ਨੂੰ ਮਿਲੇਗਾ ਸਟੱਡੀ ਪਰਮਿਟ

ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਸਰਕਾਰ ਨੇ 2026-2028 ਲਈ ਆਪਣੇ ਇਮੀਗ੍ਰੇਸ਼ਨ ਲੈਵਲ ਪਲਾਨ ਦਾ ਐਲਾਨ ਕਰ ਦਿੱਤਾ ਹੈ, ਜਿਸ ਦਾ ਵਿਆਪਕ ਅਸਰ ਉਨ੍ਹਾਂ ਪੰਜਾਬੀ ਭਾਈਚਾਰੇ ਦੇ ਲੋਕਾਂ 'ਤੇ ਪਵੇਗਾ ਜਿਨ੍ਹਾਂ ਦੀ ਕੈਨੇਡਾ ਪਹਿਲੀ ਪਸੰਦ ਹੈ। ਇਨ੍ਹਾਂ ਨਵੇਂ ਬਦਲਾਵਾਂ ਕਾਰਨ ਅਗਲੇ ਸਾਲਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਲਈ ਕੈਨੇਡਾ ਵਿੱਚ ਐਂਟਰੀ ਲੈਣੀ ਬਹੁਤ ਮੁਸ਼ਕਿਲ ਹੋ ਜਾਵੇਗੀ।

ਸਟੱਡੀ ਪਰਮਿਟ 'ਤੇ ਵੱਡੀ ਕਟੌਤੀ

ਕੈਨੇਡਾ ਦੇ ਇਮੀਗ੍ਰੇਸ਼ਨ ਲੈਵਲ ਪਲਾਨ ਤਹਿਤ, ਹੁਣ ਘੱਟੋ-ਘੱਟ ਗਿਣਤੀ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੂੰ ਦੇਸ਼ 'ਚ ਦਾਖਲਾ ਮਿਲੇਗਾ। 2026 'ਚ ਸਿਰਫ਼ 1.55 ਲੱਖ ਵਿਦੇਸ਼ੀ ਵਿਦਿਆਰਥੀਆਂ ਨੂੰ ਹੀ ਸਟੱਡੀ ਪਰਮਿਟ ਦਿੱਤਾ ਜਾਵੇਗਾ। ਇਸ ਗੱਲ ਦੀ ਵੀ ਉਮੀਦ ਜਤਾਈ ਜਾ ਰਹੀ ਹੈ ਕਿ ਇਹ ਗਿਣਤੀ ਹੋਰ ਵੀ ਘੱਟ ਕੀਤੀ ਜਾ ਸਕਦੀ ਹੈ। ਇਸ ਨਾਲ ਐਡਮਿਸ਼ਨਾਂ ਲਈ ਕਾਫੀ ਜ਼ਿਆਦਾ ਮੁਕਾਬਲਾ (ਕੰਪੀਟੀਸ਼ਨ) ਹੋਣ ਵਾਲਾ ਹੈ ਤੇ ਹਰ ਕਿਸੇ ਨੂੰ ਸਟੱਡੀ ਪਰਮਿਟ ਮਿਲਣਾ ਆਸਾਨ ਨਹੀਂ ਹੋਵੇਗਾ।

ਵਰਕ ਪਰਮਿਟ ਲਈ ਨਵੇਂ ਸਖ਼ਤ ਨਿਯਮ

ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (ਪੀ.ਜੀ.ਡਬਲਯੂ.ਪੀ.) ਸਬੰਧੀ ਵੀ ਵੱਡੇ ਬਦਲਾਅ ਕੀਤੇ ਗਏ ਹਨ। ਇਮੀਗ੍ਰੇਸ਼ਨ ਵਿਭਾਗ ਨੇ ਪਿਛਲੇ ਜੂਨ ਵਿੱਚ ਪੀ.ਜੀ.ਡਬਲਯੂ.ਪੀ. ਲਈ ਯੋਗ ਕੋਰਸਾਂ ਵਿੱਚ ਤਬਦੀਲੀ ਕੀਤੀ ਸੀ। ਹਾਲਾਂਕਿ ਜੁਲਾਈ 'ਚ ਇਨ੍ਹਾਂ ਤਬਦੀਲੀਆਂ ਨੂੰ ਰੋਕ ਦਿੱਤਾ ਗਿਆ ਸੀ, ਪਰ ਹੁਣ ਇਹ ਐਲਾਨ ਹੋਇਆ ਹੈ ਕਿ ਕੋਰਸਾਂ ਨੂੰ ਹਟਾਉਣ ਦਾ ਪ੍ਰਭਾਵ ਜੁਲਾਈ 2026 ਤੋਂ ਹੋਵੇਗਾ। ਇਸ ਨਵੇਂ ਨਿਯਮ ਤਹਿਤ, ਸਿਰਫ਼ 178 ਕੋਰਸ ਹੀ ਅਜਿਹੇ ਹੋਣਗੇ ਜਿਨ੍ਹਾਂ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਵਰਕ ਪਰਮਿਟ ਦਿੱਤਾ ਜਾਵੇਗਾ। ਇਹ ਨਿਯਮ ਵੀ 2026 ਤੋਂ ਲਾਗੂ ਹੋ ਜਾਣਗੇ।

ਪੀ.ਆਰ. ਪ੍ਰੋਗਰਾਮਾਂ ਵਿੱਚ ਵੀ ਕਟੌਤੀ ਅਤੇ ਸਖ਼ਤੀ

ਨਵੇਂ ਇਮੀਗ੍ਰੇਸ਼ਨ ਪਲਾਨ ਤਹਿਤ ਸਥਾਈ ਰਿਹਾਇਸ਼ (ਪੀ.ਆਰ.) ਦੇਣ ਦੀ ਪ੍ਰਕਿਰਿਆ ਨੂੰ ਵੀ ਬਦਲਿਆ ਜਾ ਰਿਹਾ ਹੈ। ਸਰਕਾਰ ਅਗਲੇ ਦੋ ਸਾਲਾਂ ਵਿੱਚ ਅਲੱਗ-ਅਲੱਗ ਜੌਬ ਸੈਕਟਰ ਨਾਲ ਜੁੜੇ ਲੋਕਾਂ ਲਈ ਪੀ.ਆਰ. ਪ੍ਰੋਗਰਾਮ ਚਲਾਉਣ ਵਾਲੀ ਹੈ। 2026 ਤੇ 2027 'ਚ, ਦੇਸ਼ ਵਿੱਚ ਕੰਮ ਕਰ ਰਹੇ ਕੁੱਲ 33,000 ਵਿਦੇਸ਼ੀ ਵਰਕਰਾਂ ਨੂੰ ਪੀ.ਆਰ. ਦਿੱਤੀ ਜਾਵੇਗੀ। ਇਹ ਪੀ.ਆਰ. ਉਨ੍ਹਾਂ ਲੋਕਾਂ ਨੂੰ ਮਿਲੇਗੀ, ਜਿਨ੍ਹਾਂ ਕੋਲ ਵਰਕ ਪਰਮਿਟ ਹੈ ਤੇ ਉਹ ਕਿਸੇ ਖਾਸ ਮੰਗ ਵਾਲੀ ਨੌਕਰੀ ਕਰ ਰਹੇ ਹਨ। ਹਾਲਾਂਕਿ, ਇਸਦੇ ਲਈ ਚੋਣ ਪ੍ਰਕਿਰਿਆ ਦਾ ਐਲਾਨ ਅਜੇ ਨਹੀਂ ਕੀਤਾ ਗਿਆ ਹੈ। ਅਸਥਾਈ ਵਰਕ ਪਰਮਿਟਾਂ ਵਿੱਚ ਵੀ ਕਟੌਤੀ ਕੀਤੀ ਜਾਵੇਗੀ। 2026 ਵਿੱਚ ਸਿਰਫ਼ 60,000 ਲੋਕਾਂ ਨੂੰ ਹੀ ਵਰਕ ਪਰਮਿਟ ਮਿਲੇਗਾ। ਵਰਕ ਪਰਮਿਟ ਨਾਲ ਜੁੜੀਆਂ ਸ਼ਰਤਾਂ ਨੂੰ ਕੁੱਲ ਮਿਲਾ ਕੇ ਹੋਰ ਵੀ ਸਖਤ ਕੀਤਾ ਜਾਵੇਗਾ।

ਨਵੇਂ ਸੈਕਟਰਲ ਪ੍ਰੋਗਰਾਮ

ਨਵੇਂ ਪੀ.ਆਰ.ਪ੍ਰੋਗਰਾਮਾਂ ਵਿੱਚ ਕੰਸਟ੍ਰਕਸ਼ਨ ਵਰਕਰਾਂ ਨੂੰ ਪੀ.ਆਰ. ਦੇਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਖੇਤੀ ਅਤੇ ਮੱਛੀ ਉਦਯੋਗ ਵਿੱਚ ਕੰਮ ਕਰਨ ਲਈ ਵੀ ਅਲੱਗ ਵਰਕ ਪਰਮਿਟ ਬਣਾਉਣਾ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ 2024 ਵਿੱਚ, ਪੀ.ਆਰ. ਦਾ ਸਟੇਟਸ ਹਾਸਲ ਕਰ

ਸਿੱਧੂ ਜੋੜੇ ਦੇ ਸਿਆਸੀ ਚੌਕੇ-ਛਿੱਕੇ !

ਡਾ. ਨਵਜੋਤ ਕੌਰ ਸਿੱਧੂ ਦੇ ਬਿਆਨ ਤੋਂ ਬਾਅਦ ਪੰਜਾਬ ਦੀ ਸਿਆਸਤ 'ਚ ਆਇਆ ਉਬਾਲ

ਨਵਜੋਤ ਸਿੰਘ ਸਿੱਧੂ ਦੇ ਸਿਆਸਤ 'ਚ ਮੁੜ ਸਰਗਰਮ ਹੋਣ ਦੇ ਬਣੇ ਆਸਾਰ

ਅੰਮ੍ਰਿਤਸਰ ਟਾਈਮਜ਼ ਬਿਊਰੋ

ਪੰਜਾਬ ਦੀ ਠੰਡੀ ਪਈ ਸਿਆਸਤ ਵਿੱਚ ਅਚਾਨਕ ਉਸ ਸਮੇਂ ਉਬਾਲ ਆ ਗਿਆ, ਜਦੋਂ ਕ੍ਰਿਕਟਰ ਤੋਂ ਰਾਜਨੇਤਾ ਬਣੇ ਨਵਜੋਤ ਸਿੰਘ ਸਿੱਧੂ ਦੀ ਪਤਨੀ ਅਤੇ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਕਹਿ ਦਿੱਤਾ ਕਿ ਸ੍ਰ. ਸਿੱਧੂ ਸਿਆਸਤ ਵਿੱਚ ਮੁੜ ਸਰਗਰਮ ਹੋ ਸਕਦੇ ਹਨ ਜੇ ਉਹਨਾਂ ਨੂੰ ਅਗਲੀਆਂ ਚੋਣਾਂ ਵੇਲੇ ਪੰਜਾਬ ਦਾ ਮੁੱਖ ਮੰਤਰੀ ਚਿਹਰਾ ਬਣਾਇਆ ਜਾਵੇ। ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਪੰਜਾਬ ਵਿੱਚ ਮੁੱਖ ਮੰਤਰੀ ਬਣਨ ਲਈ 500 ਕਰੋੜ ਰੁਪਏ ਨਾਲ ਭਰਿਆ ਸੂਟਕੇਸ ਦੇਣਾ ਪੈਂਦਾ ਹੈ ਜੋ ਉਨ੍ਹਾਂ ਦਾ ਪਤੀ ਨਹੀਂ ਦੇ ਸਕਦਾ। ਚੰਡੀਗੜ੍ਹ ਵਿਖੇ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰਨ ਤੋਂ ਬਾਅਦ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਸ੍ਰ. ਸਿੱਧੂ ਸਰਗਰਮ ਰਾਜਨੀਤੀ ਵਿੱਚ ਤਾਂ ਹੀ ਵਾਪਸ ਆਉਣਗੇ ਜੇਕਰ ਉਨ੍ਹਾਂ ਨੂੰ ਕਾਂਗਰਸ ਦਾ ਮੁੱਖ ਮੰਤਰੀ ਚਿਹਰਾ ਬਣਾਇਆ ਜਾਂਦਾ ਹੈ।

ਇਸ ਮੌਕੇ ਡਾ. ਨਵਜੋਤ ਕੌਰ ਨੇ ਪੰਜਾਬ ਕਾਂਗਰਸ ਵਿੱਚ ਪਈ ਅੰਦਰੂਨੀ ਫੁੱਟ ਦੀ ਗੱਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਬਹੁਤ ਜ਼ਿਆਦਾ ਗੁੱਟਬਾਜ਼ੀ ਹੈ ਤੇ ਇੱਥੇ ਕਈ ਜਣੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਚੋਣ ਲੜਨ ਲਈ ਇੱਕ ਦੂਜੇ ਨੂੰ ਨੀਚਾ ਦਿਖਾ ਰਹੇ ਹਨ। ਉਨ੍ਹਾਂ ਕਿਹਾ, 'ਪਹਿਲਾਂ ਹੀ ਕਾਂਗਰਸ ਕੋਲ ਪੰਜ ਮੁੱਖ ਮੰਤਰੀ ਚਿਹਰੇ ਹਨ ਜੋ ਪਾਰਟੀ ਨੂੰ ਹਰਾਉਣ ਵਿੱਚ ਰੁੱਝੇ ਹੋਏ ਹਨ।' ਡਾ. ਸਿੱਧੂ ਦੇ ਇਸ ਬਿਆਨ ਤੋਂ ਬਾਅਦ ਸਪਸ਼ਟ ਹੋ ਜਾਂਦਾ ਹੈ ਕਿ ਸਿੱਧੂ ਜੋੜਾ ਪੰਜਾਬ ਦੀ ਸਿਆਸਤ ਵਿੱਚ ਮੁੜ ਸਰਗਰਮ ਹੋਣ ਲਈ ਪੂਰੀ ਤਿਆਰੀ ਕਰ ਚੁੱਕਿਆ ਹੈ ਅਤੇ ਇਸ ਲਈ ਉਹ ਚੰਗੇ ਮੌਕੇ ਦੀ ਭਾਲ ਵਿੱਚ ਹੈ।

ਡਾ. ਸਿੱਧੂ ਦੇ ਇਸ ਬਿਆਨ ਤੋਂ ਬਾਅਦ ਪੰਜਾਬ ਦੀ ਸਿਆਸਤ ਪੂਰੀ ਤਰ੍ਹਾਂ ਭੱਖ ਗਈ ਹੈ। ਪੰਜਾਬ ਕਾਂਗਰਸ ਦੇ ਵੱਖ ਵੱਖ ਆਗੂ ਡਾ. ਸਿੱਧੂ ਦੇ ਬਿਆਨ ਦੀ ਨਿਖੇਧੀ ਕਰ ਰਹੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਵਿਵਾਦ ਵਿੱਚ ਫਸਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਇਹ ਪਾਰਟੀ ਹਾਈਕਮਾਂਡ ਦਾ ਕੰਮ ਹੈ।

ਸਾਬਕਾ ਉਪ ਮੁੱਖ ਮੰਤਰੀ ਅਤੇ ਗੁਰਦਾਸਪੁਰ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਸਿੱਧੂ ਪਰਿਵਾਰ ਨੂੰ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਇੰਝ ਲੱਗਦਾ ਹੈ ਕਿ ਜਿਸ ਮਿਸ਼ਨ ਲਈ ਸਿੱਧੂ ਪਰਿਵਾਰ ਕਾਂਗਰਸ ਵਿੱਚ ਆਇਆ ਸੀ ਉਹ ਪੂਰਾ ਹੋ ਗਿਆ ਹੈ। ਕੀ ਉਹ ਸਾਨੂੰ ਦੱਸਣਗੇ ਕਿ ਉਨ੍ਹਾਂ ਨੇ ਪੰਜਾਬ ਕਾਂਗਰਸ ਪ੍ਰਧਾਨ ਨੂੰ ਕਿੰਨਾ ਦਿੱਤਾ ਸੀ ਜੋ ਉਸ ਸਮੇਂ ਮੁੱਖ ਮੰਤਰੀ ਦੇ ਬਰਾਬਰ ਸਨ ? ਜੇਕਰ ਅਸੀਂ ਉਨ੍ਹਾਂ ਦੇ ਪਿਛਲੇ ਪ੍ਰਦਰਸ਼ਨ 'ਤੇ ਨਜ਼ਰ ਮਾਰੀਏ ਤਾਂ ਇਹ ਸਪੱਸ਼ਟ ਹੈ ਕਿ ਉਹ ਵਿਰੋਧੀ ਧਿਰ ਵਲੋਂ ਤਿਆਰ ਕੀਤੀ ਗਈ ਸਕ੍ਰਿਪਟ ਅਨੁਸਾਰ ਹੀ ਬੋਲਦੇ ਸਨ, ਜਿਸ ਨਾਲ ਕਾਂਗਰਸ ਨੂੰ ਭਾਰੀ ਨੁਕਸਾਨ ਹੋਇਆ। ਹੁਣ ਉਹ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰ ਰਹੇ ਹਨ।'

ਸਾਬਕਾ ਕ੍ਰਿਕਟਰ ਅਤੇ ਮੌਜੂਦਾ ਸਿਆਸਤਦਾਨ ਨਵਜੋਤ ਸਿੰਘ ਸਿੱਧੂ ਕ੍ਰਿਕਟ ਵਾਂਗ ਸਿਆਸੀ ਮੈਦਾਨ ਵਿੱਚ ਵੀ ਅਕਸਰ ਚੌਕੇ -ਛਿੱਕੇ ਮਾਰਦੇ ਰਹਿੰਦੇ ਹਨ। ਹੁਣ ਡਾ. ਸਿੱਧੂ ਦੇ ਬਿਆਨ ਨੂੰ ਵੀ ਉਹਨਾਂ ਦਾ 'ਸਿਆਸੀ ਸਿਕਸਰ' ਕਿਹਾ ਜਾ ਰਿਹਾ ਹੈ। ਸਿੱਧੂ ਜੋੜੇ ਨੇ ਆਪਣੀ ਸਿਆਸੀ ਸਰਗਰਮੀਆਂ ਪਿਛਲੇ ਕੁਝ ਸਮੇਂ ਤੋਂ ਵਧਾਈਆਂ ਹੋਈਆਂ ਹਨ। ਸ੍ਰ. ਨਵਜੋਤ ਸਿੰਘ ਸਿੱਧੂ ਪਿਛਲੇ ਦਿਨੀਂ ਪਟਿਆਲਾ ਫੇਰੀ ਪਾ ਕੇ ਗਏ ਹਨ, ਜਿਸ ਤੋਂ ਬਾਅਦ ਸਿਆਸੀ ਗਲਿਆਰਿਆਂ ਵਿੱਚ ਨਵੀਂ ਚਰਚਾ ਛਿੜ ਗਈ ਹੈ। ਕਿਹਾ ਜਾ ਰਿਹਾ ਹੈ ਕਿ ਨਵਜੋਤ ਸਿੰਘ ਸਿੱਧੂ ਮੁੜ ਸਿਆਸਤ ਵਿੱਚ ਸਰਗਰਮ ਹੋ ਰਹੇ ਹਨ ਅਤੇ ਇਸ ਵਾਰ ਉਹ ਪਟਿਆਲਾ ਹਲਕੇ ਤੋਂ ਆਪਣਾ ਸਿਆਸੀ ਕੈਰੀਅਰ ਮੁੜ ਸ਼ੁਰੂ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਹਨ ਅਤੇ ਰਾਜਨੀਤੀ ਦਾ ਉਹਨਾਂ ਨੂੰ ਕਾਫ਼ੀ ਤਜਰਬਾ ਹੈ। ਉਹ ਸਾਂਸਦ, ਮੰਤਰੀ ਅਤੇ ਵਿਧਾਇਕ ਵੀ ਰਹਿ ਚੁੱਕੇ ਹਨ। ਉਹ ਚੰਗੇ ਬੁਲਾਰੇ ਮੰਨੇ ਜਾਂਦੇ ਹਨ। ਉਹਨਾਂ ਦੀਆਂ ਲੱਛੇਦਾਰ ਗੱਲਾਂ ਸੁਣਨ ਲਈ ਲੋਕਾਂ ਦਾ ਕਾਫ਼ੀ ਇਕੱਠ ਹੋ ਜਾਂਦਾ ਹੈ। ਪਿਛਲੇ ਦਿਨੀਂ ਕਾਂਗਰਸ ਦੀ ਸੀਨੀਅਰ ਆਗੂ ਪ੍ਰਿਯੰਕਾ ਗਾਂਧੀ ਨਾਲ ਉਹਨਾਂ ਦੀ ਮੁਲਾਕਾਤ ਤੋਂ ਬਾਅਦ ਵੀ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਸੀ ਅਤੇ ਕਿਹਾ ਜਾਣ ਲੱਗਿਆ ਸੀ ਕਿ ਉਹ ਸਿਆਸਤ ਵਿੱਚ ਮੁੜ ਸਰਗਰਮ ਹੋ ਸਕਦੇ ਹਨ। ਪਟਿਆਲਾ ਫੇਰੀ ਨਾਲ ਭਾਵੇਂ ਪਟਿਆਲਾ ਕਾਂਗਰਸ ਦੇ ਆਗੂ ਉਹਨਾਂ ਨਾਲ ਨਜ਼ਰ ਨਹੀਂ ਆਏ ਪਰ ਇਸ ਫੇਰੀ ਦੌਰਾਨ ਉਹਨਾਂ ਸਿਆਸਤ ਬਾਰੇ ਚਰਚਾ ਜ਼ਰੂਰ ਕੀਤੀ।

ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਕ੍ਰਿਕਟਰ ਸਨ ਅਤੇ ਉਸ ਕਾਰਨ ਉਹਨਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਪਹਿਚਾਣ ਬਣ ਚੁੱਕੀ ਸੀ। ਬਾਅਦ ਵਿੱਚ ਉਹ ਖੇਡ ਕੁਮੈਂਟਰ ਵੀ ਰਹੇ ਅਤੇ ਫਿਰ ਰਾਜਨੀਤੀ ਵਿੱਚ ਸਰਗਰਮ ਹੋ ਗਏ। ਇਸ ਸਮੇਂ ਉਹ ਕਾਫ਼ੀ ਸਮੇਂ ਤੋਂ ਰਾਜਨੀਤੀ ਤੋਂ ਦੂਰੀ ਬਣਾ ਕੇ ਚੱਲ ਰਹੇ ਹਨ ਪਰ ਜਿਸ ਤਰੀਕੇ ਨਾਲ ਉਨ੍ਹਾਂ ਵੱਲੋਂ ਪਿਛਲੇ ਦਿਨੀਂ ਕਾਂਗਰਸ ਦੀ ਸੀਨੀਅਰ ਆਗੂ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤ ਕੀਤੀ ਗਈ ਅਤੇ ਉਸ ਤੋਂ ਬਾਅਦ ਪਟਿਆਲਾ ਫੇਰੀ ਕੀਤੀ ਗਈ। ਹੁਣ ਡਾ. ਸਿੱਧੂ ਦੇ ਬਿਆਨ ਨਾਲ ਸ੍ਰ. ਸਿੱਧੂ ਦੇ ਸਿਆਸਤ ਵਿੱਚ ਮੁੜ ਸਰਗਰਮ ਹੋਣ ਦੀ ਚਰਚਾ ਛਿੜ ਗਈ ਹੈ।

ਪਿਛਲੀਆਂ ਵਿਧਾਨ ਸਭਾ ਚੋਣਾਂ ਪੰਜਾਬ ਕਾਂਗਰਸ ਵੱਲੋਂ ਨਵਜੋਤ ਸਿੰਘ ਸਿੱਧੂ ਦੀ ਅਗਵਾਈ ਵਿੱਚ ਲੜੀਆਂ ਗਈਆਂ ਸਨ ਪਰ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਉਸ ਤੋਂ ਬਾਅਦ ਉਹ ਹੋਲੀ ਹੋਲੀ ਸਿਆਸਤ ਤੋਂ ਦੂਰ ਹੁੰਦੇ ਗਏ ਅਤੇ ਹੋਰ ਕੰਮਾਂ ਵਿੱਚ ਰੁੱਝੇ ਰਹੇ। ਹੁਣ ਇੱਕ ਵਾਰ ਫੇਰ ਉਹਨਾਂ ਦੇ ਸਿਆਸਤ ਵਿੱਚ ਸਰਗਰਮ ਹੋਣ ਦੀ ਚਰਚਾ ਸ਼ੁਰੂ ਹੋ ਗਈ ਹੈ।

ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਵੀ ਕਈ ਵਾਰ ਕਹਿ ਚੁੱਕੇ ਹਨ ਕਿ ਉਹ ਸਿਆਸਤ ਵਿੱਚ ਸਰਗਰਮ ਹੋਣਗੇ। ਜਿਸ ਤੋਂ ਪਤਾ ਚਲਦਾ ਹੈ ਕਿ ਇਹ ਦੋਵੇਂ ਪਤੀ ਪਤਨੀ ਮੁੜ ਸਿਆਸਤ ਵਿੱਚ ਸਰਗਰਮ ਹੋਣ ਜਾ ਰਹੇ ਹਨ ਅਤੇ ਕਿਸੇ ਚੰਗੇ ਮੌਕੇ ਦੀ ਭਾਲ ਵਿੱਚ ਹਨ। ਸਿੱਧੂ ਜੋੜੇ ਦੇ ਸਿਆਸਤ ਵਿੱਚ ਸਰਗਰਮ ਹੋਣ ਦੀ ਚਰਚਾ ਨਾਲ ਕਾਂਗਰਸ ਦੀ ਪੰਜਾਬ ਇਕਾਈ ਵਿੱਚ ਹਲਚਲ ਹੋਣੀ ਸ਼ੁਰੂ ਹੋ ਗਈ ਹੈ।

ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਸਾਲ 2027 ਦੀ ਸ਼ੁਰੂਆਤ ਵਿੱਚ ਹੋਣ ਦੀ ਸੰਭਾਵਨਾ ਹੈ। ਇਹਨਾਂ ਚੋਣਾਂ ਲਈ ਹੁਣੇ ਤੋਂ ਵੱਖ- ਵੱਖ ਸਿਆਸੀ ਪਾਰਟੀਆਂ ਨੇ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਦੇ ਨਾਲ ਇਹ ਚੋਣਾਂ ਲੜਨ ਦੇ ਚਾਹਵਾਨ ਆਗੂਆਂ ਵੱਲੋਂ ਵੀ ਹੁਣੇ ਤੋਂ ਪਾਰਟੀ ਟਿਕਟਾਂ ਲਈ ਆਪਣਾ ਦਾਅਵਾ ਜਤਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਸਿਆਸੀ ਆਗੂਆਂ ਵੱਲੋਂ ਆਮ ਲੋਕਾਂ ਨਾਲ ਮੇਲ-ਜੋਲ ਵੀ ਵਧਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਵੱਖ ਵੱਖ ਸਿਆਸੀ ਆਗੂ ਆਮ ਲੋਕਾਂ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦੇ ਦਿਖਾਈ ਦਿੰਦੇ ਹਨ। ਇਸ ਤੋਂ ਇਲਾਵਾ ਸਿਆਸੀ ਆਗੂਆਂ ਨੂੰ ਹੁਣ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਵੀ ਵੇਖਿਆ ਗਿਆ ਹੈ। ਨਵਜੋਤ ਸਿੰਘ ਸਿੱਧੂ ਦਾ ਕਾਂਗਰਸ ਦੀ ਸੀਨੀਅਰ ਆਗੂ ਪ੍ਰਿਯੰਕਾ ਗਾਂਧੀ ਨੂੰ ਮਿਲਣਾ ਅਤੇ ਪਟਿਆਲਾ ਫੇਰੀ ਦੌਰਾਨ ਸਿਆਸਤ ਦੀ ਗੱਲ ਕਰਨਾ ਅਤੇ ਹੁਣ ਡਾ. ਸਿੱਧੂ ਦੇ ਬਿਆਨ ਨੂੰ ਵੀ ਇਸੇ ਕੜੀ ਵਿੱਚ ਜੋੜ ਕੇ ਵੇਖਿਆ ਜਾ ਰਿਹਾ ਹੈ। ਨਵਜੋਤ ਸਿੰਘ ਸਿੱਧੂ ਬਾਰੇ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਉਹਨਾਂ ਦੀ ਨਵੀਂ ਗੁਗਲੀ ਕੀ ਹੋਵੇਗੀ ? ਅਤੇ ਉਹ ਆਪਣੀ ਸਿਆਸੀ ਪਾਰੀ ਦੀ ਨਵੀਂ ਸ਼ੁਰੂਆਤ ਕਿਸ ਤਰੀਕੇ ਨਾਲ ਕਰਦੇ ਹਨ ? ਪੰਜਾਬ ਕਾਂਗਰਸ ਨੇ ਡਾ. ਨਵਜੋਤ ਕੌਰ ਸਿੱਧੂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ। ਇਹ ਆਦੇਸ਼ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਜਾਰੀ ਕੀਤੇ ਗਏ ਹਨ।

ਮੁਅੱਤਲੀ ਨੋਟਿਸ ਦਾ ਕੋਈ ਮਾਇਨਾ ਨਹੀਂ, ਮੇਰੀ ਗੱਲਬਾਤ ਹਾਈਕਮਾਂਡ ਨਾਲ: ਨਵਜੋਤ ਕੌਰ ਸਿੱਧੂ

ਕਾਂਗਰਸ ਵੱਲੋਂ ਸਸਪੈਂਡ ਕੀਤੇ ਜਾਣ ਤੋਂ ਬਾਅਦ ਨਵਜੋਤ ਕੌਰ ਸਿੱਧੂ ਦਾ ਤਿੱਖਾ ਪ੍ਰਤੀਕਰਮ ਸਾਹਮਣੇ ਆਇਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਗੱਲਬਾਤ ਸਿੱਧੇ ਟਾਪ ਲੀਡਰਸ਼ਿਪ ਨਾਲ ਚੱਲ ਰਹੀ ਹੈ ਅਤੇ ਜਿਸ ਵਿਅਕਤੀ ਵੱਲੋਂ ਉਨ੍ਹਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ, ਉਸ ਦਾ ਕੋਈ ਮਾਇਨਾ ਨਹੀਂ। ਇਸ ਦੌਰਾਨ ਨਵਜੋਤ ਕੌਰ ਸਿੱਧੂ ਨੇ ਐਲਾਨ ਕੀਤਾ ਕਿ ਉਹ 2027 ਦੀਆਂ ਚੋਣਾਂ ਵਿਚ ਹਰ ਹਾਲਤ ਵਿਚ ਪੰਜਾਬ ਅੰਦਰ ਸਰਕਾਰ ਬਣਾਉਣਗੇ। ਜਦੋਂ ਉਨ੍ਹਾਂ ਪੁੱਛਿਆ ਗਿਆ ਕਿ ਕੀ ਤੁਸੀਂ ਕਾਂਗਰਸ ਵਿਚ ਰਹਿ ਕੇ ਸਰਕਾਰ ਬਣਾਓਗੇ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਅਜੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ। ਮੈਡਮ ਸਿੱਧੂ ਨੇ ਕਿਹਾ ਕਿ ਉਹ ਕੈਂਸਰ ਮੁਕਤ ਹੋਣ ਤੋਂ ਬਾਅਦ ਲਗਾਤਾਰ ਲੋਕਾਂ ਵਿਚ ਰਹਿ ਰਹੀ ਹੈ ਅਤੇ ਖ਼ਾਸਕਰ ਦਲਿਤ ਸਮਾਜ ਦੀ ਆਵਾਜ਼ ਬਣਨ ਲਈ ਵਚਨਬੱਧ ਹੈ। ਇਸ ਦੌਰਾਨ ਉਨ੍ਹਾਂ ਰਾਜਾ ਵੜਿੰਗ 'ਤੇ ਸਿੱਧੇ ਤੌਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਪੁੱਛਿਆ ਕਿ ਬੱਸ ਬਾਡੀਆਂ ਵਾਲੇ ਕੇਸ ਵਿਚ ਭਗਵੰਤ ਮਾਨ ਰਾਜਾ ਵੜਿੰਗ ਦਾ ਬਚਾਅ ਕਿਉਂ ਕਰ ਰਹੇ ਹਨ। ਮੈਡਮ ਸਿੱਧੂ ਨੇ ਇਹ ਵੀ ਦਾਅਵਾ ਕੀਤਾ ਕਿ ਵੜਿੰਗ 'ਤੇ ਢਾਈ ਹਜ਼ਾਰ ਏਕੜ ਦੀ ਜ਼ਮੀਨ ਨਾਲ ਸੰਬੰਧਿਤ ਕੇਸ ਚੱਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਡੇਢ ਸਾਲ ਤੱਕ ਮਿੰਨਤਾਂ ਕੀਤੀਆਂ, ਪਰ ਨਵਜੋਤ ਸਿੰਘ ਸਿੱਧੂ ਨਹੀਂ ਮੰਨੇ। ਸਿੱਧੂ ਨੂੰ ਮੁੱਖ ਮੰਤਰੀ ਬਣਨ ਦਾ ਕੋਈ ਸ਼ੌਕ ਨਹੀਂ। ਉਨ੍ਹਾਂ ਕਿਹਾ ਕਿ ਕਾਂਗਰਸ ਦੀ 70 ਫ਼ੀਸਦੀ ਲੀਡਰਸ਼ਿਪ, ਜਿੱਤਣ ਵਾਲੇ ਵਿਧਾਇਕ ਅਤੇ ਵਰਕਰ ਉਨ੍ਹਾਂ ਦੇ ਨਾਲ ਹਨ। ਮੈਡਮ ਸਿੱਧੂ ਨੇ ਕਿਹਾ ਕਿ ਨੋਟਿਸਾਂ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ। ਰਾਣਾ ਗੁਰਜੀਤ ਨੂੰ ਵੀ ਅਜਿਹੇ ਨੋਟਿਸ ਮਿਲੇ ਹਨ ਤੇ ਸੁੱਖੀ ਰੰਧਾਵਾ ਨੇ ਤਾਂ ਰਾਜਸਥਾਨ ਵਿਚ ਪੈਸੇ ਲੈ ਕੇ ਟਿਕਟਾਂ ਵੰਡੀਆਂ ਹਨ। ਅੰਤ ਵਿਚ ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਨੋਟਿਸ ਉਨ੍ਹਾਂ ਲਈ ਕੋਈ ਮਾਇਨਾ ਨਹੀਂ ਰੱਖਦਾ ਕਿਉਂਕਿ ਉਨ੍ਹਾਂ ਦੀ ਗੱਲ ਸਿੱਧੀ ਟੌਪ ਲੀਡਰਸ਼ਿਪ ਨਾਲ ਚੱਲ ਰਹੀ ਹੈ। ਉਹ ਜਲਦੀ ਆਪਣੀ ਅਗਲੀ ਰਣਨੀਤੀ ਮੀਡੀਆ ਦੇ ਸਾਹਮਣੇ ਲਿਆਉਣਗੇ।

ਕਾਂਗਰਸ 'ਚ ਖਿੱਚੋਤਾਣ ਜਾਰੀ

ਸਾਂਸਦ ਸੁਖਜਿੰਦਰ ਸਿੰਘ ਰੰਧਾਵਾ ਨੇ ਡਾ. ਨਵਜੋਤ ਕੌਰ ਸਿੱਧੂ ਨੂੰ ਭੇਜਿਆ ਕਾਨੂੰਨੀ ਨੋਟਿਸ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਕਾਂਗਰਸ ਦੇ ਅੰਦਰ ਚੱਲ ਰਿਹਾ ਕਾਟੋ-ਕਲੇਸ਼ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਇਹ ਅੰਦਰੂਨੀ ਕਲੇਸ਼ ਹੁਣ ਖੁੱਲ੍ਹ ਕੇ ਸਾਹਮਣੇ ਆਇਆ ਹੈ। ਦੱਸ ਦਈਏ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਨੂੰ ਪਾਰਟੀ ਤੋਂ ਮੁਅੱਤਲ ਕਰਨ ਤੋਂ ਬਾਅਦ ਹੁਣ ਡਾ. ਨਵਜੋਤ ਕੌਰ ਸਿੱਧੂ ਨੂੰ ਲੀਗਲ ਨੋਟਿਸ ਭੇਜਿਆ ਗਿਆ ਹੈ। ਇਹ ਨੋਟਿਸ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਰੰਧਾਵਾ ਵਲੋਂ ਭੇਜਿਆ ਗਿਆ ਹੈ।

ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਇਹ ਨੋਟਿਸ ਡਾ. ਸਿੱਧੂ

ਵੱਲੋਂ ਉਨ੍ਹਾਂ 'ਤੇ ਲਗਾਏ ਗਏ ਗੰਭੀਰ ਦੋਸ਼ਾਂ ਦੇ ਸੰਬੰਧ ਵਿੱਚ ਭੇਜਿਆ ਹੈ। ਨੋਟਿਸ ਵਿੱਚ ਰੰਧਾਵਾ ਨੇ ਡਾ. ਸਿੱਧੂ ਨੂੰ ਜਨਤਕ ਤੌਰ 'ਤੇ ਮੁਆਫੀ ਮੰਗਣ ਲਈ ਸੱਤ ਦਿਨਾਂ ਦਾ ਅਲਟੀਮੇਟਮ ਦਿੱਤਾ ਹੈ। ਅਜਿਹਾ ਨਾ ਕਰਨ 'ਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ ਹੈ। ਦਰਅਸਲ, ਡਾ. ਨਵਜੋਤ ਕੌਰ ਸਿੱਧੂ ਨੇ ਹਾਲ ਹੀ ਵਿੱਚ ਇੱਕ ਨਿੱਜੀ ਚੈਨਲ 'ਤੇ ਗੱਲਬਾਤ ਦੌਰਾਨ ਸੁਖਜਿੰਦਰ ਸਿੰਘ ਰੰਧਾਵਾ ਅਤੇ ਕਈ ਹੋਰ ਸਿਆਸਤਦਾਨਾਂ 'ਤੇ ਗੰਭੀਰ ਦੋਸ਼ ਲਗਾਏ ਸਨ। ਉਨ੍ਹਾਂ ਦਾਅਵਾ ਕੀਤਾ ਸੀ ਕਿ ਸੁਖਜਿੰਦਰ ਰੰਧਾਵਾ ਦੇ ਗੈਂਗਸਟਰਾਂ ਨਾਲ ਸਬੰਧ ਹਨ। ਉਨ੍ਹਾਂ ਨੇ ਉਨ੍ਹਾਂ 'ਤੇ ਕਈ ਹੋਰ ਦੋਸ਼ ਵੀ ਲਗਾਏ।

ਰੰਧਾਵਾ ਨੇ ਤੁਰੰਤ ਇਨ੍ਹਾਂ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਨੂੰ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਝੂਠਾ ਦੱਸਿਆ। ਉਨ੍ਹਾਂ ਹੁਣ ਆਪਣੇ ਵਕੀਲ ਰਾਹੀਂ ਕਾਨੂੰਨੀ ਨੋਟਿਸ ਭਿਜਵਾਇਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਅਜਿਹੇ ਬਿਆਨਾਂ ਨੇ ਉਨ੍ਹਾਂ ਦੀ ਰਾਜਨੀਤਿਕ ਅਤੇ ਸਮਾਜਿਕ ਛਵੀ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ ਇਹ ਮਾਮਲਾ ਅਤੇ ਮਾਣਹਾਨੀ ਦਾ ਬਣਦਾ ਹੈ।

ਡਾ. ਸਿੱਧੂ ਨੇ ਰੰਧਾਵਾ ਦੇ ਕਾਨੂੰਨੀ ਨੋਟਿਸ ਦਾ ਜਵਾਬ ਦਿੱਤਾ

ਚੰਡੀਗੜ੍ਹ : ਸਾਬਕਾ ਵਿਧਾਇਕਾ ਨਵਜੋਤ ਕੌਰ ਸਿੱਧੂ ਨੇ ਕਾਂਗਰਸ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਭੇਜੇ ਗਏ ਕਾਨੂੰਨੀ ਨੋਟਿਸ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ। ਉਨ੍ਹਾਂ ਇਸ ਨੋਟਿਸ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਕਿਹਾ ਕਿ ਉਹ ਆਪਣੇ ਹਰ ਬਿਆਨ 'ਤੇ ਕਾਇਮ ਹਨ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਰੰਧਾਵਾ ਨੇ ਨੋਟਿਸ ਵਾਪਸ ਨਾ ਲਿਆ ਤਾਂ ਉਹ ਖੁਦ ਕਾਨੂੰਨੀ ਕਾਰਵਾਈ ਸ਼ੁਰੂ ਕਰਨਗੇ।

ਕੌਰ ਨੇ ਕਿਹਾ ਕਿ ਉਨ੍ਹਾਂ ਦੀਆਂ ਟਿੱਪਣੀਆਂ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਦੇ ਅਧੀਨ ਆਉਂਦੀਆਂ ਹਨ ਅਤੇ ਇਹ ਮੀਡੀਆ ਰਿਪੋਰਟਾਂ 'ਤੇ ਆਧਾਰਿਤ ਹਨ।

ਮੰਗਲਵਾਰ ਨੂੰ ਰੰਧਾਵਾ-ਜੋ ਕਿ ਰਾਜਸਥਾਨ ਦੇ ਕਾਂਗਰਸ ਇੰਚਾਰਜ ਵੀ ਹਨ, ਨੇ ਕੌਰ ਨੂੰ ਕਾਨੂੰਨੀ ਨੋਟਿਸ ਭੇਜ ਕੇ ਉਨ੍ਹਾਂ 'ਤੇ ਮਾਣਹਾਨੀ ਵਾਲੇ ਦੋਸ਼ ਲਗਾਉਣ ਲਈ ਮੁਆਫੀ ਮੰਗਣ ਦੀ ਮੰਗ ਕੀਤੀ ਸੀ। ਨੋਟਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ 7 ਅਤੇ 8 ਦਸੰਬਰ ਨੂੰ ਕੌਰ ਨੇ ਜਨਤਕ ਤੌਰ 'ਤੇ ਰੰਧਾਵਾ 'ਤੇ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ, ਜਿਸ ਵਿੱਚ ਪੈਸੇ ਦੇ ਬਦਲੇ ਪਾਰਟੀ ਦੀਆਂ ਟਿਕਟਾਂ ਵੰਡਣ ਦੇ ਕਥਿਤ ਦੋਸ਼ ਸ਼ਾਮਲ ਸਨ।

ਕੌਰ ਦਾ ਇਹ ਵਿਵਾਦਮਈ ਜਵਾਬ ਕਾਂਗਰਸ ਵੱਲੋਂ ਸੋਮਵਾਰ ਨੂੰ ਉਨ੍ਹਾਂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰਨ ਤੋਂ ਬਾਅਦ ਆਇਆ ਹੈ। ਉਨ੍ਹਾਂ ਨੂੰ ਮੁਅੱਤਲ '500 ਕਰੋੜ ਰੁਪਏ' ਵਾਲੀ ਟਿੱਪਣੀ ਕਾਰਨ ਕੀਤਾ ਗਿਆ ਸੀ। ਇਸ ਦੌਰਾਨ, ਕਈ ਹੋਰ ਪਾਰਟੀ ਆਗੂਆਂ ਨੇ ਵੀ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਹੈ।

ਪੰਜਾਬ ਪੀ.ਸੀ.ਐਸ. ਮੁੱਢਲੀ ਪ੍ਰੀਖਿਆ 'ਚ ਪੰਜਾਬੀ ਭਾਸ਼ਾ ਨਾਲ ਬੇਇਨਸਾਫ਼ੀ: ਮਿਸਲ ਸਤਲੁਜ ਦਾ ਵਿਰੋਧ

ਪੰਜਾਬ ਪੀ.ਸੀ.ਐਸ. ਨੇ ਪੇਂਡੂ ਨੌਜਵਾਨਾਂ ਦੀਆਂ ਉਮੀਦਾਂ ਨੂੰ ਤੋੜਿਆ: ਮਿਸਲ ਸਤਲੁਜ

ਪਟਿਆਲਾ 10 ਦਸੰਬਰ —ਅੱਜ ਇਥੇ ਮਿਸਲ ਸਤਲੁਜ ਜਥੇਬੰਦੀ ਵੱਲੋਂ ਯਾਦਵਿੰਦਰ ਸਿੰਘ ਯਾਦੂ ਦੀ ਅਗਵਾਈ ਵਿੱਚ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਨੂੰ ਮੰਗ ਪੱਤਰ ਸੌਂਪਿਆ ਗਿਆ ।

ਇਸ ਪੱਤਰ ਰਾਹੀਂ ਇਹ ਗੰਭੀਰ ਮਾਮਲਾ ਉਠਾਇਆ ਗਿਆ ਹੈ ਕਿ ਇਸ ਵਾਰ ਦੀ ਪੀਸੀਐਸ ਮੁੱਢਲੀ ਪ੍ਰੀਖਿਆ (7 ਦਸੰਬਰ 2025) ਵਿੱਚ ਪੰਜਾਬੀ ਭਾਸ਼ਾ ਨੂੰ ਜਾਣ-ਬੁੱਝ ਕੇ ਹੱਦੋਂ ਵੱਧ ਘੱਟ ਕੀਤਾ ਗਿਆ ਹੈ, ਜੋ ਕਿ ਪੰਜਾਬ ਦੇ ਪੇਂਡੂ ਵਿਦਿਆਰਥੀਆਂ ਨਾਲ ਸਿੱਧਾ ਧੱਕਾ ਹੈ

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯਾਦਵਿੰਦਰ ਸਿੰਘ ਯਾਦੂ ਨੇ ਕਿਹਾ ਕਿ ਦੂਜੇ ਪੇਪਰ (ਸੀਐਸਏਟੀ) ਵਿੱਚ ਜਿੱਥੇ ਪਹਿਲਾਂ 15 ਤੋਂ 20 ਜਾਂ ਕਈ ਵਾਰ 25 ਪ੍ਰਸ਼ਨ ਪੰਜਾਬੀ ਦੇ ਹੁੰਦੇ ਸਨ, ਇਸ ਵਾਰ ਕੇਵਲ 8 ਪ੍ਰਸ਼ਨ ਹੀ ਸ਼ਾਮਲ ਕੀਤੇ ਗਏ ਹਨ। ਯਾਦੂ ਨੇ ਕਿਹਾ ਕਿ ਕਿ ਸੀਐਸਏਟੀ ਪੇਪਰ ਵਿੱਚ ਪੰਜਾਬੀ ਹਿਸੇ ਨੂੰ ਘੱਟ ਕਰਕੇ ਮੁੜ ਗਣਿਤ-ਕੇਂਦਰਿਤ ਬਣਾਇਆ ਗਿਆ ਹੈ, ਜਿਸ ਕਾਰਨ ਪੇਂਡੂ ਤੇ ਗੈਰ-ਗਣਿਤ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਭਾਰੀ ਨੁਕਸਾਨ ਹੋਇਆ ਹੈ।

ਇਸ ਤੋਂ ਇਲਾਵਾ ਪਹਿਲੇ ਪੇਪਰ ਵਿੱਚੋਂ ਪੰਜਾਬ ਦੇ ਇਤਿਹਾਸ, ਭੂਗੋਲ, ਆਰਥਿਕ ਹਾਲਾਤ, ਗੁਰੂ ਸਾਹਿਬਾਨ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੇ ਹਿੱਸਿਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ, ਜਿਸ ਕਾਰਨ ਪੰਜਾਬ ਸਬੰਧੀ ਵਿਸ਼ਿਆਂ ਦੀ ਭੂਮਿਕਾ ਲਗਭਗ ਨਿਗੂਣੀ ਰਹੀ ।

ਅਮਰਿੰਦਰ ਸਿੰਘ ਨੇ ਕਿਹਾ ਕਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਪੇਪਰ ਵਿਦਿਆਰਥੀਆਂ ਵਿੱਚ ਉਤਸ਼ਾਹ ਪੈਦਾ ਕਰਨ ਲਈ ਹੁੰਦੇ ਹਨ ਨਾ ਕਿ ਵਿਦਿਆਰਥੀਆਂ ਨੂੰ ਧੁਰ ਅੰਦਰ ਤੱਕ ਤੋੜ ਉਹਨਾਂ ਦਾ ਮਨੋਬਲ ਡੇਗਣ ਲਈ। ਆਗੂਆਂ ਨੇ ਕਿਹਾ ਕਿ ਇਸ ਪੇਪਰ ਵਿੱਚੋਂ , 40 ਪ੍ਰਤੀਸ਼ਤ (32ਪ੍ਰਸ਼ਨ) ਕੁਆਲੀਫਾਈ ਕਰਨ ਲਈ ਰੱਖੇ ਗਏ ਅੰਕ, ਯੂਪੀਐਸਸੀ ਦੇ ਪੈਟਰਨ ਅਨੁਸਾਰ 33% ਕੀਤੇ ਜਾਣ ਜਾਂ ਫਿਰ ਇਸ ਸਾਲ ਹਰ ਵਿਦਿਆਰਥੀ ਨੂੰ ਦੂਸਰੇ ਪੇਪਰ ਵਿੱਚ ਗਰੇਸ ਨੰਬਰ ਵੱਲੋਂ ਦਿੱਤੇ ਜਾਣ ਜਾਂ

ਇਸ ਮਾਮਲੇ ਸਬੰਧੀ ਕੋਈ ਢੁਕਵਾਂ ਕਦਮ ਚੁੱਕਿਆਂ ਜਾਵੇ ਤਾਂ ਜੋ ਉਮੀਦਵਾਰਾਂ ਨਾਲ ਇਨਸਾਫ ਹੋ ਸਕੇ ਅਤੇ ਪੇਂਡੂ ਖੇਤਰ ਦੇ ਵਿਦਿਆਰਥੀਆਂ ਨਾਲ ਖਿਲਵਾੜ ਰੁਕ ਸਕੇ ।ਜਥੇਬੰਦੀ ਨੇ ਚੇਅਰਮੈਨ ਕੋਲੋਂ ਜਲਦੀ ਮੁਲਾਕਾਤ ਲਈ ਸਮਾਂ ਮੰਗਿਆ ਹੈ ਤਾਂ ਜੋ ਇਸ ਮਾਮਲੇ ਤੇ ਵਿਚਾਰ-ਵਟਾਂਦਰਾ ਕੀਤਾ ਜਾਵੇ ।

ਨੌਜਵਾਨ ਆਗੂ ਯਾਦਵਿੰਦਰ ਸਿੰਘ ਯਾਦੂ 'ਅਲਾਲ' ਦਾ 'ਮਿਸਲ ਸਤਲੁਜ' 'ਚ ਸ਼ਾਮਲ ਹੋਣ 'ਤੇ ਅਜੇਪਾਲ ਸਿੰਘ ਬਰਾੜ ਨੇ ਕੀਤਾ ਸਵਾਗਤ

ਸ੍ਰ. ਅਜੇਪਾਲ ਸਿੰਘ ਬਰਾੜ ਨੇ ਪੰਜਾਬੀ ਯੂਨਿਵਰਸਿਟੀ ਦੀ ਵਿਦਿਆਰਥੀ ਰਾਜਨੀਤੀ ਦੇ ਸਿਰ ਕੱਢ ਨੌਜਵਾਨ ਲੀਡਰ ਯਾਦਵਿੰਦਰ ਸਿੰਘ ਯਾਦੂ 'ਅਲਾਲ' (ਖੋਜਾਰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ) ਅਤੇ ਅਮਰਿੰਦਰ ਸਿੰਘ (ਖੋਜਾਰਥੀ, ਰਾਜਨੀਤੀ ਵਿਗਿਆਨ ਵਿਭਾਗ) ਦਾ ਮਿਸਲ ਸਤਲੁਜ ਵਿਚ ਸਵਾਗਤ ਕੀਤਾ ਹੈ।

ਇਸ ਮੌਕੇ ਯਾਦਵਿੰਦਰ ਸਿੰਘ ਯਾਦੂ 'ਅਲਾਲ' ਨੇ ਕਿਹਾ ਕਿ 'ਅਸੀਂ ਪੰਜਾਬ ਅਤੇ ਪੰਥ ਦੀ ਗੱਲ ਕਰਨ ਵਾਲੀ ਜਥੇਬੰਦੀ ਮਿਸਲ ਸਤਲੁਜ ਨਾਲ ਜੁੜ ਕੇ ਮਾਣ ਮਹਿਸੂਸ ਕਰ ਰਹੇ ਹਾਂ। ਅਸੀਂ ਜਥੇਬੰਦੀ ਵੱਲੋਂ ਦਿੱਤੀ ਜਾਣ ਵਾਲੀ ਹਰ ਜ਼ਿੰਮੇਵਾਰੀ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਲਈ ਵਚਨਬੱਧ ਰਹਾਂਗੇ।

ਸ਼ਹਿਰਾਂ ਦੀ ਪਾਰਟੀ ਕਹਾਉਂਦੀ ਭਾਜਪਾ ਨੇ ਪਿੰਡਾਂ ਵੱਲ ਤੋਰੀ ਮੁਹਿੰਮ

ਅਗਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ 'ਚ ਲੱਗੀ ਭਾਜਪਾ

ਜਲੰਧਰ/ਏ.ਟੀ.ਨਿਊਜ਼: ਪੰਜਾਬ 'ਚ ਹੋ ਰਹੀਆਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਇਸ ਵਾਰ ਮੁਕਾਬਲਾ ਕਾਫ਼ੀ ਦਿਲਚਸਪ ਵੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਦਿਹਾਤੀ ਇਲਾਕਿਆਂ ਨਾਲ ਸਬੰਧਿਤ ਇਨ੍ਹਾਂ ਚੋਣਾਂ ਵਿੱਚ ਆਮ ਤੌਰ 'ਤੇ ਸੱਤਾਧਾਰੀ ਪਾਰਟੀ ਦੇ ਨਾਲ-ਨਾਲ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੈਦਾਨ ਵਿੱਚ ਉਤਰਦੇ ਹੋਏ ਵੇਖਿਆ ਗਿਆ ਹੈ ਪਰ ਇਸ ਵਾਰ ਇਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਟੱਕਰ ਦੇਣ ਲਈ ਭਾਰਤੀ ਜਨਤਾ ਪਾਰਟੀ ਵੀ ਮੁਸਤੈਦੀ ਨਾਲ ਮੈਦਾਨ ਵਿੱਚ ਉਤਰ ਰਹੀ ਹੈ। ਜਿਹੜੀਆਂ ਵੋਟਾਂ ਪਹਿਲਾਂ 2-3 ਪਾਰਟੀਆਂ ਵਿਚਕਾਰ ਵੰਡੀਆਂ ਜਾਂਦੀਆਂ ਸਨ ਅਤੇ ਜਿਨ੍ਹਾਂ ਦੇ ਆਧਾਰ 'ਤੇ ਜਿੱਤ-ਹਾਰ ਦਾ ਫ਼ੈਸਲਾ ਹੁੰਦਾ ਸੀ, ਉਨ੍ਹਾਂ ਵੋਟਾਂ ਵਿੱਚ ਹੁਣ ਭਾਜਪਾ ਵੀ ਸੰਨ੍ਹ ਲਾਉਣ 'ਚ ਲੱਗ ਗਈ ਹੈ। ਇਸ ਦਾ ਨੁਕਸਾਨ ਕਿਸ ਨੂੰ ਹੋਵੇਗਾ, ਇਹ ਚੋਣ ਨਤੀਜਿਆਂ ਵਿੱਚ ਸਪਸ਼ਟ ਹੋ ਜਾਵੇਗਾ ਪਰ ਜਿਸ ਤਰ੍ਹਾਂ ਭਾਜਪਾ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਕਮੇਟੀ ਦੀਆਂ ਚੋਣਾਂ ਲਈ ਕਮਰ ਕੱਸੀ ਹੈ, ਉਸ ਨਾਲ ਪਾਰਟੀ ਦੇ ਵਰਕਰ ਤਾਂ ਉਤਸ਼ਾਹਿਤ ਹਨ ਹੀ, ਆਮ ਜਨਤਾ ਵਿੱਚ ਵੀ ਚਰਚਾਵਾਂ ਦਾ ਬਾਜ਼ਾਰ ਗਰਮ ਹੋ ਗਿਆ ਹੈ।

ਜਿੱਥੇ ਕਦੇ ਨਾਮੋ-ਨਿਸ਼ਾਨ ਨਹੀਂ, ਉੱਥੇ ਹੁਣ ਕਈ ਦਾਅਵੇਦਾਰ

ਜ਼ਿਲ੍ਹਾ ਪ੍ਰੀਸ਼ਦ ਦੀਆਂ ਇਨ੍ਹਾਂ ਚੋਣਾਂ ਦਾ ਆਯੋਜਨ ਪੰਜਾਬ ਦੇ 14,653 ਪਿੰਡਾਂ ਵਿੱਚ ਇਨ੍ਹੀਂ ਦਿਨੀਂ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ ਅਤੇ ਸਾਰੀਆਂ ਸਿਆਸੀ ਪਾਰਟੀਆਂ ਜ਼ੋਰ-ਅਜ਼ਮਾਇਸ਼ ਕਰ ਰਹੀਆਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਇਲਾਕੇ ਅਜਿਹੇ ਹਨ, ਜਿੱਥੇ ਭਾਰਤੀ ਜਨਤਾ ਪਾਰਟੀ ਦਾ ਉਮੀਦਵਾਰ ਪਹਿਲੀ ਵਾਰ ਮੈਦਾਨ ਵਿੱਚ ਉਤਰ ਰਿਹਾ ਹੈ। ਭਾਜਪਾ ਕਿਸ ਪੱਧਰ 'ਤੇ ਤਿਆਰੀ ਵਿੱਚ ਜੁਟੀ ਹੈ, ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਜ਼ਿਲ੍ਹਾ ਪ੍ਰੀਸ਼ਦ ਖੇਤਰਾਂ ਵਿੱਚ ਕੁੱਲ੍ਹ 357 ਜ਼ੋਨ ਹਨ ਅਤੇ ਇਨ੍ਹਾਂ ਵਿੱਚ 279 ਉਮੀਦਵਾਰਾਂ ਦੇ ਕਾਗਜ਼ ਦਾਖ਼ਲ ਕੀਤੇ ਗਏ ਹਨ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਇੰਨੀ ਵੱਡੀ ਗਿਣਤੀ 'ਚ ਕਾਗਜ਼ ਭਰੇ ਗਏ ਹਨ। ਇਸੇ ਤਰ੍ਹਾਂ ਬਲਾਕ ਪੱਧਰ 'ਤੇ ਵੀ ਇਸ ਵਾਰ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। 2,777 ਬਲਾਕ ਜ਼ੋਨਾਂ ਵਿੱਚ ਭਾਜਪਾ ਦੇ ਲੋਕਾਂ ਨੇ 1569 ਕਾਗਜ਼ ਦਾਖ਼ਲ ਕੀਤੇ ਹਨ। ਕਈ ਇਲਾਕਿਆਂ ਵਿੱਚ ਪਾਰਟੀ ਦੇ ਉਮੀਦਵਾਰਾਂ ਦੇ ਕਾਗਜ਼ ਰਿਜੈਕਟ ਵੀ ਹੋਏ ਹਨ। ਇਸ ਸਬੰਧੀ ਅੰਤਿਮ ਡਾਟਾ ਅਜੇ ਆਉਣਾ ਹੈ ਪਰ ਵੱਡੀ ਗੱਲ ਇਹ ਹੈ ਕਿ ਜਿਨ੍ਹਾਂ ਇਲਾਕਿਆਂ ਵਿਚ ਕਦੇ ਭਾਜਪਾ ਦਾ ਨਾਮੋ-ਨਿਸ਼ਾਨ ਤਕ ਨਹੀਂ ਸੀ, ਉਨ੍ਹਾਂ ਵਿਚ ਪਾਰਟੀ ਦੇ ਕਾਗਜ਼ ਦਾਖਲ ਕਰਨ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਜਿੱਤ-ਹਾਰ ਬਾਅਦ ਦੀ ਗੱਲ ਹੈ ਪਰ ਖ਼ਾਸ ਗੱਲ ਇਹ ਹੈ ਕਿ ਪਾਰਟੀ ਕੋਸ਼ਿਸ਼ ਕਰ ਰਹੀ ਹੈ।

ਸਿਰਫ਼ 'ਸ਼ਹਿਰਾਂ ਦੀ ਪਾਰਟੀ' ਟੈਗਲਾਈਨ ਨੂੰ ਪਿੱਛੇ ਛੱਡ ਰਹੀ ਭਾਜਪਾ

ਅੰਗਰੇਜ਼ੀ ਦਾ ਇੱਕ ਸ਼ਬਦ ਹੈ 'ਹਿੰਟਰਲੈਂਡ' ਅਤੇ ਇਹ ਸ਼ਬਦ ਭਾਜਪਾ ਲਈ ਕਾਫ਼ੀ ਚਰਚਾ ਵਿੱਚ ਹੈ। ਹਿੰਟਰਲੈਂਡ ਦਾ ਮਤਲਬ ਹੁੰਦਾ ਹੈ ਕਿ ਦੂਰ-ਦੁਰਾਡੇ ਦੇ ਪਿੰਡ ਜਾਂ ਇਲਾਕੇ ਅਤੇ ਭਾਜਪਾ ਦਾ ਟਾਰਗੈੱਟ ਅੱਜਕੱਲ ਇਹ ਹਿੰਟਰਲੈਂਡ ਹੀ ਹਨ। ਭਾਜਪਾ ਨੂੰ ਅਕਸਰ ਸ਼ਹਿਰੀ ਪਾਰਟੀ ਦੇ ਤੌਰ 'ਤੇ ਜਾਣਿਆ ਜਾਂਦਾ ਰਿਹਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਪਾਰਟੀ ਨੇ ਪਿੰਡਾਂ ਵੱਲ ਰੁਖ਼ ਕੀਤਾ ਹੈ ਅਤੇ ਪਾਰਟੀ ਦੀ ਕੋਸ਼ਿਸ਼ ਹੈ ਕਿ ਉਹ ਖ਼ੁਦ ਨੂੰ ਸਿਰਫ਼ 'ਸ਼ਹਿਰਾਂ ਦੀ ਪਾਰਟੀ' ਦੀ ਟੈਗਲਾਈਨ 'ਚੋਂ ਬਾਹਰ ਕੱਢ ਸਕੇ। 'ਪਿੰਡਾਂ ਦੀ ਪਾਰਟੀ' ਵਾਲੀ ਟੈਗਲਾਈਨ ਇਕਦਮ ਤਾਂ ਨਹੀਂ ਮਿਲੇਗੀ ਪਰ ਪਿੰਡਾਂ ਵਿੱਚ ਖ਼ੁਦ ਨੂੰ ਸਥਾਪਤ ਕਰਨ ਲਈ ਪਾਰਟੀ ਕੋਲ ਕਾਫ਼ੀ ਵੱਡਾ ਮੈਦਾਨ ਹੈ।

ਮੈਂਬਰੀ ਮੁਹਿੰਮ 'ਚ ਵੀ ਪਿੰਡਾਂ 'ਚ ਮਿਲਿਆ ਸੀ ਪਾਜ਼ੇਟਿਵ ਰਿਸਪਾਂਸ

ਪੰਜਾਬ 'ਚ ਭਾਜਪਾ ਪਿੰਡਾਂ ਵਿੱਚ ਕਾਮਯਾਬ ਹੋ ਰਹੀ ਹੈ ਜਾਂ ਨਹੀਂ, ਇਸ ਗੱਲ ਦਾ ਅੰਦਾਜ਼ਾ ਇਸੇ ਤੋਂ ਲਾਇਆ ਜਾ ਸਕਦਾ ਹੈ ਕਿ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਮੈਂਬਰੀ ਮੁਹਿੰਮ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚ ਵੀ ਚੱਲ ਰਹੀ ਹੈ ਅਤੇ ਪਿਛਲੇ ਸਮੇਂ ਦੇ ਮੁਕਾਬਲੇ ਪਾਰਟੀ ਨੂੰ ਇਸ ਵਾਰ ਦੀ ਮੈਂਬਰੀ ਮੁਹਿੰਮ ਵਿੱਚ ਪਿੰਡਾਂ 'ਚ ਕਾਫੀ ਪਾਜ਼ੇਟਿਵ ਰਿਸਪਾਂਸ ਮਿਲ ਰਿਹਾ ਹੈ। 2 ਸਤੰਬਰ 2024 ਨੂੰ ਦੇਸ਼ ਭਰ ਵਿੱਚ ਭਾਜਪਾ ਨੇ ਮੈਂਬਰੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਮੁਹਿੰਮ ਵਿੱਚ ਭਾਜਪਾ ਨੂੰ ਪਿੰਡਾਂ ਤੋਂ ਪਾਜ਼ੇਟਿਵ ਰਿਸਪਾਂਸ ਮਿਲਿਆ ਅਤੇ ਪਾਰਟੀ ਨੇ ਉਨ੍ਹਾਂ ਇਲਾਕਿਆਂ ਵਿੱਚ ਵੀ ਨਵੇਂ ਮੈਂਬਰ ਬਣਾਏ ਜਿੱਥੇ ਕਦੇ ਭਾਜਪਾ ਦਾ ਝੰਡਾ ਤੱਕ ਨਹੀਂ ਵੇਖਿਆ ਜਾਂਦਾ ਸੀ। ਜਾਣਕਾਰੀ ਅਨੁਸਾਰ ਉਕਤ ਮੈਂਬਰੀ ਮੁਹਿੰਮ ਵਿੱਚ ਵੀ ਭਾਜਪਾ ਦੇ ਕੁਲ ਮੈਂਬਰਾਂ ਤੋਂ ਇਲਾਵਾ ਲੱਗਭਗ ਡੇਢ ਲੱਖ ਨਵੇਂ ਮੈਂਬਰ ਪਿੰਡਾਂ ਨਾਲ ਹੀ ਜੁੜੇ ਸਨ। ਪਿਛਲੀਆਂ ਬਲਾਕ ਕਮੇਟੀ ਚੋਣਾਂ ਵਿੱਚ ਵੀ ਜੇ ਵੇਖਿਆ ਜਾਵੇ ਤਾਂ ਪੰਜਾਬ ਵਿੱਚ ਭਾਜਪਾ ਨੇ 12,738 ਬਲਾਕਾਂ ਵਿੱਚ 3,391 ਉਮੀਦਵਾਰਾਂ ਨੂੰ ਸਰਪੰਚ ਦੇ ਅਹੁਦੇ ਲਈ ਮੈਦਾਨ ਵਿੱਚ ਉਤਾਰਿਆ ਸੀ, ਜਿਨ੍ਹਾਂ ਵਿੱਚ 1,040 ਉਮੀਦਵਾਰ ਜੇਤੂ ਰਹੇ।

ਕਾਰਪੋਰੇਸ਼ਨ ਚੋਣਾਂ 'ਚ ਵੀ ਮਜ਼ਬੂਤ ਨਜ਼ਰ ਆਈ ਸੀ ਭਾਜਪਾ

ਪਿਛਲੇ ਸਾਲ ਪੰਜਾਬ 'ਚ ਹੋਈਆਂ ਕਾਰਪੋਰੇਸ਼ਨ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਫਲਤਾ ਬਾਰੇ ਇਸ ਗੱਲ ਤੋਂ ਪਤਾ ਲਾਇਆ ਜਾ ਸਕਦਾ ਹੈ ਕਿ ਪਾਰਟੀ ਨੂੰ 2017 ਦੇ ਮੁਕਾਬਲੇ 2024 'ਚ ਨਾ ਸਿਰਫ਼ ਬਿਹਤਰ ਵੋਟਾਂ ਮਿਲੀਆਂ, ਸਗੋਂ ਪਾਰਟੀ ਦੀ ਟਿਕਟ 'ਤੇ ਜਿੱਤਣ ਵਾਲਿਆਂ ਦੀ ਗਿਣਤੀ ਵੀ ਵਧ ਗਈ। ਜਲੰਧਰ ਨਗਰ ਨਿਗਮ 'ਚ 85 ਸੀਟਾਂ 'ਤੇ ਹੋਈਆਂ ਚੋਣਾਂ ਵਿੱਚ ਭਾਜਪਾ ਨੇ 2017 'ਚ 7 ਸੀਟਾਂ ਜਿੱਤੀਆਂ ਸਨ।

(ਬਾਕੀ ਸਫ਼ਾ 26 'ਤੇ)

12 ਵੱਜ ਗਏ ਟਿੱਪਣੀ ਕਾਰਨ ਕਾਂਗਰਸੀ ਆਗੂ ਹਰਕ ਰਾਵਤ ਵਿਵਾਦਾਂ ਵਿੱਚ, ਮਾਫ਼ੀ ਮਗਰੋਂ ਵੀ ਰੋਸ ਬਰਕਰਾਰ

ਰਾਵਤ ਨੇ ਪਾਉਂਟਾ ਸਾਹਿਬ ਵਿੱਚ ਬਰਤਨ ਮਾਂਜਣ ਦੀ ਸੇਵਾ ਕੀਤੀ, ਸਿੱਖ ਭਾਈਚਾਰੇ ਤੋਂ ਮੰਗੀ ਮਾਫ਼ੀ

ਉੱਤਰਾਖੰਡ ਦੀ ਰਾਜਨੀਤੀ ਵਿੱਚ ਇੱਕ ਵਾਰ ਫ਼ਿਰ ਤੇਜ਼ੀ ਨਾਲ ਗਰਮਾਏ ਵਿਵਾਦ ਨੇ ਸਾਰਿਆਂ ਦਾ ਧਿਆਨ ਖਿੱਚ ਲਿਆ ਹੈ। ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਹਰਕ ਸਿੰਘ ਰਾਵਤ ਨੇ ਦੇਹਰਾਦੂਨ ਵਿੱਚ ਵਕੀਲਾਂ ਦੇ ਧਰਨੇ ਦੌਰਾਨ ਇੱਕ ਸਿੱਖ ਵਕੀਲ ਨੂੰ ਦੁਪਹਿਰ ਦੇ 12 ਵੱਜ ਗਏ ਹਨ ਕਹਿ ਕੇ ਬੈਠਣ ਲਈ ਕਿਹਾ ਸੀ। ਇਹ ਗੱਲ ਸਿੱਖ ਭਾਈਚਾਰੇ ਨੂੰ ਬਹੁਤ ਬੁਰੀ ਲੱਗੀ ,ਕਿਉਂਕਿ ਇਹ ਸਿੱਖ ਪੰਥ ਉੱਪਰ ਭੈੜਾ ਵਿਅੰਗ ਕਸਿਆ ਗਿਆ ਸੀ ।ਇਸ ਤੋਂ ਬਾਅਦ ਸੂਬੇ ਭਰ ਵਿੱਚ ਰੋਸ ਪ੍ਰਦਰਸ਼ਨ ਸ਼ੁਰੂ ਹੋ ਗਏ। ਹਰਕ ਸਿੰਘ ਰਾਵਤ ਨੇ ਤੁਰੰਤ ਮਾਫ਼ੀ ਮੰਗ ਲਈ, ਫ਼ਿਰ ਵੀ ਸਿੱਖ ਭਾਈਚਾਰੇ ਦਾ ਗੁੱਸਾ ਨਹੀਂ ਠੰਡਾ ਹੋਇਆ। ਹੁਣ ਉਹ ਗੁਰਦੁਆਰਾ ਪਾਉਂਟਾ ਸਾਹਿਬ ਵਿੱਚ ਹਾਜ਼ਰੀ ਭਰ ਕੇ, ਜੂਠੇ ਬਰਤਨ ਮਾਂਜ ਕੇ, ਲੰਗਰ ਵਿੱਚ ਸੇਵਾ ਕਰਕੇ ਅਤੇ ਅਰਦਾਸ ਕਰਕੇ ਮੁਆਫ਼ੀ ਮੰਗ ਰਹੇ ਹਨ।

ਕੀ ਹੋਇਆ ਸੀ ਉਸ ਦਿਨ ?

5 ਦਸੰਬਰ ਨੂੰ ਦੇਹਰਾਦੂਨ ਦੀਆਂ ਅਦਾਲਤਾਂ ਵਿੱਚ ਵਕੀਲ ਪਿਛਲੇ 26 ਦਿਨਾਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ 'ਤੇ ਬੈਠੇ ਸਨ। ਕਾਂਗਰਸ ਆਗੂ ਹਰਕ ਸਿੰਘ ਰਾਵਤ ਵਕੀਲਾਂ ਨੂੰ ਸਮਰਥਨ ਦੇਣ ਆਏ ਸਨ। ਜਦੋਂ ਉਹ ਭਾਸ਼ਣ ਦੇ ਰਹੇ ਸਨ ਤਾਂ ਇੱਕ ਸਿੱਖ ਵਕੀਲ ਨੇ ਕੁਝ ਕਹਿਣ ਲਈ ਖੜ੍ਹੇ ਹੋਣ ਦੀ ਕੋਸ਼ਿਸ਼ ਕੀਤੀ। ਹਰਕ ਸਿੰਘ ਨੇ ਉਸ ਵੱਲ ਇਸ਼ਾਰਾ ਕਰਦਿਆਂ ਕਿਹਾ, ਦੁਪਹਿਰ ਦੇ 12 ਵੱਜ ਗਏ ਹਨ, ਬੈਠ ਜਾਓ। ਇਹ ਗੱਲ ਸੁਣਦਿਆਂ ਹੀ ਮਾਹੌਲ ਗਰਮਾ ਗਿਆ। ਮੌਕੇ 'ਤੇ ਮੌਜੂਦ ਵਕੀਲਾਂ ਅਤੇ ਸਿੱਖ ਨੌਜਵਾਨਾਂ ਨੇ ਇਸ ਨੂੰ ਸਿੱਖਾਂ ਦਾ ਅਪਮਾਨ ਕਿਹਾ। ਹਰਕ ਸਿੰਘ ਰਾਵਤ ਨੇ ਤੁਰੰਤ ਮਾਫ਼ੀ ਮੰਗੀ ਪਰ ਵਿਰੋਧ ਇੰਨਾ ਵਧ ਗਿਆ ਕਿ ਉਨ੍ਹਾਂ ਨੂੰ ਸਟੇਜ ਛੱਡ ਕੇ ਜਾਣਾ ਪਿਆ।

ਵੀਡੀਓ ਵਾਇਰਲ, ਸੂਬੇ ਭਰ ਵਿੱਚ ਰੋਸ

ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਫ਼ੈਲ ਗਿਆ। ਅਗਲੇ ਦਿਨ 6 ਦਸੰਬਰ ਨੂੰ ਦੇਹਰਾਦੂਨ ਦੇ ਘੰਟਾਘਰ ਤੇ ਬਾਕੀ ਸ਼ਹਿਰਾਂ ਵਿੱਚ ਸਿੱਖ ਨੌਜਵਾਨਾਂ ਨੇ ਹਰਕ ਸਿੰਘ ਰਾਵਤ ਦਾ ਪੁਤਲਾ ਫੂਕਿਆ ਅਤੇ ਨਾਅਰੇਬਾਜ਼ੀ ਕੀਤੀ। ਕਈ ਥਾਵਾਂ 'ਤੇ ਰੋਸ ਮੁਜ਼ਾਹਰੇ ਹੋਏ।

ਭਾਜਪਾ ਨੇ ਬਣਾਇਆ ਵੱਡਾ ਮੁੱਦਾ

ਭਾਜਪਾ ਨੇ ਇਸ ਮੌਕੇ ਨੂੰ ਹੱਥੋ-ਹੱਥ ਲਿਆ। ਪਾਰਟੀ ਨੇ ਵੀਡੀਓ ਸ਼ੇਅਰ ਕਰਕੇ ਕਿਹਾ ਕਿ ਕਾਂਗਰਸ ਦਾ ਸਿੱਖ ਵਿਰੋਧੀ ਚਿਹਰਾ ਬੇਨਕਾਬ ਹੋ ਗਿਆ ਹੈ। ਭਾਜਪਾ ਦੇ ਮੀਡੀਆ ਇੰਚਾਰਜ ਮਨਵੀਰ ਸਿੰਘ ਚੌਹਾਨ ਨੇ ਕਿਹਾ, ਪਹਿਲਾਂ ਹਿੰਦੂਆਂ 'ਤੇ ਟਿੱਪਣੀ, ਹੁਣ ਸਿੱਖਾਂ ਦਾ ਅਪਮਾਨ। ਮਾਫ਼ੀ ਮੰਗ ਕੇ ਗੁਰਦੁਆਰੇ ਜਾ ਕੇ ਨਾਟਕ ਕਰਨਾ ਕਾਂਗਰਸ ਦੀ ਨਵੀਂ ਰਾਜਨੀਤੀ ਹੈ।

ਕਾਂਗਰਸ ਨੇ ਮਾਫ਼ੀਆਂ ਦਾ ਦੌਰ ਚਲਾਇਆ

ਵਿਵਾਦ ਵਧਦਾ ਵੇਖ ਕਾਂਗਰਸ ਨੇ ਤੁਰੰਤ ਕਾਰਵਾਈ ਕੀਤੀ। ਪਹਿਲਾਂ ਹਰਕ ਸਿੰਘ ਰਾਵਤ ਨੇ ਖੁਦ ਮਾਫ਼ੀ ਮੰਗੀ। ਫ਼ਿਰ ਉੱਤਰਾਖੰਡ ਕਾਂਗਰਸ ਦੇ ਪ੍ਰਧਾਨ ਗਣੇਸ਼ ਗੋਦਿਯਾਲ ਨੇ ਪ੍ਰੈਸ ਕਾਨਫ਼ਰੰਸ ਕਰਕੇ ਪਾਰਟੀ ਵੱਲੋਂ ਮਾਫ਼ੀ ਮੰਗੀ। ਉਨ੍ਹਾਂ ਕਿਹਾ, ਜਿਸ ਕੌਮ ਨੇ ਦੇਸ, ਧਰਮ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹੋਣ, ਉਸ ਕੌਮ ਪ੍ਰਤੀ ਸਾਡੇ ਦਿਲ ਵਿੱਚ ਸਭ ਤੋਂ ਵੱਡਾ ਸਤਿਕਾਰ ਹੈ। (ਬਾਕੀ ਸਫ਼ਾ 26 'ਤੇ)

ਭਾਰਤ 'ਚ ਸਰੋਗੇਸੀ ਦੇ ਮਾਮਲੇ ਵਧੇ, ਨਾਲ ਹੀ ਵੱਧ ਗਈ ਹੈ ਅਨਾਥ ਬੱਚਿਆਂ ਦੀ ਗਿਣਤੀ

ਫ਼ਿਲਮਾਂ ਅਤੇ ਫ਼ਿਲਮੀ ਸਿਤਾਰਿਆਂ ਦੀ ਨਿੱਜੀ ਜ਼ਿੰਦਗੀ ਦਾ ਆਮ ਭਾਰਤੀਆਂ 'ਤੇ ਕਾਫ਼ੀ ਪ੍ਰਭਾਵ ਪੈਂਦਾ ਹੈ। ਸਰੋਗੇਸੀ ਦੇ ਮਾਮਲੇ ਵਿੱਚ ਵੀ ਅਜਿਹਾ ਅਸਰ ਵੇਖਿਆ ਜਾ ਸਕਦਾ ਹੈ। ਫ਼ਿਲਮੀ ਕਲਾਕਾਰ ਸ਼ਾਹਰੁਖ ਖਾਨ, ਪ੍ਰੀਤੀ ਜ਼ਿੰਟਾ ਅਤੇ ਪ੍ਰਿਯੰਕਾ ਚੋਪੜਾ ਸਮੇਤ ਕਈ ਬਾਲੀਵੁੱਡ ਸਿਤਾਰੇ ਸਰੋਗੇਸੀ ਰਾਹੀਂ ਮਾਪੇ ਬਣੇ ਹਨ। ਇਹਨਾਂ ਤੋਂ ਪ੍ਰੇਰਨਾ ਲੈ ਕੇ ਅਨੇਕਾਂ ਭਾਰਤੀ ਲੋਕ ਵੀ ਸਰੋਗੇਸੀ ਰਾਹੀਂ ਮਾਪੇ ਬਣਨ ਦਾ ਯਤਨ ਕਰਦੇ ਹਨ। ਅੱਜ ਮੈਡੀਕਲ ਸਾਇੰਸ ਬੇਔਲਾਦ ਜੋੜਿਆਂ ਲਈ ਬਹੁਤ ਸਾਰੇ ਮੌਕੇ ਪੇਸ਼ ਕਰਦੀ ਹੈ ਜੋ ਉਨ੍ਹਾਂ ਨੂੰ ਮਾਤਾ-ਪਿਤਾ ਬਣਨ ਦੀ ਖੁਸ਼ੀ ਦੇ ਸਕਦੇ ਹਨ। ਜੇਕਰ ਪਿਤਾ ਦੇ ਸ਼ੁਕਰਾਣੂ ਨੁਕਸਦਾਰ ਹੁੰਦੇ ਹਨ, ਤਾਂ ਜੋੜੇ ਅਕਸਰ 'ਆਈ.ਵੀ.ਐਫ.' ਦੀ ਚੋਣ ਕਰਦੇ ਹਨ। ਹਾਲਾਂ ਕਿ, ਕਈ ਵਾਰ ਮਾਂ ਅਤੇ ਪਿਤਾ ਦੋਵਾਂ ਵਿੱਚ ਸਿਹਤ ਸਮੱਸਿਆਵਾਂ ਦੇ ਕਾਰਨ, ਜੋੜੇ ਸਰੋਗੇਸੀ ਦਾ ਰਾਹ ਅਪਨਾਉਂਦੇ ਹਨ।

ਭਾਰਤ ਵਿੱਚ 'ਲੋਕਤੰਤਰੀ ਸਰਕਾਰ' ਹੋਣ ਦੇ ਬਾਵਜੂਦ 'ਪੂੰਜੀਵਾਦ' ਨੇ ਆਪਣੇ ਪੈਰ ਪਸਾਰ ਲਏ ਹਨ ਅਤੇ ਹਰ ਕੰਮ ਵਿੱਚ ਹੁਣ ਵਪਾਰਕ ਲਾਭ- ਹਾਨੀਆਂ ਨੂੰ ਵੇਖਿਆ ਜਾ ਰਿਹਾ ਹੈ। ਇਥੋਂ ਤੱਕ ਕਿ ਕਈ ਵਪਾਰਕ ਲਾਭਾਂ ਲਈ ਮਨੁੱਖੀ ਰਿਸ਼ਤਿਆਂ ਨੂੰ ਵੀ ਵਰਤਿਆ ਜਾ ਰਿਹਾ ਹੈ। ਅਜਿਹੇ ਹੀ ਮਾਮਲਿਆਂ ਵਿੱਚੋਂ ਇੱਕ ਹੈ ਸਰੋਗੇਸੀ। ਕਿਹਾ ਜਾ ਰਿਹਾ ਹੈ ਕਿ ਸਰੋਗੇਸੀ ਵੀ ਭਾਰਤ ਵਿੱਚ ਹੁਣ ਇੱਕ ਉਦਯੋਗ ਬਣਨ ਦੇ ਰਾਹ ਪੈ ਗਈ ਹੈ। ਇਸੇ ਕਰਕੇ ਹੁਣ ਅਦਾਲਤਾਂ ਨੂੰ ਇਸ ਮਾਮਲੇ ਵਿੱਚ ਆਪਣੀ ਟਿੱਪਣੀ ਕਰਨੀ ਪਈ ਹੈ। ਸਰੋਗੇਸੀ ਦਾ ਅਰਥ ਕਿਸੇ ਇਸਤਰੀ ਦੀ ਕੁੱਖ ਕਿਰਾਏ 'ਤੇ ਲੈਣਾ ਹੁੰਦਾ ਹੈ।

ਅੱਜ ਦੇ ਤਨਾਓ ਭਰੇ ਮਾਹੌਲ ਵਿੱਚ ਕੁਝ ਲੋਕਾਂ ਲਈ ਸਰੋਗੇਸੀ ਮਜਬੂਰੀ ਹੁੰਦੀ ਹੈ, ਪਰ ਕੁਝ ਅਮੀਰ ਲੋਕ ਸਿਰਫ਼ ਆਪਣੀ ਫ਼ਿਗਰ ਦੇ ਲਈ ਜਾਂ ਕਿਸੇ ਹੋਰ ਕਾਰਨ ਸਰੋਗੇਸੀ ਦਾ ਸਹਾਰਾ ਲੈਂਦੇ ਹਨ। ਆਧੁਨਿਕ ਕਹੇ ਜਾਂਦੇ ਇਸ ਸਮਾਜ ਵਿੱਚ ਅਜਿਹੇ ਅਮੀਰ ਲੋਕਾਂ ਦੀ ਗਿਣਤੀ ਬਹੁਤ ਹੈ, ਜੋ ਕਿ ਆਮ ਤਰੀਕਿਆਂ ਨਾਲ ਆਪਣੇ ਬੱਚੇ ਪੈਦਾ ਕਰਨ ਦੀ ਥਾਂ ਸਰੋਗੇਸੀ ਦਾ ਸਹਾਰਾ ਲੈਂਦੇ ਹਨ। ਅਜਿਹੇ ਲੋਕ ਸਮਝਦੇ ਹਨ ਕਿ ਉਹ ਪੈਸੇ ਨਾਲ ਦੁਨੀਆਂ ਦੀ ਹਰ ਵਸਤੂ ਖ਼ਰੀਦ ਸਕਦੇ ਹਨ, ਜਿਸ ਕਾਰਨ ਭਾਰਤ ਵਿੱਚ ਵੀ ਸਰੋਗੇਸੀ ਦੇ ਮਾਮਲੇ ਦਿਨੋਂ ਦਿਨ ਵਧਦੇ ਜਾ ਰਹੇ ਹਨ, ਜਿਸ ਕਾਰਨ ਹੁਣ ਸਰੋਗੇਸੀ ਵੀ ਇੱਕ ਉਦਯੋਗ ਬਣਦਾ ਜਾ ਰਿਹਾ ਹੈ। ਇੱਥੇ ਸਸਤੀ ਮਜ਼ਦੂਰੀ ਅਤੇ ਸਪੁਰਦਗੀ ਦੀਆਂ ਸਹੂਲਤਾਂ ਨੇ ਵੱਡੀ ਗਿਣਤੀ ਵਿੱਚ ਜੋੜਿਆਂ ਨੂੰ ਆਕਰਸ਼ਿਤ ਕੀਤਾ ਹੈ। ਭਾਰੀ ਪੈਸਿਆਂ ਦੇ ਲਾਲਚ ਵਿੱਚ ਗ਼ਰੀਬ ਤੇ ਲੋੜਵੰਦਾਂ ਨੇ ਕੁੱਖ ਨੂੰ ਭਾੜੇ 'ਤੇ ਲੈਣ ਲਈ ਔਰਤਾਂ ਦਾ ਇੱਕ ਨਵੀਂ ਕਿਸਮ ਦਾ ਜਜ਼ਬਾਤੀ ਸ਼ੋਸ਼ਣ ਸ਼ੁਰੂ ਕਰ ਦਿੱਤਾ।

ਅਮੀਰ ਜੋੜਿਆਂ ਨੇ ਕੁੱਖ ਲਈ ਮੋਟਾ ਕਿਰਾਇਆ ਦੇ ਕੇ ਬੱਚੇ ਪੈਦਾ ਕਰਨ ਦਾ ਸਾਧਨ ਬਣਾ ਲਿਆ। ਖਾਸ ਤੌਰ 'ਤੇ ਉਹ ਔਰਤਾਂ ਜਿਨ੍ਹਾਂ ਨੂੰ ਗਲੈਮਰ ਜਾਂ ਕੰਮ ਲਈ ਆਪਣੇ ਸਰੀਰ ਨੂੰ ਸੁਡੌਲ ਅਤੇ ਦਿਖਣਯੋਗ ਰੱਖਣਾ ਪੈਂਦਾ ਸੀ, ਉਨ੍ਹਾਂ ਨੇ ਸਰੋਗੇਸੀ ਦੀ ਵਰਤੋਂ ਵੱਡੇ ਪੱਧਰ 'ਤੇ ਕਰਨੀ ਸ਼ੁਰੂ ਕਰ ਦਿੱਤੀ। ਮੋਟਾ ਮੁਨਾਫ਼ਾ ਕਮਾਉਣ ਦੇ ਲਾਲਚ ਵਿੱਚ ਇਸ ਸਨਅਤ ਨਾਲ

ਜੁੜੇ ਡਾਕਟਰਾਂ ਨੇ ਵੀ ਲਾਭਪਾਤਰੀਆਂ ਵਾਂਗ ਸਰੋਗੇਟ ਔਰਤਾਂ 'ਤੇ ਹੋਣ ਵਾਲੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਮਾੜੇ ਪ੍ਰਭਾਵਾਂ ਦੀ ਪ੍ਰਵਾਹ ਨਹੀਂ ਕੀਤੀ। ਪੈਸਿਆਂ ਦੇ ਬਦਲੇ ਗਰਭ ਜਾਂ ਬੱਚੇ ਨੂੰ ਜਨਮ ਦੇਣਾ ਇੱਕ ਸੰਵੇਦਨਸ਼ੀਲ ਮੁੱਦਾ ਹੈ, ਜਿਸ ਦਾ ਲਾਭ ਲੈਣ ਵਾਲੇ ਬਿਨਾਂ ਸ਼ੱਕ ਅਮੀਰ ਹਨ, ਪਰ ਅੰਤ ਵਿੱਚ ਗਰੀਬ ਵਰਗ ਦੀਆਂ ਔਰਤਾਂ ਨੂੰ ਇਸ ਦੀ ਕੀਮਤ ਚੁਕਾਉਣੀ ਪੈਂਦੀ ਹੈ। ਕਿਸੇ ਦੇ ਖ਼ੂਨ ਜਾਂ ਜੈਵਿਕ ਰਿਸ਼ਤੇ ਨੂੰ ਪੱਕਾ ਕਰਨ ਲਈ ਕੁੱਖ ਦਾ ਕਿਰਾਇਆ ਦੇਣ ਦੀ ਬਜਾਏ ਕਰੋੜਾਂ ਅਨਾਥ ਬੱਚਿਆਂ ਨੂੰ ਗੋਦ ਲੈ ਕੇ ਉਨ੍ਹਾਂ ਦੇ ਸਰਪ੍ਰਸਤ ਬਣਨ ਦੀ ਪਹਿਲਕਦਮੀ ਨੂੰ ਉਤਸ਼ਾਹਿਤ ਕਰਕੇ ਮਨੁੱਖਤਾ ਦੇ ਹੱਕ ਵਿੱਚ ਵਧੀਆ ਕਦਮ ਚੁੱਕਣਾ ਬਿਹਤਰ ਹੋਵੇਗਾ।

ਇਸ ਅਸਲੀਅਤ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਭਾਰਤ ਵਿੱਚ ਇੱਕ ਪਾਸੇ ਸਰੋਗੇਸੀ ਦਾ ਰੁਝਾਨ ਵਧਦਾ ਜਾ ਰਿਹਾ ਹੈ, ਦੂਜੇ ਪਾਸੇ ਭਾਰਤ ਵਿੱਚ ਅਨਾਥ ਬੱਚਿਆਂ ਦੀ ਗਿਣਤੀ ਵੀ ਕਰੋੜਾਂ ਵਿੱਚ ਦੱਸੀ ਜਾਂਦੀ ਹੈ। ਅਕਸਰ ਸਾਡੇ ਆਲੇ ਦੁਆਲੇ ਅਜਿਹੇ ਬੱਚੇ ਸਾਨੂੰ ਦਿਖਾਈ ਦਿੰਦੇ ਹਨ, ਜੋਕਿ ਅਨਾਥ ਹੁੰਦੇ ਹਨ ਅਤੇ ਜਿਨ੍ਹਾਂ ਦਾ ਕੋਈ ਵਾਲੀ ਵਾਰਸ ਨਹੀਂ ਹੁੰਦਾ। ਅਨਾਥ ਬੱਚਿਆਂ ਦਾ ਬਚਪਣ ਬਹੁਤ ਦੁਖਦਾਈ ਹੁੰਦਾ ਹੈ। ਦੂਜੇ ਪਾਸੇ ਅਨੇਕਾਂ ਅਮੀਰ ਲੋਕ ਨਾਰਮਲ ਤਰੀਕੇ ਨਾਲ ਬੱਚੇ ਪੈਦਾ ਕਰਨ ਦੀ ਥਾਂ ਸਰੋਗੇਸੀ ਦਾ ਸਹਾਰਾ ਲੈਂਦੇ ਹਨ। ਜਿਸ ਮਹਿਲਾ ਨੇ ਆਪਣੀ ਕੁੱਖ ਕਿਰਾਏ 'ਤੇ ਦਿੱਤੀ ਹੁੰਦੀ ਹੈ , ਉਹ ਆਮ ਤੌਰ 'ਤੇ ਗਰੀਬ ਜਾਂ ਹੇਠਲੇ ਮੱਧ ਵਰਗ ਨਾਲ ਸਬੰਧਿਤ ਹੁੰਦੀ ਹੈ। ਇਸ ਤਰ੍ਹਾਂ ਅਮੀਰਾਂ ਵੱਲੋਂ ਗਰੀਬ ਔਰਤਾਂ ਦਾ ਇੱਕ ਨਵੀਂ ਕਿਸਮ ਦਾ ਜਜ਼ਬਾਤੀ ਸ਼ੋਸ਼ਣ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਹ ਵੀ ਸੱਚਾਈ ਹੈ ਕਿ ਕਈ ਜੌੜੇ ਕਿਸੇ ਨਾ ਕਿਸੇ ਸਰੀਰਕ ਸਮੱਸਿਆ ਕਾਰਨ ਬੱਚੇ ਪੈਦਾ ਨਹੀਂ ਕਰ ਸਕਦੇ ਇਸ ਲਈ ਸਰੋਗੇਸੀ ਦਾ ਸਹਾਰਾ ਲੈਣਾ ਉਹਨਾਂ ਦੀ ਮਜਬੂਰੀ ਬਣ ਜਾਂਦਾ ਹੈ ਪਰ ਅਸਲੀ ਲੋੜਵੰਦ ਜੌੜਿਆਂ ਦੇ ਰਸਤੇ ਵਿੱਚ ਵੀ ਅਮੀਰ ਲੋਕ ਕੰਡੇ ਬੀਜ ਦਿੰਦੇ ਹਨ, ਜਿਸ ਕਰਕੇ ਸਰੋਗੇਸੀ ਦੀ ਸਹੂਲਤ ਲੈਣ ਵਾਲਿਆਂ ਨੂੰ ਅਕਸਰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਭਾਰਤ ਵਿੱਚ, ਸਰੋਗੇਸੀ ਦੀ ਕੁੱਲ ਲਾਗਤ ਲਗਭਗ ?10 ਲੱਖ ਤੋਂ ?20 ਲੱਖ ਤੱਕ ਹੋ ਸਕਦੀ ਹੈ। ਇਹ ਰਕਮ ਵੱਖ-ਵੱਖ ਹਸਪਤਾਲਾਂ, ਸ਼ਹਿਰਾਂ ਅਤੇ ਡਾਕਟਰੀ ਤਰੀਕਿਆਂ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦੀ ਹੈ।

ਇਹ ਠੀਕ ਹੈ ਕਿ ਅੱਜ ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਵਿਗਿਆਨਕ ਕਾਢ ਦੇ ਜੇ ਕੁਝ ਲਾਭ ਹੁੰਦੇ ਹਨ ਤਾਂ ਉਸ ਦੇ ਕੁਝ ਨੁਕਸਾਨ ਵੀ ਹੋ ਸਕਦੇ ਹਨ। ਸਾਨੂੰ ਸਰੋਗੇਸੀ ਦੇ ਸਿਰਫ਼ ਲਾਭ ਹੀ ਨਹੀਂ ਵੇਖਣੇ ਚਾਹੀਦੇ ਸਗੋਂ ਇਸ ਕਾਰਨ ਹੋਣ ਵਾਲੇ ਨੁਕਸਾਨ ਵੀ ਵੇਖਣੇ ਚਾਹੀਦੇ ਹਨ। ਜਿਹੜੀ ਔਰਤ ਨੇ ਆਪਣੀ ਕੁੱਖ ਕਿਰਾਏ 'ਤੇ ਦੇ ਕੇ ਬੱਚੇ ਨੂੰ ਜਨਮ ਦਿੱਤਾ ਹੁੰਦਾ ਹੈ, ਉਹ ਔਰਤ ਉਸ ਬੱਚੇ ਨਾਲ ਜਜ਼ਬਾਤੀ ਤੌਰ 'ਤੇ ਜੁੜੀ ਹੁੰਦੀ ਹੈ। ਸਰੋਗੇਸੀ ਰਾਹੀਂ ਬੱਚਾ ਹੋਣ ਤੋਂ ਬਾਅਦ ਸਬੰਧਿਤ ਮਹਿਲਾ ਤੋਂ ਬੱਚਾ ਸਰੋਗੇਸੀ ਦੀ ਸਹੂਲਤ ਲੈਣ ਵਾਲੇ ਲੈ ਜਾਂਦੇ ਹਨ, ਜਿਸ ਕਰਕੇ ਬੱਚੇ ਨੂੰ ਜਨਮ ਦੇਣ ਵਾਲੀ ਮਹਿਲਾ ਮਮਤਾ ਤੋਂ ਵਾਂਝੀ ਹੋ ਜਾਂਦੀ ਹੈ, ਜਿਸ ਦੇ ਵੀ ਮਾੜੇ ਪ੍ਰਭਾਵ ਪੈਂਦੇ ਹਨ।

ਚਾਹੀਦਾ ਤਾਂ ਇਹ ਹੈ ਕਿ ਸਰੋਗੇਸੀ ਨੂੰ ਵੱਡਾ ਉਦਯੋਗ ਨਾ ਬਣਨ ਦਿੱਤਾ ਜਾਵੇ। ਜੇ ਕਿਸੇ ਜੌੜੇ ਨੂੰ ਨਾਰਮਲ ਤਰੀਕਿਆਂ ਨਾਲ ਬੱਚੇ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਉਸ ਜੌੜੇ ਨੂੰ ਅਨਾਥ ਬੱਚਿਆਂ ਨੂੰ ਗੋਦ ਲੈਣ ਲਈ ਪਹਿਲ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਅਨਾਥ ਬੱਚਿਆਂ ਦਾ ਭਵਿੱਖ ਵੀ ਚੰਗੇਰਾ ਹੋ ਜਾਵੇਗਾ ਅਤੇ ਔਰਤਾਂ ਦਾ ਜਜ਼ਬਾਤੀ ਸ਼ੋਸ਼ਣ ਨਹੀਂ ਹੋਵੇਗਾ।

ਕੀ ਹੁੰਦੀ ਹੈ ਸਰੋਗੇਸੀ ?

ਸਰੋਗੇਸੀ ਇੱਕ ਪ੍ਰਕਿਰਿਆ ਹੈ ਜਿਸ ਵਿੱਚ ਇੱਕ ਔਰਤ (ਸਰੋਗੇਟ ਮਾਂ) ਦੂਜੇ ਜੋੜੇ ਲਈ ਇੱਕ ਬੱਚਾ ਪੈਦਾ ਕਰਦੀ ਹੈ। ਇਹ ਉਦੋਂ ਕੀਤਾ ਜਾਂਦਾ ਹੈ ਜਦੋਂ ਇੱਕ ਔਰਤ ਸਿਹਤ ਕਾਰਨਾਂ ਕਰਕੇ ਗਰਭਵਤੀ ਨਹੀਂ ਹੋ ਸਕਦੀ। ਆਮ ਤੌਰ 'ਤੇ ਦੋ ਮੁੱਖ ਕਿਸਮਾਂ ਦੀਆਂ ਸਰੋਗੇਸੀ ਹੁੰਦੀਆਂ ਹਨ:

1. **ਵਪਾਰਕ ਸਰੋਗੇਸੀ**: ਇਸ ਵਿੱਚ, ਸਰੋਗੇਟ ਮਾਂ ਨੂੰ ਵਿੱਤੀ ਤੌਰ 'ਤੇ ਭੁਗਤਾਨ ਕੀਤਾ ਜਾਂਦਾ ਹੈ। ਇਸ ਸਮੇਂ ਭਾਰਤ ਵਿੱਚ ਵਪਾਰਕ ਸਰੋਗੇਸੀ 'ਤੇ ਪੂਰੀ ਤਰ੍ਹਾਂ ਪਾਬੰਦੀ ਹੈ।

2. **ਪਰਉਪਕਾਰੀ ਸਰੋਗੇਸੀ**: ਇਸ ਵਿੱਚ, ਸਰੋਗੇਟ ਮਾਂ ਨੂੰ ਸਿਰਫ਼ ਖ਼ਰਚਿਆਂ ਲਈ ਭੁਗਤਾਨ ਕੀਤਾ ਜਾਂਦਾ ਹੈ ਅਤੇ ਇਹ ਅਕਸਰ ਰਿਸ਼ਤੇਦਾਰਾਂ ਜਾਂ ਦੋਸਤਾਂ ਵਿਚਕਾਰ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਵਿੱਚ, ਸਰੋਗੇਟ ਮਾਂ ਦੇ ਬੱਚੇਦਾਨੀ ਦੀ ਵਰਤੋਂ ਕੀਤੀ ਜਾਂਦੀ ਹੈ, ਅਤੇ ਗਰਭ ਅਵਸਥਾ ਪ੍ਰਾਪਤ ਕਰਨ ਲਈ ਦਾਨ ਕੀਤੇ ਅੰਡੇ ਅਤੇ ਸ਼ੁਕਰਾਣੂ ਵਰਤੇ ਜਾਂਦੇ ਹਨ। ਕਈ ਵਾਰ ਇਹ ਪ੍ਰਕਿਰਿਆ ਕੁਦਰਤੀ ਤੌਰ 'ਤੇ ਹੁੰਦੀ ਹੈ, ਅਤੇ ਕਈ ਵਾਰ ਆਈ.ਵੀ.ਐਫ. (ਇਨ-ਵਿਟਰੋ ਫਰਟੀਲਾਈਜ਼ੇਸ਼ਨ) ਦੀ ਵਰਤੋਂ ਕੀਤੀ ਜਾਂਦੀ ਹੈ।

ਸਰੋਗੇਸੀ ਸਬੰਧੀ ਭਾਰਤੀ ਕਾਨੂੰਨ

ਸਰੋਗੇਸੀ ਇੱਕ ਸੰਵੇਦਨਸ਼ੀਲ ਅਤੇ ਗੁੰਝਲਦਾਰ ਪ੍ਰਕਿਰਿਆ ਹੈ। ਸਰੋਗੇਸੀ (ਰੈਗੂਲੇਸ਼ਨ) ਐਕਟ, 2021 ਭਾਰਤ ਵਿੱਚ ਇਸ ਪ੍ਰਥਾ ਨੂੰ ਨਿਯਮਤ ਕਰਨ ਲਈ ਬਣਾਇਆ ਗਿਆ ਸੀ। ਇਹ ਐਕਟ ਸਰੋਗੇਸੀ ਮਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ ਅਤੇ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਸਰੋਗੇਸੀ (ਰੈਗੂਲੇਸ਼ਨ) ਐਕਟ, 2021 ਭਾਰਤ ਵਿੱਚ ਵਪਾਰਕ ਸਰੋਗੇਸੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਂਦਾ ਹੈ। ਇਸ ਕਿਸਮ ਦੀ ਸਰੋਗੇਸੀ ਵਿੱਚ ਬੱਚੇ ਨੂੰ ਜਨਮ ਦੇਣ ਲਈ ਸਰੋਗੇਟ ਮਾਂ ਨੂੰ ਕਾਫ਼ੀ ਰਕਮ ਜਾਂ ਹੋਰ ਲਾਭਾਂ ਦੀ ਅਦਾਇਗੀ ਸ਼ਾਮਲ ਹੁੰਦੀ ਹੈ। ਡਾਕਟਰੀ ਖ਼ਰਚਿਆਂ ਤੋਂ ਇਲਾਵਾ, ਔਰਤ ਨੂੰ ਕਾਫ਼ੀ ਰਕਮ ਅਦਾ ਕੀਤੀ ਜਾਂਦੀ ਹੈ, ਜੋ ਸਰੋਗੇਸੀ ਨੂੰ ਵਪਾਰਕ ਕਾਰੋਬਾਰ ਵਿੱਚ ਬਦਲ ਸਕਦੀ ਹੈ। ਇਸ ਦਾ ਮੁੱਖ ਉਦੇਸ਼ ਆਰਥਿਕ ਤੌਰ 'ਤੇ ਕਮਜ਼ੋਰ ਔਰਤਾਂ ਨੂੰ ਸਰੋਗੇਸੀ ਲਈ ਮਜਬੂਰ ਹੋਣ ਤੋਂ ਰੋਕਣਾ ਹੈ। ਪਰਉਪਕਾਰੀ ਸਰੋਗੇਸੀ ਦਾ ਅਰਥ ਹੈ ਕਿ ਇੱਕ ਔਰਤ ਕਿਸੇ ਹੋਰ ਵਿਅਕਤੀ ਜਾਂ ਵਿਆਹੇ ਜੋੜੇ ਲਈ ਬੱਚੇ ਨੂੰ ਜਨਮ ਦਿੰਦੀ ਹੈ, ਸਿਰਫ਼ ਮਾਨਵਤਾਵਾਦ, ਭਾਵਨਾਤਮਕ ਸਹਾਇਤਾ, ਜਾਂ ਰਿਸ਼ਤੇ ਨੂੰ ਮਜ਼ਬੂਤ ਕਰਨ ਲਈ, ਬਿਨਾਂ ਕਿਸੇ ਵਿੱਤੀ ਵਿਚਾਰ ਦੇ। ਇਸ ਪ੍ਰਕਿਰਿਆ ਵਿੱਚ, ਸਰੋਗੇਟ ਮਾਂ ਨੂੰ ਸਿਰਫ਼ ਗਰਭ ਅਵਸਥਾ ਦੌਰਾਨ ਅਤੇ ਬੱਚੇ ਦੇ ਜਨਮ ਤੱਕ ਹੋਣ ਵਾਲੇ ਸਾਰੇ ਡਾਕਟਰੀ ਖ਼ਰਚਿਆਂ ਅਤੇ ਹੋਰ ਜ਼ਰੂਰਤਾਂ ਲਈ ਭੁਗਤਾਨ ਕੀਤਾ ਜਾਂਦਾ ਹੈ, ਪਰ ਕੋਈ ਵਾਧੂ ਭੁਗਤਾਨ ਨਹੀਂ ਕੀਤਾ ਜਾਂਦਾ ਹੈ। ਪਰਉਪਕਾਰੀ ਸਰੋਗੇਸੀ ਵਿੱਚ, ਸਰੋਗੇਟ ਮਾਂ ਨੂੰ ਮਾਪਿਆਂ ਦੇ ਪਰਿਵਾਰ ਦਾ ਨਜ਼ਦੀਕੀ ਰਿਸ਼ਤੇਦਾਰ ਹੋਣਾ ਚਾਹੀਦਾ ਹੈ। ਭਾਰਤ ਵਿੱਚ ਹੁਣ ਸਿਰਫ਼ ਪਰਉਪਕਾਰੀ ਸਰੋਗੇਸੀ ਦੀ ਇਜਾਜ਼ਤ ਹੈ। ਭਾਰਤੀ ਕਾਨੂੰਨ ਅਨੁਸਾਰ, ਭਾਰਤ ਵਿੱਚ ਹੁਣ ਸਿਰਫ਼ ਵਿਆਹੇ ਜੋੜੇ ਹੀ ਸਰੋਗੇਸੀ ਲਈ ਯੋਗ ਹਨ। ਵਿਆਹ ਦੇ ਪੰਜ ਸਾਲਾਂ ਬਾਅਦ ਮਾਪੇ ਬਣਨ ਵਿੱਚ ਅਸਮਰੱਥ ਜੋੜੇ ਸਰੋਗੇਸੀ ਦੀ ਚੋਣ ਕਰ ਸਕਦੇ ਹਨ। ਕਾਨੂੰਨੀ ਤੌਰ 'ਤੇ, ਜੋੜੇ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਹ ਕੁਦਰਤੀ ਤੌਰ 'ਤੇ ਬੱਚੇ ਨੂੰ ਪੈਦਾ ਕਰਨ ਵਿੱਚ ਅਸਮਰੱਥ ਹਨ। ਇਸ ਦੇ ਲਈ ਇੱਕ ਮੈਡੀਕਲ ਸਰਟੀਫਿਕੇਟ ਜ਼ਰੂਰੀ ਹੈ।

ਦਰਪਣ ਝੂਠ ਨਹੀਂ ਬੋਲਦਾ

ਸਿੱਖ ਜੋੜਿਆਂ ਨੂੰ ਘੱਟੋ-ਘੱਟ 3-4 ਬੱਚੇ ਪੈਦਾ ਕਰਨ ਦੀ ਅਪੀਲ: ਕੀ ਜਥੇਦਾਰ ਦਾ ਬਿਆਨ ਠੀਕ ਹੈ ?

ਕੀ ਕਹਿੰਦੇ ਹਨ ਸਿੱਖ ਵਿਦਵਾਨ, ਇਹ ਸੰਦੇਸ਼ ਜਾਰੀ ਕਰਨ ਦੀ ਜਥੇਦਾਰ ਨੂੰ ਲੋੜ ਕਿਉਂ ਪਈ ?

ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਨੇ ਫਤਹਿਗੜ੍ਹ ਸਾਹਿਬ ਵਿੱਚ ਹੋਏ ਧਾਰਮਿਕ ਸਮਾਗਮ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਸਿੱਖ ਜੋੜਿਆਂ ਨੂੰ ਘੱਟੋ-ਘੱਟ ਤਿੰਨ ਤੋਂ ਚਾਰ ਬੱਚੇ ਪੈਦਾ ਕਰਨ ਦੀ ਅਪੀਲ ਕੀਤੀ ਸੀ। ਜਥੇਦਾਰ ਗੜਗਜ ਨੇ ਕਿਹਾ ਸੀ, 'ਸਾਰੀਆਂ ਕੌਮਾਂ ਦੀ ਆਬਾਦੀ ਵਧ ਰਹੀ ਹੈ, ਪਰ ਸਾਡੀ (ਸਿੱਖਾਂ) ਦੀ ਘੱਟ ਰਹੀ ਹੈ। ਇੱਕ ਬੱਚਾ ਪੈਦਾ ਕਰਨਾ ਚੰਗੀ ਨੀਤੀ ਨਹੀਂ। ਪੁੱਤਰ ਜਾਂ ਧੀ, ਰੱਬ ਦਾ ਤੋਹਫ਼ਾ ਹੈ, ਪਰ ਪਰਿਵਾਰ ਵਿੱਚ ਘੱਟੋ-ਘੱਟ ਤਿੰਨ-ਚਾਰ ਬੱਚੇ ਹੋਣੇ ਚਾਹੀਦੇ ਨੇ। ਤਾਂ ਹੀ ਮਾਸੀ, ਭੁਆ, ਫੁਫੜ, ਤਾਈ ਵਰਗੇ ਰਿਸ਼ਤੇ ਬਣਦੇ ਨੇ।'

ਉਹਨਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਗੁਆਂਢੀ ਖੇਤੀਬਾੜੀ ਵਾਲੇ ਆਪਣੀ ਜ਼ਮੀਨ ਵੇਚ ਰਹੇ ਨੇ ਅਤੇ ਪਿੰਡਾਂ ਵਿੱਚ ਜਵਾਨੀ ਦੀ ਘਾਟ ਹੈ। ਇਸ ਬਿਆਨ ਨੂੰ ਸਮਝਣ ਲਈ ਪਹਿਲਾਂ ਸਿੱਖ ਆਬਾਦੀ ਦੇ ਅੰਕੜਿਆਂ ਵੱਲ ਨਜ਼ਰ ਮਾਰੀਏ। ਅੰਕੜੇ ਇਹੀ ਦੱਸਦੇ ਨੇ ਕਿ ਸਿੱਖ ਆਬਾਦੀ ਵਿੱਚ ਗਿਰਾਵਟ ਆ ਰਹੀ ਹੈ। 2001 ਦੀ ਭਾਰਤੀ ਗਿਣਤੀ ਅਨੁਸਾਰ ਪੰਜਾਬ ਵਿੱਚ ਸਿੱਖ 59.91 ਫੀਸਦੀ ਸਨ, ਪਰ 2011 ਵਿੱਚ ਇਹ ਅੰਕੜਾ 57.69 ਫੀਸਦੀ ਰਹਿ ਗਿਆ। 2025 ਦੇ ਅੰਦਾਜ਼ੇ ਅਨੁਸਾਰ ਇਹ ਹੁਣ ਲਗਭਗ 55 ਫੀਸਦੀ ਤੱਕ ਪਹੁੰਚ ਚੁਕਾ ਹੈ। ਭਾਰਤ ਵਿੱਚ ਸਿੱਖਾਂ ਦਾ ਹਿੱਸਾ 1.87 ਫੀਸਦੀ ਤੋਂ ਘਟ ਕੇ 1.72 ਫੀਸਦੀ ਹੋ ਗਿਆ। ਇਸ ਦਾ ਮੁੱਖ ਕਾਰਨ ਹੈ ਘੱਟ ਜਨਮ ਦਰ , ਜੋ ਕਿ ਰੀਪ੍ਰੋਡਕਸ਼ਨ ਲੈਵਲ (2.1) ਤੋਂ ਘੱਟ ਹੈ। ਇਸ ਤੋਂ ਇਲਾਵਾ, ਪੰਜਾਬ ਤੋਂ ਨੌਜਵਾਨਾਂ ਦਾ ਵਿਦੇਸ਼ ਵਲ ਪ੍ਰਵਾਸ ਹੋ ਰਿਹਾ ਹੈ। ਯੂਨੀਵਰਸਿਟੀ ਡਾਟਾ ਅਨੁਸਾਰ, ਸਿੱਖ ਵਿਦਿਆਰਥੀਆਂ ਦਾ ਹਿੱਸਾ 1.73 ਫੀਸਦੀ ਤੱਕ ਘਟ ਗਿਆ ਹੈ।

ਪੰਜਾਬ ਵਿੱਚ ਹੋਰ ਰਾਜਾਂ ਤੋਂ ਆਉਣ ਵਾਲੇ ਮਜ਼ਦੂਰਾਂ ਦੀ ਆਬਾਦੀ ਵਧ ਰਹੀ ਹੈ, ਜਿਸ ਨਾਲ ਡੈਮੋਗ੍ਰਾਫਿਕ ਬੈਲੰਸ ਬਦਲ ਰਿਹਾ ਹੈ। 2024 ਦੌਰਾਨ ਸ੍ਰੀ ਅਕਾਲ ਤਖ਼ਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਬੰਦੀ ਛੋੜ ਦਿਵਸ ਉੱਤੇ ਇਸ ਮੁੱਦੇ ਨੂੰ ਉਠਾਇਆ ਸੀ। ਇਸ ਲਈ ਇਹ ਸਿੱਖ ਪੰਥ ਦੀ ਇੱਕ ਅਸਲ ਸਮੱਸਿਆ ਨੂੰ ਉਜਾਗਰ ਕਰਦਾ ਹੈ। ਪ੍ਰਸਿੱਧ ਵਿਦਵਾਨ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਜਥੇਦਾਰ ਗੜਗਜ ਵੱਲੋਂ ਉਠਾਇਆ ਇਹ ਇੱਕ ਗੰਭੀਰ ਮੁੱਦਾ ਹੈ। ਪੰਜਾਬ ਦੇ ਪਿੰਡਾਂ ਵਿੱਚ ਨੌਜਵਾਨਾਂ ਦੀ ਗਿਣਤੀ ਘੱਟ ਹੋ ਰਹੀ ਹੈ। ਜਵਾਨ ਵਿਦੇਸ਼ ਜਾ ਰਹੇ ਨੇ, ਜਿਸ ਨਾਲ ਪਿੰਡ ਖਾਲੀ ਹੋ ਰਹੇ ਨੇ। ਸਿੱਖ ਕਿਸਾਨ ਆਪਣੀ ਜ਼ਮੀਨ ਵੇਚ ਰਹੇ ਨੇ ਅਤੇ ਬਾਹਰੋਂ ਆਉਣ ਵਾਲੇ ਖਰੀਦ ਰਹੇ ਨੇ। ਇਹ ਨਾ ਸਿਰਫ਼ ਆਬਾਦੀ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਸੱਭਿਆਚਾਰਕ ਅਤੇ ਆਰਥਿਕ ਰੂਪ ਨਾਲ ਵੀ। ਪੰਜਾਬ ਇੱਕਲਾ ਰਾਜ ਹੈ ਜਿੱਥੇ ਸਿੱਖ ਬਹੁਗਿਣਤੀ ਵਿੱਚ ਨੇ, ਪਰ ਇਹ ਵੀ ਖਤਰੇ

ਵਿੱਚ ਹੈ। ਗਲੋਬਲ ਤੌਰ ਉੱਤੇ ਸਿੱਖ ਆਬਾਦੀ 25 ਮਿਲੀਅਨ ਤੱਕ ਹੈ, ਪਰ ਭਾਰਤ ਵਿੱਚ ਸਿੱਖਾਂ ਦੀ ਗਿਣਤੀ ਘਟਣ ਨਾਲ ਪੰਥ ਦੀ ਤਾਕਤ ਘਟ ਰਹੀ ਹੈ। ਜਥੇਦਾਰ ਨੇ ਇਸ ਨੂੰ 'ਕੌਮੀ ਚਿੰਤਾ' ਵਜੋਂ ਵਰਣਨ ਕੀਤਾ ਹੈ। ਪਿਛਲੇ ਸਾਲਾਂ ਵਿੱਚ ਵੀ ਅਜਿਹੇ ਬਿਆਨ ਆਏ ਨੇ, ਜਿਵੇਂ 2014 ਵਿੱਚ ਗਿਆਨੀ ਗੁਰਬਚਨ ਸਿੰਘ ਨੇ ਚਾਰ ਬੱਚੇ ਪੈਦਾ ਕਰਨ ਦੀ ਅਪੀਲ ਕੀਤੀ ਸੀ। ਇਹ ਇੱਕ ਲੰਮੇ ਸਮੇਂ ਤੋਂ ਚੱਲ ਰਹੀ ਚਿੰਤਾ ਹੈ, ਜੋ ਹੁਣ ਤੀਬਰ ਹੋ ਗਈ ਹੈ।

ਪੰਥ ਦੇ ਕਈ ਹਿੱਸਿਆਂ ਤੋਂ ਸਕਾਰਾਤਮਕ ਪ੍ਰਤੀਕਿਰਿਆ ਮਿਲੀ ਹੈ। ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਵਾਲੇ, ਜਿਨ੍ਹਾਂ ਦੇ ਸਾਹਮਣੇ ਇਹ ਗੱਲ ਕਹੀ ਗਈ, ਨੇ ਕਿਹਾ ਕਿ ਕੌਮ ਨੂੰ ਇਸ ਸਮੱਸਿਆ ਨਾਲ ਨਿਪਟਣ ਲਈ ਅਜਿਹੇ ਕਦਮ ਚੁੱਕਣੇ ਪੈਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਕਈ ਮੈਂਬਰਾਂ ਨੇ ਵੀ ਸਮਰਥਨ ਕੀਤਾ ਹੈ। ਐੱਸਜੀਪੀਸੀ ਦੇ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬਿਆਨ ਪੰਥ ਦੇ ਭਵਿੱਖ ਲਈ ਚੇਤਾਵਨੀ ਹੈ ਅਤੇ ਇਹ ਸੰਦੇਸ਼ ਸਿੱਖਾਂ ਨੂੰ ਪਰਿਵਾਰ ਵਧਾਉਣ ਲਈ ਪ੍ਰੇਰਿਤ ਕਰੇਗਾ। ਕੁਝ ਗਲੋਬਲ ਸਿੱਖ ਸੰਸਥਾਵਾਂ, ਜਿਵੇਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ, ਨੇ ਟਵੀਟ ਕਰਕੇ ਕਿਹਾ ਕਿ ਇਹ ਇੱਕ ਸਮੇਂ ਸਿਰ ਦਾ ਕਦਮ ਹੈ। ਇਸ ਤੋਂ ਇਲਾਵਾ, ਪਿੰਡਾਂ ਵਿੱਚ ਰਹਿਣ ਵਾਲੇ ਬਜ਼ੁਰਗਾਂ ਨੇ ਵੀ ਖੁਸ਼ੀ ਜ਼ਾਹਰ ਕੀਤੀ ਅਤੇ ਕਿਹਾ ਕਿ ਇਹ ਪੁਰਾਣੇ ਰਿਸ਼ਤਿਆਂ ਨੂੰ ਜਿਉਂਦਾ ਕਰੇਗਾ।

ਪਰ ਯੰਗ ਸਿੱਖ ਐਕਟਿਵਿਸਟਾਂ ਨੇ ਸੋਸ਼ਲ ਮੀਡੀਆ ਉੱਤੇ ਚਰਚਾ ਕੀਤੀ ਕਿ ਅੱਜ ਦੇ ਸਮੇਂ ਵਿੱਚ ਬੱਚੇ ਪੈਦਾ ਕਰਨਾ ਆਰਥਿਕ ਬੋਝ ਹੈ। ਉਹਨਾਂ ਨੇ ਕਿਹਾ ਕਿ ਜ਼ਮੀਨ, ਨੌਕਰੀਆਂ ਅਤੇ ਸਿੱਖਿਆ ਦੀਆਂ ਸਹੂਲਤਾਂ ਵਧਾਈਆਂ ਜਾਣ, ਨਾ ਕਿ ਸਿਰਫ਼ ਬੱਚਿਆਂ ਦੀ ਗਿਣਤੀ। ਸ਼੍ਰੋਮਣੀ ਕਮੇਟੀ ਸਭ ਤੋਂ ਪਹਿਲਾਂ ਇਹ ਕਾਰਜ ਆਪਣੇ ਮੁਲਾਜ਼ਮਾਂ ਤੋਂ ਸ਼ੁਰੂ ਕਰੇ ।ਉਨ੍ਹਾਂ ਦੇ ਬਚਿਆਂ ਨੂੰ ਵਿਦਿਅਕ ਸਹੂਲਤਾਂ ਦੇਵੇ।

ਇੱਕ ਹੋਰ ਸਿੱਖ ਬੁੱਧੀਜੀਵੀ ਡਾਕਟਰ ਪਰਮਿੰਦਰ ਸਿੰਘ ਨੇ ਕਿਹਾ, 'ਸਿੱਖ ਨੌਜਵਾਨ ਵਿਦੇਸ਼ ਜਾ ਰਹੇ ਨੇ ਕਿਉਂਕਿ ਪੰਜਾਬ ਵਿੱਚ ਜਾਬਾਂ ਦੇ ਮੌਕੇ ਨਹੀਂ। ਬੱਚੇ ਵਧਾਉਣ ਨਾਲ ਕੀ ਹੋਵੇਗਾ ਜੇਕਰ ਉਹ ਵੀ ਵਿਦੇਸ਼ਾਂ ਵਿੱਚ ਪਲਾਇਨ ਕਰ ਗਏ ?'

ਡਾ. ਸਿਮਰਨਜੀਤ ਕੌਰ ਨੇ ਵੀ ਜਥੇਦਾਰ ਦੇ ਬਿਆਨ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਇਹ ਸਿੱਖ ਔਰਤਾਂ ਉੱਤੇ ਵਧੇਰੇ ਬੋਝ ਪਾਉਂਦਾ ਹੈ। ਜਥੇਦਾਰ ਨੂੰ ਸਿੱਖ ਕਿਰਦਾਰ ਉੱਪਰ ਜ਼ੋਰ ਦੇਣਾ ਚਾਹੀਦਾ। ਕਿਰਦਾਰ ਸਦਕਾ ਹੀ ਸਿੱਖਾਂ ਨੇ ਵਿਸ਼ਵ ਵਿੱਚ ਆਪਣੀ ਥਾਂ ਬਣਾਈ ਹੈ।

ਪਿਛਲੇ ਸਾਲਾਂ ਵਿੱਚ ਅਜਿਹੇ ਬਿਆਨਾਂ ਉੱਤੇ ਵੀ ਵਿਵਾਦ ਹੋਇਆ ਸੀ। 2015 ਵਿੱਚ ਜਥੇਦਾਰ ਨੇ ਤਿੰਨ-ਚਾਰ ਬੱਚੇ ਪੈਦਾ ਕਰਨ ਦੀ ਗੱਲ ਕੀਤੀ ਤਾਂ ਇਹ ਵੀ ਚਰਚਾ ਵਿੱਚ ਰਿਹਾ। ਕੁਝ ਨੇ ਇਸ ਨੂੰ ਧਰਮ ਨਾਲ ਜੋੜਿਆ, ਤਾਂ ਕੁਝ ਨੇ ਆਰਥਿਕ ਨੀਤੀਆਂ ਨਾਲ। ਅੱਜ ਵੀ ਸਿੱਖ ਪੰਥ ਵਿੱਚ ਇਸ ਬਿਆਨ ਬਾਰੇ ਵਿਵਾਦ ਹੈ,ਪਰ ਸਿੱਖਾਂ ਦੀ ਅਬਾਦੀ ਘਟਨਾ ਸੰਕਟ ਦਾ ਵਿਸ਼ਾ ਹੈ।

ਬਹੁਗਿਣਤੀ ਸਿੱਖਾਂ ਦਾ ਮੰਨਣਾ ਹੈ ਕਿ ਜਥੇਦਾਰ ਦਾ ਬਿਆਨ ਠੀਕ ਹੈ ਕਿਉਂਕਿ ਅੰਕੜੇ ਝੂਠ ਨਹੀਂ ਬੋਲਦੇ। ਪਰ ਇਸ ਨੂੰ ਅਮਲ ਵਿੱਚ ਲਿਆਉਣ ਲਈ ਸਿਰਫ਼ ਅਪੀਲ ਕਾਫ਼ੀ ਨਹੀਂ। ਆਰਥਿਕ ਸਹਾਇਤਾ, ਸਿੱਖਿਆ ਅਤੇ ਨੌਕਰੀਆਂ ਵਧਾਉਣੀਆਂ ਪੈਣਗੀਆਂ। ਪੰਥ ਵਿੱਚ ਵਿਚਾਰਾਂ ਦੀ ਝੜਪ ਚੱਲ ਰਹੀ ਹੈ, ਪਰ ਇਹ ਚੰਗੀ ਚਰਚਾ ਹੈ। ਜੇਕਰ ਕੌਮ ਏਕਜੁਟ ਹੋ ਗਈ ਤਾਂ ਇਹ ਸੰਕਟ ਮੌਕੇ ਵਿੱਚ ਬਦਲ ਸਕਦਾ ਹੈ।

ਕੀ ਰੂਸ ਨੇ ਭਾਰਤ ਨੂੰ ਧੋਖਾ ਦਿੱਤਾ ? ਚੀਨ ਨਾਲ ਜੁੜੇ ਫ਼ੌਜੀ ਅਭਿਆਸ ਨੇ ਵਧਾਈ ਭਾਰਤ ਲਈ ਟੈਨਸ਼ਨ

ਅਮਰੀਕਾ ਨੇ ਭਾਰਤ ਨੂੰ ਕਿਉਂ ਦਿੱਤੀ ਚਿਤਾਵਨੀ ?

ਅੰਤਰਰਾਸ਼ਟਰੀ ਸਬੰਧਾਂ ਵਿੱਚ ਇੱਕ ਵੱਡਾ ਮੋੜ ਆਇਆ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਹਾਲ ਹੀ ਵਿੱਚ ਭਾਰਤ ਦਾ ਦੌਰਾ ਕੀਤਾ ਸੀ। ਇਸ ਦੌਰੇ ਦੌਰਾਨ ਦੋਹਾਂ ਦੇਸ਼ਾਂ ਵਿੱਚ ਰੱਖਿਆ ਅਤੇ ਵਪਾਰ ਨਾਲ ਜੁੜੇ ਕਈ ਸਮਝੌਤੇ ਹੋਏ ਸਨ। ਪਰ ਪੂਤਿਨ ਦੇ ਭਾਰਤ ਤੋਂ ਵਾਪਸ ਜਾਣ ਤੋਂ ਤੁਰੰਤ ਬਾਅਦ ਰੂਸ ਨੇ ਚੀਨ ਨਾਲ ਮਿਲ ਕੇ ਇੱਕ ਵੱਡਾ ਫ਼ੌਜੀ ਅਭਿਆਸ ਕੀਤਾ ਹੈ। ਇਹ ਅਭਿਆਸ ਐਂਟੀ-ਮਿਸਾਈਲ ਡ੍ਰਿੱਲ ਸੀ, ਜਿਸ ਵਿੱਚ ਦੋਹਾਂ ਦੇਸ਼ਾਂ ਦੇ ਜੰਗੀ ਜਹਾਜ਼ਾਂ ਅਤੇ ਪਣਡੁੱਬੀਆਂ ਨੇ ਜਾਪਾਨ ਸਾਗਰ ਵਿੱਚ ਦੁਸ਼ਮਣ ਦੀਆਂ ਮਿਸਾਈਲਾਂ ਨੂੰ ਮਾਰ ਡੇਗਣ ਅਤੇ ਉਨ੍ਹਾਂ ਦੇ ਮਿਸਾਈਲ ਬੇਸ ਨੂੰ ਤਬਾਹ ਕਰਨ ਦਾ ਅਭਿਆਸ ਕੀਤਾ ਸੀ। ਇਸ ਨੂੰ ਰੂਸ ਅਤੇ ਚੀਨ ਦੇ ਰੱਖਿਆ ਸਬੰਧਾਂ ਵਿੱਚ ਇੱਕ ਨਵਾਂ ਅਧਿਆਇ ਮੰਨਿਆ ਜਾ ਰਿਹਾ ਹੈ। ਪਰ ਭਾਰਤ ਲਈ ਇਹ ਖ਼ਬਰ ਚਿੰਤਾ ਵਧਾਉਣ ਵਾਲੀ ਹੈ, ਕਿਉਂਕਿ ਚੀਨ ਅਤੇ ਭਾਰਤ ਵਿੱਚ ਪੁਰਾਣੀ ਦੁਸ਼ਮਣੀ ਹੈ।

ਪੂਤਿਨ ਦੇ ਭਾਰਤ ਦੌਰੇ ਬਾਰੇ ਗੱਲ ਕਰੀਏ ਤਾਂ ਇਹ ਦੌਰਾ ਦਸੰਬਰ 2025 ਦੇ ਸ਼ੁਰੂ ਵਿੱਚ ਹੋਇਆ ਸੀ। ਪੂਤਿਨ ਨੇ ਭਾਰਤੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਦੋਹਾਂ ਦੇਸ਼ਾਂ ਵਿੱਚ ਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਬਾਰੇ ਚਰਚਾ ਹੋਈ ਸੀ। ਰੂਸ ਭਾਰਤ ਦਾ ਪੁਰਾਣਾ ਮਿੱਤਰ ਹੈ ਅਤੇ

ਭਾਰਤ ਨੂੰ ਬਹੁਤ ਸਾਰੇ ਫੌਜੀ ਹਥਿਆਰ ਵੇਚਦਾ ਹੈ। ਪਰ ਇਸ ਦੌਰੇ ਦੇ ਵਿਚਕਾਰ ਹੀ ਰੂਸ ਨੇ ਚੀਨ ਨਾਲ ਐਂਟੀ-ਮਿਸਾਈਲ ਅਭਿਆਸ ਕੀਤਾ ਸੀ। ਚੀਨ ਦੇ ਰੱਖਿਆ ਮੰਤਰਾਲੇ ਨੇ ਆਪਣੀ ਵੈੱਬਸਾਈਟ ਤੇ ਇੱਕ ਪੋਸਟ ਵਿੱਚ ਕਿਹਾ ਕਿ ਇਹ ਅਭਿਆਸ ਰੂਸੀ ਖੇਤਰ ਵਿੱਚ ਦਸੰਬਰ ਦੇ ਸ਼ੁਰੂ ਵਿੱਚ ਹੋਇਆ ਸੀ। ਮੰਤਰਾਲੇ ਨੇ ਇਹ ਵੀ ਕਿਹਾ ਕਿ ਇਹ ਅਭਿਆਸ ਕਿਸੇ ਵੀ ਤੀਜੇ ਦੇਸ਼ ਨੂੰ ਨਿਸ਼ਾਨਾ ਬਣਾ ਕੇ ਨਹੀਂ ਕੀਤਾ ਗਿਆ ਅਤੇ ਨਾ ਹੀ ਕਿਸੇ ਅੰਤਰਰਾਸ਼ਟਰੀ ਸਥਿਤੀ ਦੇ ਜਵਾਬ ਵਜੋਂ ਹੈ। ਪਿਛਲੇ ਮਹੀਨੇ ਦੋਹਾਂ ਦੇਸ਼ਾਂ ਨੇ ਮਿਸਾਈਲ ਰੱਖਿਆ ਅਤੇ ਰਣਨੀਤਕ ਸਥਿਰਤਾ ਬਾਰੇ ਗੱਲਬਾਤ ਕੀਤੀ ਸੀ ਅਤੇ ਅਗਸਤ ਵਿੱਚ ਜਾਪਾਨ ਸਾਗਰ ਵਿੱਚ ਆਰਟਿਲਰੀ ਅਤੇ ਐਂਟੀ-ਸਬਮਰੀਨ ਅਭਿਆਸ ਵੀ ਕੀਤਾ ਸੀ। ਰੂਸ ਅਤੇ ਚੀਨ ਵਿੱਚ ਇੱਕ ਵਿਸ਼ੇਸ਼ ਰਣਨੀਤਕ ਭਾਈਵਾਲੀ ਹੈ। ਇਹ ਭਾਈਵਾਲੀ 2022 ਵਿੱਚ ਯੂਕ੍ਰੇਨ ਤੇ ਰੂਸੀ ਹਮਲੇ ਤੋਂ ਕੁਝ ਸਮੇਂ ਪਹਿਲਾਂ ਸਾਈਨ ਕੀਤੀ ਗਈ ਸੀ। ਇਸ ਵਿੱਚ ਦੋਹਾਂ ਦੇਸ਼ਾਂ ਨੇ ਵਾਅਦਾ ਕੀਤਾ ਸੀ ਕਿ ਉਹ ਨਿਯਮਤ ਤੌਰ ਤੇ ਫੌਜੀ ਅਭਿਆਸਾਂ ਕਰਨਗੇ ਤਾਂ ਜੋ ਉਨ੍ਹਾਂ ਦੀਆਂ ਫ਼ੌਜਾਂ ਵਿੱਚ ਤਾਲਮੇਲ ਵਧੇ। ਦੋਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ 'ਗੋਲਡਨ ਡੋਮ' ਮਿਸਾਈਲ ਰੱਖਿਆ ਯੋਜਨਾ ਅਤੇ 30 ਸਾਲਾਂ ਤੋਂ ਵੱਧ ਸਮੇਂ ਬਾਅਦ ਨਿਊਕਲੀਅਰ ਹਥਿਆਰਾਂ ਦੇ ਟੈਸਟ ਨੂੰ ਮੁੜ ਸ਼ੁਰੂ ਕਰਨ ਦੇ ਉਨ੍ਹਾਂ ਦੇ ਬਿਆਨ ਉਪਰ ਚਿੰਤਾ ਜ਼ਾਹਿਰ ਕੀਤੀ ਸੀ। ਇਹ ਸਭ ਕੁਝ ਅੰਤਰਰਾਸ਼ਟਰੀ ਸੁਰੱਖਿਆ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਡਾਲਰ ਮੁਕਾਬਲੇ ਰੁਪਈਏ 'ਚ ਗਿਰਾਵਟ ਕਿਉਂ ?

ਕੀ ਭਾਰਤੀ ਅਰਥਵਿਵਸਥਾ 'ਤੇ ਅਮਰੀਕੀ ਟੈਰਿਫ਼ਾਂ ਦਾ ਪ੍ਰਭਾਵ ਹੈ ?

ਵਿਦੇਸ਼ੀ ਨਿਵੇਸ਼ਕਾਂ ਦੀ ਭਾਰਤ ਵਿੱਚ ਪੂੰਜੀ ਲਗਾਉਣ ਤੋਂ ਨਾਂਹ

ਹੁਣੇ ਜਿਹੇ ਭਾਰਤੀ ਰੁਪਇਆ ਅਮਰੀਕੀ ਡਾਲਰ ਅੱਗੇ 90.43 ਦੇ ਰਿਕਾਰਡ ਨੀਵੇਂ 'ਤੇ ਪਹੁੰਚ ਗਿਆ ਹੈ। ਇਹ ਨਾ ਸਿਰਫ਼ ਰੁਪਏ ਦੀ ਕਮਜ਼ੋਰੀ ਨੂੰ ਦਰਸਾਉਂਦਾ ਹੈ, ਸਗੋਂ ਭਾਰਤੀ ਅਰਥਵਿਵਸਥਾ ਵਿੱਚ ਡੂੰਘੀਆਂ ਸਮੱਸਿਆਵਾਂ ਨੂੰ ਵੀ ਉਜਾਗਰ ਕਰਦਾ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ (ਆਰ.ਬੀ.ਆਈ.) ਨੇ ਬਾਜ਼ਾਰ ਵਿੱਚ ਡਾਲਰ ਵੇਚ ਕੇ ਇਸ ਨੂੰ 90 ਤੋਂ ਉੱਪਰ ਜਾਣ ਤੋਂ ਰੋਕਿਆ ਹੈ, ਪਰ ਮਾਹਿਰਾਂ ਅਨੁਸਾਰ ਜੇਕਰ ਅਮਰੀਕਾ ਨਾਲ ਟਰੇਡ ਡੀਲ ਨਹੀਂ ਹੋਈ ਤਾਂ ਰੁਪਇਆ 100 ਦੇ ਹੱਦ ਤੱਕ ਵੀ ਡਿੱਗ ਸਕਦਾ ਹੈ। ਇਸ ਸਾਲ 2025 ਵਿੱਚ ਰੁਪਏ ਨੇ 4.5 ਫ਼ੀਸਦੀ ਡਿੱਗਣ ਤੋਂ ਬਾਅਦ ਏਸ਼ੀਆ ਦੀਆਂ ਮੁਦਰਾਵਾਂ ਵਿੱਚ ਸਭ ਤੋਂ ਜ਼ਿਆਦਾ ਨੁਕਸਾਨ ਝੱਲਿਆ ਹੈ। ਇਸ ਡਿੱਗਣ ਦੇ ਪਿੱਛੇ ਅਮਰੀਕੀ ਟੈਰਿਫ, ਵਿਦੇਸ਼ੀ ਨਿਵੇਸ਼ਕਾਂ ਦੀ ਭਾਰਤ ਵਿਚ ਪੂੰਜੀ ਲਗਾਉਣ ਤੋਂ ਨਾਂਹ ਅਤੇ ਟਰੇਡ ਘਾਟੇ ਵਰਗੇ ਕਾਰਨ ਹਨ, ਜੋ ਨਾ ਸਿਰਫ਼ ਰੁਪਏ ਨੂੰ ਡੁਬੋ ਰਹੇ ਹਨ, ਸਗੋਂ ਪੱਛਮੀ ਦੇਸ਼ਾਂ ਨੂੰ ਭਾਰਤ

ਵਿੱਚ ਨਿਵੇਸ਼ ਤੋਂ ਵੀ ਰੋਕ ਰਹੇ ਹਨ। ਭਾਰਤ ਦੀ ਅਰਥਵਿਵਸਥਾ ਵਿੱਚ ਇਹ ਸੰਕਟ ਇੰਨਾ ਡੂੰਘਾ ਹੈ ਕਿ ਵਿਸ਼ਵਵਿਆਪੀ ਮੁਦਰਾ ਫੰਡ (ਆਈ.ਐੱਮ.ਐੱਫ.) ਨੇ ਭਾਰਤ ਦੀ ਵਟਾਂਦਰਾ ਵਿਵਸਥਾ ਨੂੰ 'ਕਰਾਊਲ-ਲਾਈਕ' (ਗੋਡੇ ਟੇਕਣ ਵਾਲੀ) ਸ਼੍ਰੇਣੀ ਵਿੱਚ ਪਾ ਦਿੱਤਾ ਹੈ। ਪਹਿਲਾਂ ਇਹ 'ਫਲੋਟਿੰਗ' (ਤੈਰਦੀ) ਸੀ, ਜਿੱਥੇ ਮੁਦਰਾ ਆਪਣੀ ਤਾਕਤ ਨਾਲ ਵਟਾਂਦਰਾ ਕਰਦੀ ਹੈ। ਹੁਣ ਆਰ.ਬੀ.ਆਈ. ਨੂੰ ਹਰ ਵੇਲੇ ਦਖਲਅੰਦਾਜ਼ੀ ਕਰਨੀ ਪੈ ਰਹੀ ਹੈ, ਪਰ ਰੁਪਏ ਦੀ ਡਿਗ ਰਹੀ ਕੀਮਤ ਕਾਰਨ ਨਾ ਸਿਰਫ਼ ਆਯਾਤ ਮਹਿੰਗਾ ਹੋ ਰਿਹਾ ਹੈ - ਜਿਵੇਂ ਪੈਟਰੋਲ, ਐਲੀਕਟ੍ਰਾਨਿਕਸ ਅਤੇ ਸੁਨਹਿਰੀ ਜੈਵੇਲਰੀ - ਸਗੋਂ ਆਮ ਲੋਕਾਂ ਦੀ ਜੀਵਨ ਸ਼ੈਲੀ ਵੀ ਪ੍ਰਭਾਵਿਤ ਹੋ ਰਹੀ ਹੈ। ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਲਈ ਫੀਸ ਵਿੱਚ 5-10 ਲੱਖ ਰੁਪਏ ਵਧ ਗਏ ਹਨ, ਅਤੇ ਵਿਦੇਸ਼ੀ ਯਾਤਰਾ ਕਰਨ ਵਾਲਿਆਂ ਲਈ ਖਰਚੇ ਵਧ ਰਹੇ ਹਨ।

ਰੁਪਏ ਦੀ ਡਿੱਗ ਦੇ ਮੁੱਖ ਕਾਰਨਾਂ ਵਿੱਚ ਅਮਰੀਕੀ ਟੈਰਿਫ ਸਭ ਤੋਂ ਵੱਡਾ ਕਾਰਣ ਹਨ।

(ਬਾਕੀ ਸਫ਼ਾ 26 'ਤੇ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਢਾਲ ਬਣ ਕੇ ਸਮਾਜ ਅਤੇ ਸੱਭਿਆਚਾਰ ਦੀ ਰੱਖਿਆ ਕੀਤੀ: ਫੜਨਵੀਸ

ਨਾਗਪੁਰ/ਏ.ਟੀ.ਨਿਊਜ਼ : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਾਗਪੁਰ ਦੇ ਨਾਰਾ ਸਥਿਤ ਸੁਰੇਸ਼ ਚੰਦਰ ਸੂਰੀ ਮੈਦਾਨ ਵਿੱਚ ਵਿਸ਼ਾਲ ਰਾਜ ਪੱਧਰੀ ਸਮਾਗਮ ਕੀਤਾ ਗਿਆ।

ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਮੁਗਲ ਕਾਲ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਢਾਲ ਬਣ ਕੇ ਸਮਾਜ ਅਤੇ ਸੱਭਿਆਚਾਰ ਦੀ ਰੱਖਿਆ ਕੀਤੀ। ਗੁਰੂ ਸਾਹਿਬ ਦੀ ਕੁਰਬਾਨੀ ਸਵੈ-ਧਰਮ, ਸਹਿਣਸ਼ੀਲਤਾ ਅਤੇ ਮਨੁੱਖਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਇਸ ਸ਼ਾਨਦਾਰ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਸੰਕਲਪ ਪ੍ਰਗਟ ਕੀਤਾ।

ਇਸ ਮੌਕੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਮਨੁੱਖਤਾ ਅਤੇ ਸੱਚ ਦੀ ਰੱਖਿਆ ਲਈ ਪ੍ਰੇਰਨਾਦਾਇਕ ਹੈ।ਉਨ੍ਹਾਂ ਯਾਦ ਦਿਵਾਇਆ ਕਿ ਜਦੋਂ ਵੀ

ਅਧਰਮ ਵਧਦਾ ਹੈ, ਕੋਈ ਨਾ ਕੋਈ ਧਰਮ ਦੀ ਰੱਖਿਆ ਲਈ ਉੱਠਦਾ ਹੈ ਅਤੇ ਗੁਰੂ ਸਾਹਿਬ ਜੀ ਨੇ ਆਪਣੀ ਕੁਰਬਾਨੀ ਰਾਹੀਂ ਇਸ ਨੂੰ ਸਾਬਤ ਕੀਤਾ। ਉਨ੍ਹਾਂ ਕਿਹਾ ਕਿ ਇਹ ਸਮਾਗਮ ਰਾਜ ਭਰ ਦੇ ਸ਼ਰਧਾਲੂਆਂ ਨੂੰ ਇਕੱਠੇ ਕਰਨ ਲਈ ਇੱਕ ਮਹੱਤਵਪੂਰਨ ਯਤਨ ਹੈ।

ਇਸ ਮੌਕੇ ਗਿਆਨੀ ਹਰਨਾਮ ਸਿੰਘ ਨੇ ਕਿਹਾ ਕਿ ਭਾਰਤ ਵਿਭਿੰਨਤਾ ਅਤੇ ਸਦਭਾਵਨਾ ਦਾ ਦੇਸ਼ ਰਿਹਾ ਹੈ ਪਰ ਮੁਗਲਾਂ ਨੇ ਸੱਭਿਆਚਾਰ ਅਤੇ ਦੇਸ਼ 'ਤੇ ਸਖਤ ਹਮਲੇ ਕੀਤੇ। ਮਹਾਰਾਸ਼ਟਰ ਅਤੇ ਪੰਜਾਬ ਨੇ ਇਨ੍ਹਾਂ ਹਮਲਿਆਂ ਦਾ ਬਹਾਦਰੀ ਨਾਲ ਸਾਹਮਣਾ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਭਾਰਤੀ ਸੱਭਿਆਚਾਰ ਦੀ ਰੱਖਿਆ ਦਾ ਇਤਿਹਾਸ ਹੈ। ਇਸ ਮੌਕੇ ਬਲ ਮਲਕੀਤ ਸਿੰਘ ਨਿਮੰਨਤ੍ਰਿਕ ਰਾਜ ਪੱਧਰੀ ਕਮੇਟੀ ਅਤੇ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਨੇ ਦੱਸਿਆ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਤਿਹਾਸ ਬਾਰੇ ਕਿਤਾਬ ਰਿਲੀਜ਼ ਕੀਤੀ ਗਈ ਅਤੇ ਗੁਰੂ ਸਾਹਿਬ ਜੀ ਦੇ ਜੀਵਨੀ ਬਾਰੇ ਡਾਕੂਮੇਂਟਰੀ ਫਿਲਮ ਲਾਂਚ ਕੀਤੀ ਗਈ।ਗੁਰੂ ਸਾਹਿਬ ਦੇ ਇਤਿਹਾਸ ਬਾਰੇ ਪ੍ਰਦਰਸ਼ਨੀ ਲਗਾਈ ਗਈ। ਇਸ ਸਮਾਗਮ ਵਿੱਚ ਕੈਬਨਿਟ ਮੰਤਰੀ, ਸੰਤ, ਸਮਾਜਿਕ ਆਗੂ ਅਤੇ ਸੀਨੀਅਰ ਅਧਿਕਾਰੀ ਮੌਜੂਦ ਸਨ।

ਸਿੱਖ ਸੰਸਥਾਵਾਂ ਵਿੱਚ ਸਿੱਧੀ ਦਖ਼ਲਅੰਦਾਜ਼ੀ ਕਰ ਰਹੀ ਹੈ ਸਰਕਾਰ: ਜਥੇਦਾਰ ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੀ ਪਾਬੰਦੀਸ਼ੁਦਾ ਹਿੰਦੀ ਪੁਸਤਕ ਦੇ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿਆਸਤ ਤੋਂ ਪ੍ਰੇਰਿਤ ਅਤੇ ਸਿੱਖ ਸੰਸਥਾਵਾਂ ਵਿੱਚ ਸਿੱਧੀ ਦਖ਼ਲਅੰਦਾਜ਼ੀ ਕਰਾਰ ਦਿੱਤਾ ਹੈ।ਪੰਜ ਸਿੰਘ ਸਾਹਿਬਾਨ ਦੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ

ਵਿਖੇ ਹੋਈ ਇਕੱਤਰਤਾ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਈਸ਼ਰ ਸਿੰਘ ਅਧਾਰਿਤ ਬਣਾਏ ਗਏ ਤਿੰਨ ਮੈਂਬਰੀ ਜਾਂਚ ਕਮਿਸ਼ਨ ਨੇ ਜੋ ਰਿਪੋਰਟ ਸੌਂਪੀ ਸੀ ਉਸ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੁੱਚੇ ਮਾਮਲੇ ਵਿੱਚ ਦੋਸ਼ੀ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੇ ਵਿਰੁੱਧ ਬਣਦੀ ਕਾਰਵਾਈ ਕਰ ਦਿੱਤੀ ਹੈ।ਇਸ ਕਾਰਵਾਈ ਨੂੰ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇ ਨਾਲ-ਨਾਲ ਪੰਜ ਸਿੰਘ ਸਾਹਿਬ ਨੇ ਵੀ ਪ੍ਰਵਾਨ ਕੀਤਾ ਹੈ ਅਤੇ ਉਸ ਸਮੇਂ ਦੀ ਅੰਤ੍ਰਿੰਗ ਕਮੇਟੀਆਂ ਨੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਖਿਮਾ ਜਾਚਨਾ ਕੀਤੀ ਹੈ।

ਵਲਟੋਹਾ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਜੂਠੇ ਭਾਂਡੇ ਮਾਂਜਣ ਤੇ ਜੋੜੇ ਸਾਫ਼ ਕਰਨ ਦੀ ਕੀਤੀ ਸੇਵਾ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ ਨੇ ਬੀਤੇ ਦਿਨ ਪੰਜ ਸਿੰਘ ਸਾਹਿਬਾਨ ਵੱਲੋਂ ਲਗਾਈ ਗਈ ਤਨਖ਼ਾਹ ਤਹਿਤ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਗੁਰੂ ਰਾਮ ਦਾਸ ਵਿਖੇ ਇੱਕ ਘੰਟਾ ਜੂਠੇ ਭਾਂਡੇ ਮਾਂਜਣ ਦੀ ਸੇਵਾ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਜੋੜਾ ਘਰ ਵਿਖੇ ਇੱਕ ਘੰਟਾ ਸੰਗਤਾਂ ਦੇ ਜੋੜੇ ਸਾਫ਼ ਕਰਨ ਦੀ ਸੇਵਾ ਕੀਤੀ ਹੈ।ਦੱਸ ਦੇਈਏ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੀਤੇ ਕੱਲ੍ਹ ਪੰਜ ਸਿੰਘ ਸਾਹਿਬਾਨਾਂ ਦੀ ਮੀਟਿੰਗ ਹੋਈ। ਜਿਸ ਵਿੱਚ ਅਨੇਕਾਂ ਪੰਥਕ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਵਿਰਸਾ ਸਿੰਘ ਵਲਟੋਹਾ ਵੀ

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਮੁਆਫ਼ੀ ਮੰਗੀ। ਫਸੀਲ ਤੋਂ ਸਿੰਘ ਸਾਹਿਬਾਨ ਨੇ ਵਲਟੋਹਾ 'ਤੇ ਸ਼੍ਰੋਮਣੀ ਅਕਾਲੀ ਦਲ 'ਚੋਂ 10 ਸਾਲ ਬਾਹਰ ਰਹਿਣ ਦੀ ਲੱਗੀ ਪਾਬੰਦੀ ਹਟਾ ਦਿੱਤੀ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਲਟੋਹਾ ਨੂੰ ਅੱਗੇ ਤੋਂ ਬਿਆਨਬਾਜ਼ੀ ਨਾ ਕਰਨ ਦੇ ਆਦੇਸ਼ ਦਿੱਤੇ ਅਤੇ ਕਿਹਾ ਕਿ ਸ਼ਬਦਾਂ ਦੀ ਮਰਿਆਦਾ ਦਾ ਵੀ ਧਿਆਨ ਰੱਖਿਆ ਜਾਵੇ।

ਪੰਜਾਬ ਦੇ ਵਿਦਿਆਰਥੀਆਂ ਨੇ ਬਣਾਇਆ ਪਹਿਲਾ ਸਿੱਖ ਰੋਬੋਟ

ਮਾਨਸਾ/ਏ.ਟੀ.ਨਿਊਜ਼: ਜ਼ਿਲ੍ਹਾ ਮਾਨਸਾ ਦੇ 'ਦ ਰੈਨੇਸਾਂ' ਸਕੂਲ ਦੇ ਵਿਦਿਆਰਥੀਆਂ ਨੇ ਪਹਿਲਾ ਪੰਜਾਬੀ ਸਿੱਖ ਰੋਬੋਟ ਬਣਾਇਆ ਹੈ। ਇਹ ਕਾਫ਼ੀ ਚਰਚਾ ਵਿੱਚ ਹੈ ਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਰੋਬੋਟ ਦਾ ਨਾਂ ਜਾਰਵਿਸ਼ ਰੱਖਿਆ ਗਿਆ ਹੈ। ਸਕੂਲ ਦੀ ਅਟਲ ਟਿਕਰਿੰਗ ਲੈਬ (ਏਟੀਐਲ) ਵਿੱਚ ਲੈਬ ਇੰਚਾਰਜ ਇੰ. ਸੁਖਦੀਪ ਸਿੰਘ ਦੀ ਅਗਵਾਈ ਵਿੱਚ ਪਹਿਲਾ ਪੰਜਾਬੀ ਰੋਬੋਟ ਬਣਾਇਆ ਹੈ। ਇਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤਾ ਗਿਆ ਹੈ। ਵੀਡੀਓ ਵਿੱਚ ਵਿਦਿਆਰਥੀ ਦੱਸ ਰਹੇ ਹਨ ਕਿ ਉਨ੍ਹਾਂ ਦਾ ਰੋਬੋਟ ਉੱਚੀ ਜਗ੍ਹਾ ਉੱਤੇ ਅਸਾਨੀ ਨਾਲ ਜਾ ਸਕਦਾ ਹੈ, ਬੰਬ ਡੀਫਿਊਜ਼ ਕਰ ਸਕਦਾ ਹੈ ਅਤੇ ਅੱਗ ਬੁਝਾ ਸਕਦਾ ਹੈ। ਵਿਦਿਆਰਥੀਆਂ ਨੇ ਕਿਹਾ ਹੈ ਕਿ ਸਾਰੇ ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਖੋਜਾਂ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਅੱਗੇ ਚੱਲ ਕੇ ਦੇਸ਼ ਨੂੰ ਤਕਨਾਲੋਜੀ ਵਿੱਚ ਅੱਗੇ ਵਧਾਇਆ ਜਾ ਸਕੇ। ਇਹ ਰੋਬੋਟ ਘਰ ਦੇ ਛੋਟੇ ਕੰਮਾਂ ਤੋਂ ਲੈ ਕੇ ਵੱਡੇ ਕੰਮਾਂ ਨੂੰ ਅੰਜਾਮ ਦੇ ਸਕਦਾ ਹੈ।

ਪਿਛਲੇ ਦਿਨੀਂ ਇਸੇ ਪ੍ਰੋਗਰਾਮ ਤਹਿਤ ਸਕੂਲੀ ਵਿਦਿਆਰਥੀਆਂ ਨੇ ਆਟੋਮੈਟਿਕ ਅੱਗ ਬੁਝਾਊ ਯੰਤਰ ਬਣਾਉਣ ਦੇ ਨਾਲ-ਨਾਲ ਰੋਬੋਟਿਕ ਆਰਮ ਵੀ ਬਣਾਈ, ਜੋ ਬੋਰਵੈੱਲ ਵਿਚ ਡਿੱਗੇ ਬੱਚੇ ਨੂੰ ਕੁਝ ਹੀ ਮਿੰਟਾਂ ਵਿੱਚ ਬਿਨਾਂ ਕਿਸੇ ਨੁਕਸਾਨ ਦੇ ਬਾਹਰ ਕੱਢ ਸਕਦੀ ਹੈ। ਸਕੂਲ ਦੇ ਚੇਅਰਮੈਨ ਡਾ. ਅਵਤਾਰ ਸਿੰਘ ਨੇ ਦੱਸਿਆ ਕਿ ਸਕੂਲਾਂ ਵਿੱਚ ਅਜਿਹੇ ਪ੍ਰੋਗਰਾਮ ਨੂੰ ਪਹਿਲ ਦੇ ਅਧਾਰ 'ਤੇ ਅਪਣਾਉਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਨੂੰ ਕਿਤਾਬੀ ਸਿੱਖਿਆ ਦੇ ਨਾਲ ਨਾਲ ਤਕਨੀਕੀ ਤੌਰ 'ਤੇ ਸਿੱਖਿਅਤ ਕੀਤਾ ਜਾ ਸਕੇ। ਉਨ੍ਹਾਂ ਦੇ ਸਕੂਲ ਦੇ 11ਵੀਂ ਤੇ 12ਵੀਂ ਦੇ ਵਿਦਿਆਰਥੀਆਂ ਨੇ ਇਸ ਦਾ ਸੜਕ 'ਤੇ ਟ੍ਰਾਇਲ ਕੀਤਾ ਹੈ।

ਇਰਾਕ ਦੀ ਰਾਜਧਾਨੀ ਬਗਦਾਦ 'ਚ ਬਣਾਈ ਜਾਵੇਗੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ

ਬਗਦਾਦ/ਏ.ਟੀ.ਨਿਊਜ਼ : ਇਰਾਕ ਦੀ ਰਾਜਧਾਨੀ ਬਗਦਾਦ 'ਚ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਗੁਰੂ ਸਾਹਿਬ ਦੀ ਯਾਦਗਾਰ ਜਲਦ ਉਸਾਰੀ ਜਾਵੇਗੀ। ਮਿਸ਼ਨ ਬਾਬਾ ਨਾਨਕ ਬਗਦਾਦ ਦੇ ਉਪਰਾਲਿਆ ਨੂੰ ਬੂਰ ਪੈਣ ਪੈਣ ਲੱਗਾ ਹੈ ਤੇ ਇਰਾਕ ਦੇ ਰੇਲਵੇ ਵਿਭਾਗ ਨੇ ਯਾਦਗਾਰ ਲਈ ਜਗ੍ਹਾ ਦੇਣ ਵਾਸਤੇ ਹਾਂ ਕਰ ਦਿੱਤੀ ਹੈ। ਇਰਾਕ ਦੇ ਸੈਰ-ਸਪਾਟਾ ਮੰਤਰੀ ਨੇ ਵੀ ਗੁਰੂ ਸਾਹਿਬ ਦੀ ਯਾਦਗਾਰ ਦੇ ਦਰਸ਼ਨ ਕਰਨ ਵਾਲੇ ਸਿੱਖਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਵੀਜ਼ਾ ਜਾਰੀ ਕਰਨ ਦਾ ਭਰੋਸਾ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਐੱਸਏ ਤੋਂ ਐੱਨਆਰਆਈ ਤੇ ਮਿਸ਼ਨ ਬਾਬਾ ਨਾਨਕ ਬਗਦਾਦ ਸੰਸਥਾ ਦੇ ਪ੍ਰਧਾਨ ਹਰਜੀਤ ਸਿੰਘ ਸੋਢੀ ਨੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆ ਕੀਤਾ।

ਉਨ੍ਹਾਂ ਦੱਸਿਆ ਕਿ ਯਾਦਗਾਰ ਉਸਾਰਨ ਦੇ ਉਦੇਸ਼ ਨਾਲ ਪਿਛਲੇ ਸਾਲ ਉਨ੍ਹਾਂ ਨੇ ਇਰਾਕ ਦੇ ਅਯਾਤੁੱਲ ਸਈਅਦ ਹੁਸੈਨ ਅਲ-ਸਦਰ ਫਾਊਂਡੇਸ਼ਨ ਟਰੱਸਟ ਦੇ ਮੁਖੀ ਅਯਾਤੁੱਲਾ ਅਲ-ਫਕੀਹ ਸਈਅਦ ਹੁਸੈਨ ਇਸਮਾਇਲ ਅਲ ਸਦਰ ਨਾਲ ਫਰਵਰੀ ਤੇ ਅਗਸਤ ਅਤੇ ਸਤੰਬਰ 'ਚ ਸੁੰਨੀ ਬੋਰਡ ਦੇ ਮੁਖੀ ਮਿਸ਼ਾਨ-ਅਲ-ਖ਼ਜ਼ਰਾਜੀ ਨਾਲ ਮੁਲਾਕਾਤਾਂ ਕੀਤੀਆ ਸਨ। ਦੋਵਾਂ ਹੀ ਆਗੂਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦਿਆ ਉਨ੍ਹਾਂ ਦੀ ਸੰਸਥਾ ਨੂੰ ਉਕਤ ਸਥਾਨ ਦੇ ਨੇੜੇ ਹੀ ਯਾਦਗਾਰ ਸਥਾਪਤ ਕਰਨ ਲਈ ਸਹਿਮਤੀ ਦੇ ਦਿੱਤੀ ਸੀ।

ਹਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਬਗਦਾਦ ਸਥਿਤ ਬਾਬਾ ਨਾਨਕ ਜੀ ਦੀ ਜਗ੍ਹਾ ਤੋਂ 200 ਮੀਟਰ ਦੀ ਦੂਰੀ 'ਤੇ ਸਾਢੇ ਤਿੰਨ ਕਿੱਲ੍ਹੇ ਰੇਲਵੇ ਦੀ ਜ਼ਮੀਨ ਹੈ, ਜੋ ਕਿ ਮੁੱਲ ਖਰੀਦੀ ਜਾਵੇਗੀ। ਇਸ ਜ਼ਮੀਨ ਲਈ ਇਰਾਕ ਦੇ ਰੇਲਵੇ ਮੰਤਰੀ ਨਾਲ ਮੀਟਿੰਗ ਹੋ ਚੁੱਕੀ ਹੈ, ਜਿਨ੍ਹਾਂ ਨੇ ਜ਼ਮੀਨ ਮੁੱਲ ਦੇਣ ਲਈ ਹਾਂ ਕਰ ਦਿੱਤੀ ਹੋਈ ਹੈ। ਉਨ੍ਹਾਂ ਦੱਸਿਆ ਕਿ ਉਕਤ ਯਾਦਗਾਰ ਦੀ ਉਸਾਰੀ ਲਈ ਉੱਥੋਂ ਦੇ ਪ੍ਰਧਾਨ ਮੰਤਰੀ ਮੁਹੰਮਦ ਸ਼ੀਆ ਅਲ-ਸੁਦਾਨੀ ਨਾਲ ਮੁਲਾਕਾਤ ਕੀਤੀ ਜਾਣੀ ਹੈ, ਜਿਸ ਲਈ ਗੱਲਬਾਤ ਚੱਲ ਰਹੀ ਹੈ। ਅਗਲੇ ਸਾਲ ਦੇ ਸ਼ੁਰੂ 'ਚ ਇਹ ਮੁਲਾਕਾਤ ਹੋਣ ਦੀ ਆਸ ਹੈ ਅਤੇ ਪ੍ਰਧਾਨ ਮੰਤਰੀ ਵੱਲੋਂ ਮਨਜ਼ੂਰੀ ਮਿਲਣ ਉਪਰੰਤ ਯਾਦਗਾਰ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਉਸਾਰੀ ਜਾਣ ਵਾਲੀ ਯਾਦਗਾਰ ਅੰਦਰ ਸਿਹਤ ਕੇਂਦਰ ਤੇ ਲੰਗਰ ਹਾਲ ਬਣਾਇਆ ਜਾਵੇਗਾ। ਆਉਣ ਵਾਲੇ ਸਮੇਂ 'ਚ ਜਦੋਂ ਵੀ ਸਿੱਖ ਕੌਮ ਉੱਥੇ ਰਹਿਣ ਲੱਗੇਗੀ ਤਾਂ ਉਸ ਜਗ੍ਹਾ ਗੁਰਦੁਆਰਾ ਵੀ ਬਣਾਇਆ ਜਾਵੇਗਾ।

ਸਿੱਖਾਂ ਨੂੰ ਬਿਨਾਂ ਕਿਸੇ ਰੁਕਾਵਟ ਮਿਲੇਗਾ ਵੀਜ਼ਾ

ਹਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਸਾਥੀਆ ਨਾਲ ਇਰਾਕ ਸਰਕਾਰ ਦੇ ਸੈਰ-ਸਪਾਟਾ ਮੰਤਰੀ ਡਾ. ਅਹਿਮਦ ਫਕਾਕ ਅਲ-ਬਦਰਾਨੀ ਨਾਲ ਵੀ ਮੁਲਾਕਾਤ ਕੀਤੀ ਸੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਨੂੰ ਵਿਰਾਸਤੀ ਥਾਂ ਬਣਾਉਣ ਤੋਂ ਇਲਾਵਾ ਇਸ ਜਗ੍ਹਾ ਦੇ ਦਰਸ਼ਨ ਕਰਨ ਵਾਲੇ ਵਿਸ਼ਵ ਭਰ ਦੇ ਸਿੱਖਾਂ ਨੂੰ ਬਿਨਾਂ ਕਿਸੇ ਰੁਕਾਵਟ ਵੀਜ਼ਾ ਜਾਰੀ ਕਰਨ ਲਈ ਵੀ ਸਹਿਮਤੀ ਦੇ ਦਿੱਤੀ ਹੈ। ਸੋਢੀ ਨੇ ਕਿਹਾ ਕਿ ਜੇਕਰ ਕੋਈ ਸਿੱਖ ਭਰਾ ਬਗਦਾਦ ਜਾ ਕੇ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਉਕਤ ਅਸਥਾਨ ਦੇ ਦਰਸ਼ਨ ਕਰਨ ਦਾ ਅਭਿਲਾਸ਼ੀ ਹੈ ਪਰ ਉਸ ਕੋਲ ਖਰਚ ਲਈ ਪੂਰੇ ਪੈਸੇ ਨਹੀਂ ਹਨ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ, ਉਹ ਵਿੱਤੀ ਸਹਿਯੋਗ ਕਰਨ ਲਈ ਤਿਆਰ ਹਨ।

ਯਾਦਗਾਰ ਨੇੜਲੇ ਖੂਹ ਦੀ ਹੈ ਬਹੁਤ ਮਾਨਤਾ

ਸੋਢੀ ਨੇ ਅੱਗੇ ਦੱਸਿਆ ਕਿ ਜਿਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਠਹਿਰੇ ਸਨ, ਉਸ ਦੇ ਨੇੜੇ ਹੀ ਇੱਕ ਪਵਿੱਤਰ ਖੂਹ ਹੈ। ਹਾਲਾਂਕਿ ਬਗਦਾਦ 'ਚ ਵੀ ਜ਼ਮੀਨ ਹੇਠਾਂ ਤੇਲ ਦੇ ਖੂਹ ਹਨ ਪਰ ਇਸ ਖੂਹ ਦਾ ਪਾਣੀ ਮਿੱਠਾ ਹੈ। ਸਥਾਨਕ ਲੋਕਾਂ 'ਚ ਇਸ ਖੂਹ ਦੀ ਕਾਫੀ ਮਾਨਤਾ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਖੂਹ ਦੇ ਨੇੜੇ ਪੱਥਰ ਦੀ ਸਿੱਲ 'ਚ ਕੁਦਰਤੀ ਬਾਟੇ 'ਚ ਖੂਹ ਦਾ ਪਾਣੀ ਪਾ ਕੇ ਉਸ ਨੂੰ ਬੱਚੇ ਨੂੰ ਪਿਆਇਆ ਜਾਂਦਾ ਹੈ, ਜਿਸ ਨੂੰ ਬੋਲਣ 'ਚ ਸਮੱਸਿਆ ਆਉਂਦੀ ਹੈ। ਇਸ ਪਵਿੱਤਰ ਪਾਣੀ ਦੇ ਪੀਣ ਨਾਲ ਬੱਚਾ ਕੁਝ ਦਿਨਾਂ ਅੰਦਰ ਹੀ ਸਹੀ ਬੋਲਣਾ ਸ਼ੁਰੂ ਕਰ ਦਿੰਦਾ ਹੈ। ਹਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਉਹ ਆਪਣੀ ਸਾਥੀ ਨਾਲ ਉਕਤ ਖੂਹ 'ਤੇ ਜਾ ਕੇ ਪਾਣੀ ਪੀ ਕੇ ਆਏ ਹਨ, ਜੋ ਕਿ ਸੱਚਮੁੱਚ ਮਿੱਠੇ ਜਲ ਸਮਾਨ ਹੈ।

ਮਾਮਲਾ ਲਾਪਤਾ ਪਾਵਨ ਸਰੂਪਾਂ ਦਾ

ਅੰਮ੍ਰਿਤਸਰ ਪੁਲਿਸ ਵੱਲੋਂ 16 ਵਿਅਕਤੀਆਂ ਖ਼ਿਲਾਫ਼ ਕੇਸ ਦਰਜ

ਅੰਮ੍ਰਿਤਸਰ/ਏ.ਟੀ.ਨਿਊਜ਼: ਅੰਮ੍ਰਿਤਸਰ ਪੁਲਿਸ ਨੇ 2016 ਵਿੱਚ ਲਾਪਤਾ ਹੋਏ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਅਧਿਕਾਰੀਆਂ, ਕਰਮਚਾਰੀਆਂ ਅਤੇ ਹੋਰਨਾਂ ਸਮੇਤ ਕਰੀਬ 16 ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਹ ਕੇਸ ਥਾਣਾ ਸੀ ਡਿਵੀਜ਼ਨ ਵਿੱਚ ਸਿੱਖ ਸਦਭਾਵਨਾ ਦਲ ਦੇ ਮੁਖੀ ਭਾਈ ਬਲਦੇਵ ਸਿੰਘ ਵਡਾਲਾ ਦੀ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਨੇ ਇਸ ਕਾਰਵਾਈ ਨੂੰ ਸਿੱਖ ਮਾਮਲਿਆਂ ਵਿੱਚ ਸਰਕਾਰ ਦੀ ਸਿੱਧੀ ਦਖਲਅੰਦਾਜ਼ੀ ਕਰਾਰ ਦਿੱਤਾ ਹੈ।

ਸਿੱਖ ਸਦਭਾਵਨਾ ਦਲ ਨੇ ਇਸ ਸਬੰਧੀ ਲੰਮੇ ਸਮੇਂ ਤੋਂ ਹੈਰੀਟੇਜ ਸਟਰੀਟ 'ਤੇ ਪੱਕਾ ਮੋਰਚਾ ਲਾਇਆ ਹੋਇਆ ਸੀ। ਇਸ ਧਰਨੇ ਵਿੱਚ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਆਗੂ ਜਗਜੀਤ ਸਿੰਘ ਡੱਲੇਵਾਲ, ਬਾਬਾ ਸਰਬਜੋਤ ਸਿੰਘ ਬੇਦੀ ਅਤੇ ਹੋਰ ਧਾਰਮਿਕ ਸ਼ਖ਼ਸੀਅਤਾਂ ਵੀ ਸ਼ਾਮਲ ਹੋਈਆਂ। ਇਸ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਧਰਨੇ ਵਿੱਚ ਪਹੁੰਚ

ਕੇ ਪ੍ਰਦਰਸ਼ਨਕਾਰੀਆਂ ਤੋਂ ਮੰਗ ਪੱਤਰ ਲਿਆ ਅਤੇ ਇਨਸਾਫ਼ ਦਾ ਭਰੋਸਾ ਦਿੱਤਾ। ਸੂਤਰਾਂ ਮੁਤਾਬਕ ਇਨ੍ਹਾਂ ਆਗੂਆਂ ਦੀ ਹਦਾਇਤ ਤੋਂ ਬਾਅਦ ਹੀ ਪੁਲਿਸ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਕੇਸ ਦਰਜ ਕੀਤਾ ਹੈ।

ਦਰਜ ਕੀਤੇ ਗਏ ਕੇਸ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਡਾ. ਰੂਪ ਸਿੰਘ, ਮਨਜੀਤ ਸਿੰਘ ਅਤੇ ਸਾਬਕਾ ਮੁੱਖ ਸਕੱਤਰ ਮਰਹੂਮ ਹਰਚਰਨ ਸਿੰਘ ਸਮੇਤ 16 ਜਣਿਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਹ ਕੇਸ ਆਈ. ਪੀ. ਸੀ. ਦੀ ਧਾਰਾ 295, 295-ਏ, 409, 465 ਅਤੇ 120-ਬੀ ਤਹਿਤ ਦਰਜ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ 16 ਲੋਕਾਂ ਦੇ ਨਾਮ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕਰਵਾਈ ਗਈ ਜਾਂਚ ਰਿਪੋਰਟ ਵਿੱਚ ਸਾਹਮਣੇ ਆਏ ਸਨ। ਜਾਂਚ ਕਮੇਟੀ ਨੇ ਇਨ੍ਹਾਂ ਨੂੰ ਲਾਪਤਾ ਸਰੂਪਾਂ ਲਈ ਜ਼ਿੰਮੇਵਾਰ ਠਹਿਰਾਇਆ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਖਿਲਾਫ਼ ਵਿਭਾਗੀ ਕਾਰਵਾਈ ਵੀ ਕੀਤੀ ਸੀ। ਸਿੱਖ ਸਦਭਾਵਨਾ ਦਲ ਅਤੇ ਭਾਈ ਬਲਦੇਵ ਸਿੰਘ ਵਡਾਲਾ ਲੰਮੇ ਸਮੇਂ ਤੋਂ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਕੇ ਸੱਚਾਈ ਸਾਹਮਣੇ ਲਿਆਉਣ ਦੀ ਮੰਗ ਕਰ ਰਹੇ ਸਨ। ਉੱਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੁਲਿਸ ਅਤੇ ਸਰਕਾਰ ਦੀ ਇਸ ਕਾਰਵਾਈ 'ਤੇ ਸਖਤ ਇਤਰਾਜ਼ ਜਤਾਇਆ ਹੈ। ਕਮੇਟੀ ਨੇ ਇਸ ਨੂੰ ਧਾਰਮਿਕ ਮਾਮਲਿਆਂ ਵਿੱਚ ਸਰਕਾਰ ਦੀ ਸਿੱਧੀ ਦਖਲਅੰਦਾਜ਼ੀ ਕਰਾਰ ਦਿੱਤਾ ਹੈ।

ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ

ਅੰਮ੍ਰਿਤਸਰ/ਏ.ਟੀ.ਨਿਊਜ਼: ਭਾਰਤ ਦੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਦੌਰਾਨ ਰਾਮਨਾਥ ਕੋਵਿੰਦ ਨੇ ਗੁਰੂ ਘਰ 'ਚ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਗੁਰੂ ਕੀ ਇਲਾਹੀ ਬਾਣੀ ਦਾ ਆਨੰਦ ਮਾਣਿਆ ਤੇ ਕੀਰਤਨ ਵੀ ਸਰਵਣ ਕੀਤਾ।

ਦੱਸਣਯੋਗ ਹੈ ਕਿ ਰਾਮਨਾਥ ਕੋਵਿੰਦ ਗੁਰੂ ਨਗਰੀ ਵਿਖੇ ਚੱਲ ਰਹੇ 19ਵੇਂ ਪਾਈਟੈਕਸ ਦਾ ਰਸਮੀ ਉਦਘਾਟਨ ਕਰਨ ਲਈ ਪਹੁੰਚੇ ਸਨ। ਰਾਮਨਾਥ ਕੋਵਿੰਦ ਨੂੰ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸਨਮਾਨਿਤ ਵੀ ਕੀਤਾ ਗਿਆ।

ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ ਦਿੱਲੀ ਦੇ ਮੁੱਖ ਮੰਤਰੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਕੈਬਨਿਟ ਨਾਲ ਨਤਮਸਤਕ ਹੋਏ। ਫਰਵਰੀ 2025 ਤੋਂ ਬਤੌਰ ਦਿੱਲੀ ਦੇ ਮੁੱਖ ਮੰਤਰੀ ਸੇਵਾਵਾਂ ਨਿਭਾ ਰਹੇ ਰੇਖਾ ਗੁਪਤਾ ਪੂਰੀ ਕੈਬਨਿਟ ਦੇ ਨਾਲ ਰਾਜਾਸਾਂਸੀ ਹਵਾਈ ਅੱਡੇ 'ਤੇ ਪਹੁੰਚੇ। ਗੁਰੂ ਨਗਰੀ ਪਹੁੰਚੇ ਰੇਖਾ ਗੁਪਤਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸ੍ਰੀ ਦੁਰਗਿਆਣਾ ਤੀਰਥ ਅਤੇ ਦੁਪਹਿਰ ਨੂੰ ਸ੍ਰੀ ਵਾਲਮੀਕ ਜੀ ਤੀਰਥ ਸ੍ਰੀ ਰਾਮ ਤੀਰਥ ਵਿਖੇ ਨਤਮਸਤਕ ਹੋਣ ਤੋਂ ਬਾਅਦ ਰਾਜਾਸਾਂਸੀ ਹਵਾਈ ਅੱਡੇ ਤੋਂ ਦਿੱਲੀ ਲਈ ਰਵਾਨਾ ਹੋ ਗਏ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਉਨ੍ਹਾਂ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

ਸਿੱਖ ਸੰਸਥਾਵਾਂ 'ਚ ਸਰਕਾਰ ਦਾ ਦਖ਼ਲ ਬਰਦਾਸ਼ਤ ਨਹੀਂ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਕੁਝ ਜਥੇਬੰਦੀਆਂ ਦੇ ਧਰਨੇ ਦੀ ਪੰਜਾਬ ਦੀ 'ਆਪ' ਸਰਕਾਰ ਵੱਲੋਂ ਕੀਤੀ ਅਗਵਾਈ ਨੂੰ ਸਿੱਖ ਸੰਸਥਾਵਾਂ 'ਚ ਖੁੱਲ੍ਹੀ ਦਖਲਅੰਦਾਜ਼ੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਪੁਰਾਣੇ ਮਾਮਲੇ ਵਿੱਚ ਲੱਗੇ ਧਰਨੇ 'ਚ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਦਾ ਸ਼ਾਮਲ ਹੋਣਾ ਤੇ ਨਿਰਦੇਸ਼ ਦੇਣਾ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਹੈ। ਸ੍ਰੀ ਧਾਮੀ ਨੇ ਕਿਹਾ, "ਕੌਮੀ ਸੰਸਥਾਵਾਂ ਸਿਰਫ਼ ਕੌਮ ਦੀਆਂ ਹਨ ਤੇ ਇਨ੍ਹਾਂ 'ਚ ਸਰਕਾਰੀ ਦਖਲ ਦੀ ਕੋਸ਼ਿਸ਼ ਕਾਮਯਾਬ ਨਹੀਂ ਹੋਣ ਦਿੱਤੀ ਜਾਵੇਗੀ। ਸਿੱਖ ਕੌਮ ਆਪਣੀਆਂ ਧਾਰਮਿਕ ਸੰਸਥਾਵਾਂ ਦੀ ਮਰਿਆਦਾ ਤੇ ਰਵਾਇਤਾਂ ਦੀ ਰੱਖਿਆ ਕਰਨੀ

ਜਾਣਦੀ ਹੈ, ਸਰਕਾਰ ਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।"

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਜਿਸ ਮਾਮਲੇ 'ਚ ਸਰਕਾਰ ਦਖਲ ਦੇਣ ਦੀ ਗਲਤੀ ਕਰ ਰਹੀ ਹੈ, ਇਹ ਸਿੱਧੇ ਤੌਰ 'ਤੇ ਸ਼੍ਰੋਮਣੀ ਕਮੇਟੀ ਦਾ ਪ੍ਰਬੰਧਕੀ ਮਾਮਲਾ ਹੈ। ਮਾਮਲੇ ਦੀ ਸ੍ਰੀ ਅਕਾਲ ਤਖ਼ਤ ਵੱਲੋਂ ਜਾਂਚ ਕਰਵਾਈ ਗਈ ਸੀ ਤੇ ਪੜਤਾਲ ਰਿਪੋਰਟ ਤੇ ਸਿਫਾਰਸ਼ਾਂ ਅਨੁਸਾਰ ਵਿਭਾਗੀ ਕਾਰਵਾਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਰਿਪੋਰਟ 'ਚ ਸਪੱਸ਼ਟ ਹੋ ਚੁੱਕਾ ਹੈ ਕਿ 328 ਪਾਵਨ ਸਰੂਪਾਂ ਦਾ ਮਾਮਲਾ ਬੇਅਦਬੀ ਦਾ ਨਹੀਂ ਬਲਕਿ ਕੁਝ ਮੁਲਾਜ਼ਮਾਂ ਵੱਲੋਂ ਪੈਸਿਆਂ ਦੀ ਕੀਤੀ ਹੇਰਾਫੇਰੀ ਦਾ ਹੈ। ਸ੍ਰੀ ਧਾਮੀ ਨੇ ਕਿਹਾ, "ਕੌਮ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਕਾਰਵਾਈ ਕੀਤੀ ਜਾ ਚੁੱਕੀ ਹੈ। ਸਰਕਾਰ ਇਸ ਮਾਮਲੇ 'ਤੇ ਸਿਆਸਤ ਨਾ ਕਰੇ।"

ਕਿਤਾਬ ਦਾ ਮਾਮਲਾ ਭਖਾਉਣਾ ਸਿਆਸੀ ਹਰਕਤ

ਐਡਵੋਕੇਟ ਧਾਮੀ ਨੇ 1999 ਵਿੱਚ ਛਪੀ ਕਿਤਾਬ ਦੇ ਮਾਮਲੇ ਨੂੰ ਦਿੱਤੀ ਜਾ ਰਹੀ ਤੂਲ ਨੂੰ ਵੀ ਸਿਆਸੀ ਹਰਕਤ ਦੱਸਿਆ। ਉਨ੍ਹਾਂ ਆਖਿਆ ਕਿ ਜੋ ਅੰਗਰੇਜ਼ੀ ਪੁਸਤਕ ਦਾ ਅਨੁਵਾਦ ਕਰਵਾ ਕੇ ਪੁਸਤਕ ਛਪਾਈ ਗਈ ਸੀ, ਇਤਰਾਜ਼ਾਂ ਮਗਰੋਂ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਬੰਧਕਾਂ ਨੇ ਰੋਕ ਲਗਾਉਣ ਦੇ ਨਾਲ ਨਾਲ ਕਿਤਾਬ ਵਾਪਸ ਲੈਣ ਲਈ ਅਖ਼ਬਾਰਾਂ ਵਿੱਚ ਇਸ਼ਤਿਹਾਰ ਵੀ ਦਿੱਤੇ ਸਨ। ਇਜਲਾਸ ਦੌਰਾਨ ਭੁੱਲ ਦੀ ਖਿਮਾ ਵੀ ਮੰਗੀ ਗਈ ਸੀ, ਜਿਸ ਹੁਣ ਇਹ ਨੂੰ ਮੁੜ ਉਭਾਰਨ ਦੀ ਕੋਈ ਤੁਕ ਨਹੀਂ ਬਣਦੀ।

ਵੱਡੇ ਪੱਧਰ 'ਤੇ ਮਨਾਏ ਜਾਣਗੇ 350 ਸਾਲਾ ਸ਼ਹੀਦੀ ਸੰਪੂਰਨਤਾ ਸਮਾਗਮ : ਕਾਲਕਾ, ਕਾਹਲੋਂ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਮੌਕੇ ਪੂਰਾ ਸਾਲ ਚੱਲਣ ਵਾਲੇ ਸਮਾਗਮਾਂ ਮਗਰੋਂ ਸੰਪੂਰਨਤਾ ਸਮਾਗਮ ਵੀ ਵੱਡੇ ਪੱਧਰ 'ਤੇ ਮਨਾਏ ਜਾਣਗੇ। ਇੱਥੇ ਗੁਰਦੁਆਰਾ ਮਾਤਾ ਸੁੰਦਰੀ ਵਿੱਚ ਗੁਰਮਤਿ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਤੇ ਸਟਾਫ ਵੱਲੋਂ ਕਰਵਾਏ ਸ਼ੁਕਰਾਨਾ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਹੀ ਨਹੀਂ, ਬਲਕਿ ਦੇਸ਼-ਵਿਦੇਸ਼ ਤੋਂ ਸੰਗਤ ਨੇ ਲੱਖਾਂ ਦੀ ਗਿਣਤੀ ਵਿੱਚ ਲਾਲ ਕਿਲ੍ਹੇ 'ਤੇ ਹੋਏ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ ਸੀ। ਸਮਾਗਮਾਂ ਵਿੱਚ ਦਿੱਲੀ ਸਰਕਾਰ ਦੀ ਸ਼ਮੂਲੀਅਤ ਲਈ ਉਹ ਮੁੱਖ ਮੰਤਰੀ ਰੇਖਾ ਗੁਪਤਾ ਤੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਦਾ ਧੰਨਵਾਦ ਕਰਦੇ ਹਨ। ਸਰਕਾਰ ਦੀ ਸ਼ਮੂਲੀਅਤ ਦੀ ਬਦੌਲਤ ਇਨ੍ਹਾਂ ਪ੍ਰੋਗਰਾਮਾਂ ਦਾ ਵੱਡੇ ਪੱਧਰ 'ਤੇ ਪ੍ਰਚਾਰ-ਪਸਾਰ ਹੋਇਆ, ਜਿਸ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਨੇ ਵੀ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਪੂਰਾ ਸਾਲ ਚੱਲਣ ਵਾਲੇ 350 ਸਾਲਾ ਸ਼ਹੀਦੀ ਪੁਰਬ ਦੇ ਸਮਾਗਮਾਂ ਦੀ ਸੰਪੂਰਨਤਾ ਮੌਕੇ ਵਿਸ਼ਾਲ ਸਮਾਗਮ ਕਰਨ ਸਬੰਧੀ ਵਿਉਂਤਬੰਦੀ ਕੀਤੀ ਜਾ ਰਹੀ ਹੈ ਅਤੇ ਇਸ ਵਿੱਚ ਹਰ ਵਰਗ ਦੀ ਸ਼ਮੂਲੀਅਤ ਕਰਵਾ ਕੇ ਇਹ ਸਮਾਗਮ ਯਾਦਗਾਰੀ ਬਣਾਉਣ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਐਲਾਨ ਕੀਤਾ ਕਿ 13 ਅਪਰੈਲ ਨੂੰ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ਾਲ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿੱਚ ਵੱਧ ਤੋਂ ਵੱਧ ਲੋਕਾਂ ਦਾ ਅੰਮ੍ਰਿਤ ਸੰਚਾਰ ਕਰਵਾਉਣ ਦਾ ਯਤਨ ਕੀਤਾ ਜਾਵੇਗਾ।

ਇਸ ਸਬੰਧੀ ਉਹ ਜਲਦੀ ਹੀ ਵੱਖ-ਵੱਖ ਗੁਰੂ-ਘਰਾਂ ਦੇ ਹੈੱਡ ਗ੍ਰੰਥੀਆਂ ਤੇ ਹੋਰ ਵਰਗਾਂ ਨਾਲ ਮੀਟਿੰਗਾਂ ਕਰਨਗੇ। ਇਨ੍ਹਾਂ ਸਮਾਗਮਾਂ ਵਿੱਚ ਵੀ ਬੀਬੀਆਂ ਦਾ ਅਹਿਮ ਰੋਲ ਰਹੇਗਾ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਸਬੰਧੀ ਸਕੂਲਾਂ 'ਚ ਵਿਸ਼ੇਸ਼ ਸੈਸ਼ਨ ਕਰਵਾਏਗੀ ਪੰਜਾਬ ਸਰਕਾਰ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੂਬੇ ਦੇ ਸਕੂਲਾਂ ਵਿੱਚ ਤਿੰਨ ਰੋਜ਼ਾ ਵਿਸ਼ੇਸ਼ ਵਿਦਿਅਕ ਸੈਸ਼ਨ ਕਰਵਾਏ ਜਾਣਗੇ। ਪੰਜਾਬ ਦੇ ਸਾਰੇ ਸਰਕਾਰੀ, ਪ੍ਰਾਈਵੇਟ ਤੇ ਏਡਿਡ ਸਕੂਲਾਂ ਵਿੱਚ 22 ਤੋਂ 24 ਦਸੰਬਰ ਤੱਕ ਸਵੇਰ ਦੀ ਸਭਾ ਵਿੱਚ 15 ਮਿੰਟ ਦੇ ਵਿਸ਼ੇਸ਼ ਸੈਸ਼ਨ ਕਰਵਾਏ ਜਾਣਗੇ। ਇਸ ਦੌਰਾਨ ਵਿਦਿਆਰਥੀਆਂ ਨੂੰ

ਸਿੱਖ ਇਤਿਹਾਸ ਤੇ ਬਹਾਦਰੀ ਵਾਲੀ ਅਮੀਰ ਵਿਰਾਸਤ ਬਾਰੇ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਸੈਸ਼ਨਾਂ ਵਿੱਚ ਵਰਤੀ ਜਾਣ ਵਾਲੀ ਵਿਦਿਅਕ ਸਮੱਗਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ. ਜੀ. ਪੀ. ਸੀ.) ਤੋਂ ਪ੍ਰਮਾਣਿਤ ਹੋਵੇ ਤਾਂ ਜੋ ਇਸ ਦੇ ਇਤਿਹਾਸ, ਮਰਿਆਦਾ ਤੇ ਸਤਿਕਾਰ ਨੂੰ ਬਰਕਰਾਰ ਰੱਖਿਆ ਜਾ ਸਕੇ। ਮੰਤਰੀ ਨੇ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਹੈੱਡਕੁਆਰਟਰ ਵਿੱਚ 22 ਤੋਂ 24 ਦਸੰਬਰ ਤੱਕ ਸਕੂਲੀ ਵਿਦਿਆਰਥੀਆਂ ਦੁਆਰਾ ਕੀਰਤਨ ਦਰਬਾਰ (ਸ਼ਾਮ 4 ਵਜੇ ਤੋਂ ਸ਼ਾਮ 6 ਵਜੇ ਤੱਕ) ਸਮੇਤ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਧਾਰਮਿਕ ਅਤੇ ਇਤਿਹਾਸਕ ਸਮਾਰੋਹ ਵੀ ਕਰਵਾਏ ਜਾਣਗੇ। ਇਨ੍ਹਾਂ ਸਮਾਗਮਾਂ ਦਾ ਉਦੇਸ਼ ਸਿੱਖ ਸ਼ਹੀਦਾਂ ਦੇ ਅਡੋਲ ਸਿਦਕ, ਦ੍ਰਿੜ੍ਹ ਨਿਸ਼ਚੇ ਅਤੇ ਬਹਾਦਰੀ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਸੰਪਾਦਕੀ

ਹਵਾਈ ਯਾਤਰਾ ’ਚ ਸੁਧਾਰ ਦੀ ਲੋੜ

ਭਾਰਤ ’ਚ ਸਭ ਤੋਂ ਵੱਧ ਉਡਾਣਾਂ ਸੰਚਾਲਨ ਕਰਨ ਵਾਲੀ ਏਅਰਲਾਈਨ ਇੰਡੀਗੋ ਇਸ ਸਮੇਂ ਚਰਚਾ ਵਿੱਚ ਹੈ। ਇਹ ਸਤਰਾਂ ਲਿਖੇ ਜਾਣ ਤੱਕ ਇੰਡੀਗੋ ਦੀਆਂ ਉਡਾਣਾਂ ਦੀ ਲੇਟ-ਲਤੀਫ਼ੀ ਅਤੇ ਰੱਦ ਕਰਨ ਦਾ ਰੇੜਕਾ ਜਾਰੀ ਸੀ।ਹੁਣ ਤੱਕ ਇਸ ਏਅਰਲਾਈਨ ਦੀਆਂ 1100 ਤੋਂ ਵੱਧ ਹਵਾਈ ਉਡਾਣਾਂ ਰੱਦ ਕੀਤੀਆਂ ਜਾ ਚੁੱਕੀਆਂ ਹਨ, ਜਿਸ ਕਾਰਨ ਦੇਸ਼ ਦੇ ਵੱਖ- ਵੱਖ ਹਵਾਈ ਅੱਡਿਆਂ ’ਤੇ ਲੱਖਾਂ ਯਾਤਰੀ ਪ੍ਰੇਸ਼ਾਨ ਹੋ ਰਹੇ ਹਨ। ਉਹਨਾਂ ਯਾਤਰੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਕੋਈ ਵੀ ਅਥਾਰਿਟੀ ਲੋੜੀਂਦੇ ਉਪਰਾਲੇ ਨਹੀਂ ਕਰ ਰਹੀ। ਇੰਡੀਗੋ ਦੀਆਂ ਫਲਾਈਟਾਂ ਨਵੇਂ ਨਿਯਮਾਂ, ਹਵਾਈ ਅਮਲੇ ਦੀ ਘਾਟ ਅਤੇ ਮਾਲ-ਅਸਬਾਬ ਦੇ ਬੋਝ ਕਾਰਨ ਲੇਟ ਹੋ ਰਹੀਆਂ ਹਨ। ਨਵੇਂ ਨਿਯਮਾਂ ’ਚ ਉਡਾਣ ਡਿਊਟੀ ਸਮਾਂ ਹੱਦ ਅਹਿਮ ਹੈ। ਨਵੇਂ ਨਿਯਮਾਂ ’ਚ ਪਾਇਲਟਾਂ ਅਤੇ ਕਰੂ ਮੈਂਬਰਾਂ ਦੀ ਘਾਟ ਸਾਹਮਣੇ ਆਈ ਹੈ ਅਤੇ ਜਹਾਜ਼ ਦੇਰੀ ਨਾਲ ਉਡਾਣ ਭਰ ਰਹੇ ਹਨ। ਖ਼ਾਸ ਤੌਰ ’ਤੇ ਦੇਰ ਰਾਤ ਅਤੇ ਵੱਡੇ ਤੜਕੇ ਦੀਆਂ ਉਡਾਣਾਂ ਪ੍ਰਭਾਵਿਤ ਹੋ ਰਹੀਆਂ ਹਨ, ਜਿਸ ਕਾਰਨ ਲੱਖਾਂ ਯਾਤਰੀ ਪ੍ਰਭਾਵਿਤ ਹੋ ਰਹੇ ਹਨ। ਹਵਾਈ ਅੱਡਿਆਂ ’ਤੇ ਪ੍ਰੇਸ਼ਾਨ ਹੋ ਰਹੇ ਯਾਤਰੀ ਕਹਿ ਰਹੇ ਹਨ ਕਿ ਇੰਡੀਗੋ ਦੀ ਹਵਾਈ ਸੇਵਾ ਦਾ ਹਾਲ ਪੰਜਾਬ ਦੀ ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਦੀ ਬੱਸ ਸਰਵਿਸ ਵਰਗਾ ਹੋ ਗਿਆ ਹੈ। ਜਿਸ ਦੇ ਠੇਕਾ ਕਾਮਿਆਂ ਵੱਲੋਂ ਵਾਰ ਵਾਰ ਹੜਤਾਲ ਕੀਤੇ ਜਾਣ ਕਾਰਨ ਅਕਸਰ ਲੱਖਾਂ ਲੋਕ ਖੱਜਲ ਖੁਆਰ ਹੁੰਦੇ ਹਨ। ਭਾਵੇਂ ਕਿ ਇੰਡੀਗੋ ਏਅਰਲਾਈਨ ਦੀਆਂ ਫਲਾਈਟਾਂ ਰੱਦ ਹੋਣ ਅਤੇ ਲੇਟ ਹੋਣ ਦੇ ਕਾਰਨ ਵੱਖਰੇ ਹਨ ਪਰ ਲੋਕਾਂ ਦੀ ਪ੍ਰੇਸ਼ਾਨੀ ਬਹੁਤ ਜ਼ਿਆਦਾ ਹੈ। ਵੱਖ- ਵੱਖ ਹਵਾਈ ਅੱਡਿਆਂ ’ਤੇ ਹਵਾਈ ਉਡਾਣਾਂ ਦੀ ਉਡੀਕ ਕਰ ਰਹੇ ਯਾਤਰੀ ਕਹਿ ਰਹੇ ਹਨ ਕਿ ਉਹਨਾਂ ਨੂੰ ਫਲਾਈਟਾਂ ਦੇ ਲੇਟ ਹੋਣ ਦਾ ਪਤਾ ਏਅਰਪੋਰਟ ’ਤੇ ਆ ਕੇ ਚੱਲਦਾ ਹੈ, ਜਦੋਂ ਕਿ ਚਾਹੀਦਾ ਇਹ ਸੀ ਕਿ ਏਅਰਲਾਈਨ ਇਸ ਸਬੰਧੀ ਯਾਤਰੀਆਂ ਨੂੰ ਪਹਿਲਾਂ ਹੀ ਸੂਚਨਾ ਦਿੰਦੀ ਤਾਂ ਕਿ ਯਾਤਰੀ ਹਵਾਈ ਉਡਾਣ ਦੇ ਸਮੇਂ ਹੀ ਹਵਾਈ ਅੱਡੇ ਪਹੁੰਚਦੇ। ਇਸ ਤੋਂ ਇਲਾਵਾ ਹਵਾਈ ਅੱਡਿਆਂ ਤੇ ਯਾਤਰੀਆਂ ਲਈ ਬੁਨਿਆਦੀ ਸਹੂਲਤਾਂ ਦੀ ਘਾਟ ਵੀ ਵੇਖਣ ਵਿੱਚ ਆ ਰਹੀ ਹੈ। ਹਵਾਈ ਸਫ਼ਰ ਨੂੰ ਸੜਕ ਅਤੇ ਰੇਲ ਸਫ਼ਰ ਨਾਲੋਂ ਆਸਾਨ ਸਮਝਿਆ ਜਾਂਦਾ ਹੈ। ਇਸ ਵਿੱਚ ਸਮਾਂ ਬਹੁਤ ਘੱਟ ਲੱਗਦਾ ਹੈ। ਅੱਜ ਦੇ ਰੁਝੇਵੇਂ ਭਰੇ ਯੁੱਗ ਵਿੱਚ ਵੱਡੀ ਗਿਣਤੀ ਲੋਕਾਂ ਕੋਲ ਸਮੇਂ ਦੀ ਘਾਟ ਹੈ। ਇਸੇ ਕਾਰਨ ਵੱਡੀ ਗਿਣਤੀ ਲੋਕ ਸੜਕ ਜਾਂ ਰੇਲ ਸਫ਼ਰ ਕਰਨ ਦੀ ਥਾਂ ਹਵਾਈ ਯਾਤਰਾ ਨੂੰ ਤਰਜੀਹ ਦਿੰਦੇ ਹਨ ਪਰ ਜਿਸ ਤਰੀਕੇ ਨਾਲ ਇੰਡੀਗੋ ਦੀਆਂ ਫਲਾਈਟਾਂ ਲਗਾਤਾਰ ਰੱਦ ਹੋਣ ਅਤੇ ਲੇਟ ਹੋਣ ਕਾਰਨ ਆਮ ਲੋਕਾਂ ਨੂੰ ਪ੍ਰੇਸ਼ਾਨ ਹੋਣਾ ਪੈ ਰਿਹਾ ਹੈ, ਉਸ ਨਾਲ ਆਮ ਲੋਕਾਂ ਦਾ ਏਅਰ ਲਾਈਨਾਂ ਤੋਂ ਭਰੋਸਾ ਡਗਮਗਾਉਂਦਾ ਜਾ ਰਿਹਾ ਹੈ। ਇੰਡੀਗੋ ਏਅਰਲਾਈਨਜ਼ ਭਾਰਤ ਦੇ ਲੋਕਾਂ ਦੀ ਭਰੋਸੇਮੰਦ ਏਅਰਲਾਈਨ ਹੈ। ਘਰੇਲੂ ਉਡਾਣਾਂ ਦੀ ਕੁਨੈਕਟੀਵਿਟੀ ਵੀ ਇਸੇ ਏਅਰਲਾਈਨ ਦੀ ਸਭ ਤੋਂ ਵੱਧ ਹੈ। ਇਸ ਏਅਰਲਾਈਨ ਦਾ ਕਿਰਾਇਆ ਵੀ ਦੂਜੀਆਂ ਏਅਰਲਾਈਨਜ਼ ਨਾਲੋਂ ਘੱਟ ਹੈ। ਯਾਤਰੀ ਅਕਸਰ ਕਹਿੰਦੇ ਹਨ ਕਿ ਇੰਡੀਗੋ ਦਾ ਕਿਰਾਇਆ ਦੂਜੀਆਂ ਏਅਰ ਲਾਈਨਾਂ ਜਿਵੇਂ ਕਿ ਵਿਸਤਾਰਾ, ਏਅਰ ਇੰਡੀਆ ਤੇ ਅਕਾਸਾ ਦੇ ਕਿਰਾਏ ਨਾਲੋਂ 20 ਤੋਂ 60 ਫ਼ੀਸਦੀ ਘੱਟ ਹੈ। ਇਹ ਏਅਰਲਾਈਨ ਦੇਸ਼ ਦੇ ਹਰ ਇਲਾਕੇ ਤੱਕ ਪਹੁੰਚ ਰੱਖਦੀ ਹੈ। ਇਸੇ ਕਾਰਨ ਇਸ ਏਅਰਲਾਈਨ ਨੂੰ ਭਾਰਤੀਆਂ ਦੀ ਸਭ ਤੋਂ ਭਰੋਸੇਮੰਦ ਏਅਰਲਾਈਨ ਮੰਨਿਆ ਜਾਂਦਾ ਹੈ।

ਇਸ ਸਮੇਂ ਸਾਲ ਦਾ ਆਖ਼ਰੀ ਮਹੀਨਾ ਦਸੰਬਰ ਚੱਲ ਰਿਹਾ ਹੈ, ਜਿਸ ਨੂੰ ਛੁੱਟੀਆਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਇਸ ਸਮੇਂ ਵਿਆਹਾਂ ਦਾ ਸੀਜ਼ਨ ਵੀ ਚੱਲ ਰਿਹਾ ਹੈ। ਵੱਡੀ ਗਿਣਤੀ ਲੋਕ ਵਿਆਹ ਸਮਾਗਮਾਂ ’ਚ ਹਿੱਸਾ ਲੈਣ, ਛੁੱਟੀਆਂ ਦਾ ਆਨੰਦ ਮਾਨਣ, ਪਹਾੜਾਂ ’ਤੇ ਹੁੰਦੀ ਬਰਫ਼ਬਾਰੀ ਵੇਖਣ, ਗੋਆ ਅਤੇ ਮੁੰਬਈ ਵਰਗੇ ਇਲਾਕਿਆਂ ਨੂੰ ਵੇਖਣ, ਹਿੱਲ ਸਟੇਸ਼ਨਾਂ ਦੀ ਸੈਰ ਕਰਨ, ਹੋਰ ਜ਼ਰੂਰੀ ਕੰਮ ਧੰਦੇ ਜਾਣ ਲਈ ਇਸ ਮਹੀਨੇ ਹਵਾਈ ਯਾਤਰਾ ਕਰਦੇ ਹਨ, ਜਿਸ ਕਾਰਨ ਹਰ ਸਾਲ ਇਸ ਮਹੀਨੇ ਹਵਾਈ ਅੱਡਿਆਂ ’ਤੇ ਯਾਤਰੀਆਂ ਦੀ ਭੀੜ ਵੇਖਣ ਵਿੱਚ ਆਉਂਦੀ ਹੈ। ਇਸ ਵਾਰ ਵੀ ਅਨੇਕਾਂ ਕਾਰਨ ਕਰਕੇ ਵੱਡੀ ਗਿਣਤੀ ਲੋਕ ਹਵਾਈ ਯਾਤਰਾ ਕਰ ਰਹੇ ਹਨ ਪਰ ਇੰਡੀਗੋ ਦੀਆਂ ਫਲਾਇਟਾਂ ਦੀ ਅਨਿਸ਼ਚਿਤਾ ਕਾਰਨ ਉਹਨਾਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਕਈ ਹਵਾਈ ਅੱਡਿਆਂ ’ਤੇ ਤਾਂ ਯਾਤਰੀਆਂ ਅਤੇ ਏਅਰਲਾਈਨ ਦੇ ਸਟਾਫ਼ ਵਿਚਾਲੇ ਬਹਿਸ ਆਦਿ ਹੋਣ ਦੀਆਂ ਖ਼ਬਰਾਂ ਵੀ ਆਈਆਂ ਹਨ। ਏਅਰਲਾਈਨ ਦਾ ਸਟਾਫ਼ ਵੀ ਆਪਣੇ ਆਪ ਨੂੰ ਬੇਬਸ ਮਹਿਸੂਸ ਕਰਦਾ ਹੈ। ਉਹਨਾਂ ਕੋਲ ਯਾਤਰੀਆਂ ਵੱਲੋਂ ਕੀਤੇ ਜਾਂਦੇ ਹਰ ਸਵਾਲ ਦਾ ਜਵਾਬ ਮੌਜੂਦ ਨਹੀਂ ਹੁੰਦਾ, ਜਿਸ ਕਾਰਨ ਅਕਸਰ ਯਾਤਰੀ ਭੜਕ ਜਾਂਦੇ ਹਨ। ਹਵਾਈ ਉਡਾਣਾਂ ਰੱਦ ਹੋਣ ਕਾਰਨ ਵੱਡੀ ਗਿਣਤੀ ਯਾਤਰੀ ਆਪਣੇ ਰਿਸ਼ਤੇਦਾਰਾਂ ਅਤੇ ਸੰਬੰਧੀਆਂ ਦੇ ਵਿਆਹ ਸਮਾਗਮਾਂ, ਡਿਊਟੀ ’ਤੇ ਪਹੁੰਚਣ, ਖ਼ੁਸ਼ੀ ਦੇ ਸਮਾਗਮਾਂ ਅਤੇ ਪਾਰਟੀਆਂ ਵਿੱਚ ਸ਼ਾਮਲ ਹੋਣ ਤੋਂ ਰਹਿ ਗਏ ਹਨ, ਜਿਸ ਦਾ ਸਾਰਾ ਦੋਸ਼ ਉਹ ਏਅਰਲਾਈਨਜ਼ ਨੂੰ ਦੇ ਰਹੇ ਹਨ। ਇਹ ਮਾਮਲਾ ਸੁਪਰੀਮ ਕੋਰਟ ਵੀ ਪਹੁੰਚ ਗਿਆ ਹੈ। ਸੁਪਰੀਮ ਕੋਰਟ ਨੇ ਇੰਡੀਗੋ ਵੱਲੋਂ ਹਾਲ ਹੀ ’ਚ ਵਪਾਰਕ ਯਾਤਰੀ ਉਡਾਣਾਂ ਨੂੰ ਰੱਦ ਕਰਨ ਅਤੇ ਦੇਰੀ ਕਰਨ ਦੇ ਮਾਮਲੇ ’ਚ ਫੌਰੀ ਸੁਣਵਾਈ ਵਾਲੀ ਪਟੀਸ਼ਨ ’ਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਹੈ। ਸੁਪਰੀਮ ਕੋਰਟ ’ਚ ਦਾਖ਼ਲ ਪਟੀਸ਼ਨ ’ਚ ਦੇਸ਼ ਦੇ 95 ਹਵਾਈ ਅੱਡਿਆਂ ’ਤੇ ਲਗਭਗ 2500 ਫਲਾਈਟਾਂ ’ਚ ਦੇਰੀ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ’ਤੇ ਚੀਫ਼ ਜਸਟਿਸ ਸੂਰੀਆ ਕਾਂਤ ਨੇ ਕਿਹਾ ਕਿ ‘ਅਸੀਂ ਸਮਝਦੇ ਹਾਂ ਕਿ ਲੱਖਾਂ ਲੋਕ ਇਸ ਕਾਰਨ ਪਰੇਸ਼ਾਨੀ ਝੱਲ ਰਹੇ ਹਨ। ਲੋਕ ਆਪਣੇ ਜ਼ਰੂਰੀ ਕੰਮ ਨਹੀਂ ਕਰ ਪਾ ਰਹੇ। ਹਾਲਾਂ ਕਿ ਕੇਂਦਰ ਸਰਕਾਰ ਇਸ ਮਾਮਲੇ ਨੂੰ ਹੱਲ ਕਰਨ ਲਈ ਕਾਰਜਸ਼ੀਲ ਹੈ। ਫ਼ਿਲਹਾਲ ਸੁਪਰੀਮ ਕੋਰਟ ਦੇ ਦਖ਼ਲ ਦੀ ਕੋਈ ਜ਼ਰੂਰਤ ਨਹੀਂ ਹੈ।’ ਸੁਪਰੀਮ ਕੋਰਟ ਵੱਲੋਂ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਤੋਂ ਨਾਂਹ ਕੀਤੇ ਜਾਣ ਕਾਰਨ ਇਸ ਮਾਮਲੇ ਦੇ ਜਲਦੀ ਹੱਲ ਹੋਣ ਦੇ ਆਸਾਰ ਮੱਧਮ ਹਨ। ਇਸ ਦੇ ਬਾਵਜੂਦ ਇੰਡੀਗੋ ਏਅਰਲਾਈਨ ਅਤੇ ਕੇਂਦਰ ਸਰਕਾਰ ਵੱਲੋਂ ਹਵਾਈ ਆਵਾਜਾਈ ਪਹਿਲਾਂ ਵਾਂਗੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ। ਇੰਡੀਗੋ ਅਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਯਾਤਰੀਆਂ ਦੀ ਪ੍ਰੇਸ਼ਾਨੀ ਨੂੰ ਸਮਝਣ ਅਤੇ ਤੁਰੰਤ ਇਸ ਮਸਲੇ ਦਾ ਹੱਲ ਕੱਢਣ।

ਰੂਸ ਤੇ ਭਾਰਤ ਦੀ ਨੇੜਤਾ ਅਮਰੀਕਾ ਲਈ ਬਣੀ ਚੁਣੌਤੀ



ਸ਼ਿਵਕਾਂਤ ਸ਼ਰਮਾ
(ਲੇਖਕ ਬੀ.ਬੀ.ਸੀ. ਹਿੰਦੀ ਦਾ ਸਾਬਕਾ ਸੰਪਾਦਕ ਹੈ)

ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਇਕ ਭਾਸ਼ਣ ਵਿੱਚ ਕਿਹਾ ਸੀ ਕਿ ਪੱਛਮ ਦੀ ਰਾਜਨੀਤਕ ਅਤੇ ਆਰਥਿਕ ਚੜ੍ਹਤ ਖ਼ਤਮ ਹੋ ਰਹੀ ਹੈ ਅਤੇ ਦੁਨੀਆ ਦੀ ਅਗਲੀ ਵਿਵਸਥਾ ਘੱਟੋ-ਘੱਟ ਦੋ-ਧਰੁਵੀ ਜਾਂ ਬਹੁ-ਧਰੁਵੀ ਹੋਵੇਗੀ। ਯੂਰਪੀ ਕਮਿਸ਼ਨ ਦੀ ਮੁਖੀ ਉਰਸੁਲਾ ਵਾਨ ਡਰ ਲੇਨ ਨੇ ਕਿਹਾ ਕਿ ਇਸ ਵਿੱਚ ਕੋਈ ਬੁਰਾਈ ਨਹੀਂ ਹੈ, ਕਿਉਂਕਿ ਇਸ ਨਾਲ ਪੱਛਮ ਅਤੇ ਬਾਕੀ ਦੁਨੀਆ ਵਿਚਕਾਰ ਸਹਿਯੋਗ ਦੇ ਨਵੇਂ ਦਿਸਹੱਦੇ ਖੁੱਲ੍ਹ ਸਕਣਗੇ।

ਪਿਛਲੇ ਸਤੰਬਰ ਵਿੱਚ ਤਿਆਨਜਿਨ ਦੇ ਐੱਸਸੀਓ ਸਿਖਰ ਸੰਮੇਲਨ ਵਿੱਚ ਸ਼ਿਰਕਤ ਕਰਨ ਗਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਐੱਸਸੀਓ ਇੱਕ ਬਹੁ-ਪੱਖੀ ਅਤੇ ਸਮਾਵੇਸ਼ੀ ਵਿਸ਼ਵ ਵਿਵਸਥਾ ਨੂੰ ਅੱਗੇ ਵਧਾਉਣ ਵਿੱਚ ਮੋਹਰੀ ਭੂਮਿਕਾ ਨਿਭਾ ਸਕਦਾ ਹੈ। ਉਸੇ ਸੰਮੇਲਨ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਇੱਕ ਵਿਸ਼ਵ ਸੰਚਾਲਨ ਪਹਿਲ ਦਾ ਪ੍ਰਸਤਾਵ ਰੱਖਿਆ ਸੀ ਅਤੇ ਹਸਤੀਵਾਦ ਅਤੇ ਧੌਂਸ ਦੀ ਰਾਜਨੀਤੀ ਖ਼ਿਲਾਫ਼ ਖੜ੍ਹੇ ਹੋ ਕੇ ਸੱਚੀ ਬਹੁ-ਪੱਖਤਾ ’ਤੇ ਚੱਲਣ ਦਾ ਸੱਦਾ ਦਿੱਤਾ ਸੀ। ਡੋਨਾਲਡ ਟਰੰਪ ਨੇ ਇਸ ’ਤੇ ਤਨਜ਼ ਕੱਸਦਿਆਂ ਇਸ ਨੂੰ ਅਮਰੀਕਾ ਖ਼ਿਲਾਫ਼ ਸਾਜ਼ਿਸ਼ ਕਿਹਾ ਪਰ ਦੁਨੀਆ ਭਰ ਦੇ ਡਿਪਲੋਮੈਟਾਂ ਨੇ ਇਸ ਨੂੰ ਇੱਕ ਨਵੀਂ ਉੱਭਰਦੀ ਵਿਸ਼ਵ ਵਿਵਸਥਾ ਦੀ ਦਸਤਕ ਦੇ ਤੌਰ ’ਤੇ ਦੇਖਿਆ।

ਰਾਸ਼ਟਰਪਤੀ ਪੁਤਿਨ ਦੇ ਭਾਰਤ ਦੌਰੇ ਨੂੰ ਇਸ ਸੰਦਰਭ ਵਿੱਚ ਇਕ ਹੋਰ ਕੜੀ ਦੇ ਤੌਰ ’ਤੇ ਦੇਖਿਆ ਜਾ ਰਿਹਾ ਹੈ। ਟਰੰਪ ਨੇ ਭਾਰਤ ਨਾਲ 25 ਸਾਲਾਂ ਦੀ ਦੋਸਤੀ ਨੂੰ ਪਾਸੇ ਰੱਖਦਿਆਂ ਰੂਸ ਤੋਂ ਤੇਲ ਖ਼ਰੀਦਣ ਦੇ ਖ਼ਿਲਾਫ਼ ਟੈਰਿਫ ਵਧਾ ਦਿੱਤੇ ਜਿਸ ਨਾਲ ਭਾਰਤ ਦਾ ਅਰਬਾਂ ਡਾਲਰ ਦਾ ਨਿਰਯਾਤ ਪ੍ਰਭਾਵਿਤ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਭਾਰਤੀ ਵਸਤਾਂ ਦੀ ਸਭ ਤੋਂ ਵੱਡੀ ਮੰਡੀ ਬਣ ਕੇ ਉੱਭਰਿਆ, ਜਿੱਥੇ ਪਿਛਲੇ ਸਾਲ ਤੱਕ 87 ਅਰਬ ਡਾਲਰ ਦਾ ਨਿਰਯਾਤ ਹੁੰਦਾ ਸੀ ਜੋ ਭਾਰਤ ਦੇ ਕੁੱਲ ਨਿਰਯਾਤ ਦਾ ਲਗਪਗ 20 ਪ੍ਰਤੀਸ਼ਤ ਹੈ।

ਦੂਜੇ ਪਾਸੇ, ਰੂਸ ਦੀਆਂ ਦੋ ਵੱਡੀਆਂ ਤੇਲ ਕੰਪਨੀਆਂ ਰੋਸਨੇਫਟ ਅਤੇ ਲੁਕ ਆਇਲ ’ਤੇ ਪਾਬੰਦੀ ਲਗਾਈ ਗਈ ਹੈ ਜਿਸ ਨਾਲ ਰੂਸ ਨੂੰ ਅਰਬਾਂ ਡਾਲਰ ਦਾ ਨੁਕਸਾਨ ਹੋ ਰਿਹਾ ਹੈ। ਟਰੰਪ ਦੀ ਸ਼ੈਲੀ ਵੀ ਧੌਂਸ ਦਿਖਾਉਣ ਵਾਲੀ ਹੈ। ਇਹੀ ਸ਼ਿਕਾਇਤ ਚੀਨ ਨੂੰ ਵੀ ਹੈ। ਇਸ ਲਈ, ਜਿੱਥੇ ਉਹ ਸੱਤਾ ਸੰਭਾਲਦੇ ਹੀ ਕਿਸਿੰਜਰ ਨੀਤੀ ’ਤੇ ਚੱਲਦੇ ਹੋਏ ਰੂਸ ਨੂੰ ਚੀਨ ਦੇ ਪ੍ਰਭਾਵ ਤੋਂ ਬਾਹਰ ਕੱਢਣ ਦਾ ਦਾਅਵਾ ਕਰ ਰਹੇ ਸਨ, ਉੱਥੇ ਹੀ ਉਨ੍ਹਾਂ ਦੀਆਂ ਅਣਕਿਆਸੀਆਂ ਨੀਤੀਆਂ ਅਤੇ ਧੌਂਸ ਨੇ ਰੂਸ, ਚੀਨ ਅਤੇ ਭਾਰਤ ਨੂੰ ਇਕ-ਦੂਜੇ ਦੇ ਨੇੜੇ ਕਰ ਦਿੱਤਾ ਹੈ। ਰੂਸ, ਭਾਰਤ ਅਤੇ ਚੀਨ ਦੀ ਇਸ ਯੂਰੇਸ਼ਿਆਈ ਤਿੱਕੜੀ ਜਾਂ ਰਿਕ ਨੂੰ ਨਵੀਂ ਵਿਸ਼ਵ ਵਿਵਸਥਾ ਦੀ ਉੱਭਰਦੀ ਧੁਰੀ ਦੇ ਤੌਰ ’ਤੇ ਦੇਖਿਆ ਜਾ ਰਿਹਾ ਹੈ। ਦੁਨੀਆ ਦੀ 40 ਪ੍ਰਤੀਸ਼ਤ ਜੀਡੀਪੀ ਅਤੇ ਜਨ-ਸ਼ਕਤੀ, ਮਜ਼ਬੂਤ ਫ਼ੌਜੀ ਸ਼ਕਤੀ ਅਤੇ

ਰਾਸ਼ਟਰਪਤੀ ਪੁਤਿਨ ਦੇ ਭਾਰਤ ਦੌਰੇ ਨੂੰ ਇਸ ਸੰਦਰਭ ਵਿੱਚ ਇਕ ਹੋਰ ਕੜੀ ਦੇ ਤੌਰ ’ਤੇ ਦੇਖਿਆ ਜਾ ਰਿਹਾ ਹੈ। ਟਰੰਪ ਨੇ ਭਾਰਤ ਨਾਲ 25 ਸਾਲਾਂ ਦੀ ਦੋਸਤੀ ਨੂੰ ਪਾਸੇ ਰੱਖਦਿਆਂ ਰੂਸ ਤੋਂ ਤੇਲ ਖ਼ਰੀਦਣ ਦੇ ਖ਼ਿਲਾਫ਼ ਟੈਰਿਫ ਵਧਾ ਦਿੱਤੇ ਜਿਸ ਨਾਲ ਭਾਰਤ ਦਾ ਅਰਬਾਂ ਡਾਲਰ ਦਾ ਨਿਰਯਾਤ ਪ੍ਰਭਾਵਿਤ ਹੋਇਆ ਹੈ।

ਦੱਖਣੀ ਦੇਸ਼ਾਂ ਵਿਚ ਪ੍ਰਭਾਵ ਅਤੇ ਸਾਖ਼ ਹੋਣ ਕਾਰਨ ਇਨ੍ਹਾਂ ਤਿੰਨਾਂ ਦੇ ਵਧਦੇ ਪ੍ਰਭਾਵ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ।ਆਧੁਨਿਕ ਚੀਨ ਦਾ ਟੀਚਾ ਆਪਣੇ ਸ਼ਤਾਬਦੀ ਸਾਲ 2049 ਤੱਕ ਵਿਸ਼ਵ ਵਿਚ ਰਾਜਨੀਤਕ ਅਤੇ ਆਰਥਿਕ ਸ਼ਕਤੀ ਦੀ ਧੁਰੀ ਬਣ ਕੇ ਆਪਣੇ ਸੱਭਿਆਚਾਰਕ ਅਤੇ ਇਤਿਹਾਸਕ ਕੱਦ ਦੀ ਬਰਾਬਰੀ ’ਤੇ ਆਉਣਾ ਹੈ। ਟਰੰਪ ਦੀਆਂ ਮਨਮਾਨੀਆਂ ਨੀਤੀਆਂ ਨੇ ਇਸ ਨੂੰ ਹੋਰ ਆਸਾਨ ਬਣਾ ਦਿੱਤਾ ਹੈ। ਰੂਸ ਦਾ ਟੀਚਾ ਸੋਵੀਅਤ ਯੂਨੀਅਨ ਦੇ ਪਾਟੋਧਾੜ ਹੋਣ ਕਾਰਨ ਖੁੱਸ ਚੁੱਕੀ ਚੜ੍ਹਤ ਨੂੰ ਦੁਬਾਰਾ ਬਹਾਲ ਕਰਨਾ ਹੈ ਜਿਸ ਨੂੰ ਉਹ ਨਾਟੋ ਦਾ ਵਿਸਥਾਰ ਰੋਕ ਕੇ ਅਤੇ ਯੂਰੇਸ਼ਿਆ ਵਿਚ ਆਪਣਾ ਪ੍ਰਭਾਵ ਵਧਾ ਕੇ ਹਾਸਲ ਕਰਨਾ ਚਾਹੁੰਦਾ ਹੈ। ਉਸ ਨੇ ਯੂਕਰੇਨ ਯੁੱਧ ਵਿਚ ਅਮਰੀਕਾ ਅਤੇ ਨਾਟੋ ਨੂੰ ਚੁਣੌਤੀ ਦੇ ਕੇ ਆਪਣੀ ਫ਼ੌਜੀ ਅਤੇ ਆਰਥਿਕ ਧਾਂਕ ਨੂੰ ਕਾਫ਼ੀ ਹੱਦ ਤੱਕ ਬਹਾਲ ਕਰ ਲਿਆ ਹੈ।

ਲਗਪਗ ਢਾਈ ਲੱਖ ਸੈਨਿਕਾਂ ਅਤੇ 1200 ਅਰਬ ਡਾਲਰ ਦੇ ਨੁਕਸਾਨ ਦੇ ਬਾਵਜੂਦ ਉਸ ਦੀ ਫ਼ੌਜ ਅੱਗੇ ਵਧ ਰਹੀ ਹੈ। ਆਰਥਿਕਤਾ ਠੱਪ ਨਹੀਂ ਹੋਈ ਹੈ ਅਤੇ ਪੱਛਮੀ ਦੇਸ਼ ਉਸ ਦੀ ਘੇਰਾਬੰਦੀ ਵਿਚ ਨਾਕਾਮ ਰਹੇ ਹਨ। ਰੂਸ ਅਤੇ ਚੀਨ ਦੋਵੇਂ ਆਪਣੀ ਰੱਖਿਆ ਤਕਨੀਕ ਅਤੇ ਫ਼ੌਜੀ ਸਾਜੋ-ਸਾਮਾਨ ਦੇ ਮਾਮਲੇ ਵਿੱਚ ਨਾਟੋ ਅਤੇ ਅਮਰੀਕਾ ਦੀ ਤਰ੍ਹਾਂ ਆਤਮ-ਨਿਰਭਰ ਹਨ। ਚੀਨੀ ਫ਼ੌਜੀ ਸਮਰੱਥਾ ਦੀ ਹਾਲੇ ਤੱਕ ਰੂਸ ਦੀ ਤਰ੍ਹਾਂ ਯੁੱਧ ਦੇ ਮੈਦਾਨ ਵਿੱਚ ਪਰਖ ਨਹੀਂ ਹੋਈ ਹੈ ਪਰ ਉਸ ਨੇ ਆਰਥਿਕ ਅਤੇ ਤਕਨੀਕੀ ਸ਼ਕਤੀ ਦੇ ਮਾਮਲੇ ਵਿੱਚ ਟਰੰਪ ਨੂੰ ਝੁਕਣ ਲਈ ਮਜਬੂਰ ਕਰ ਕੇ ਆਪਣੀ ਸ਼ਕਤੀ ਦਿਖਾ ਦਿੱਤੀ ਹੈ।

ਜਾਰਜ ਆਰਵੇਲ ਦੇ ਨਾਵਲ ‘1984’ ਦੀ ਤਰ੍ਹਾਂ ਹੁਣ ਸ਼ਕਤੀ ਦੀਆਂ ਤਿੰਨ ਧੁਰੀਆਂ ਬਣਦੀਆਂ ਦਿਖਾਈ ਦੇ ਰਹੀਆਂ ਹਨ। ਭਾਰਤ ਨੂੰ ਚੌਥੀ ਧੁਰੀ ਬਣਨ ਲਈ ਫ਼ੌਜੀ ਅਤੇ ਆਰਥਿਕ ਮੋਰਚੇ ’ਤੇ ਬਹੁਤ ਕੁਝ ਕਰਨਾ ਪਵੇਗਾ ਪਰ ਇਸ ਦੀ ਜਨ-ਸ਼ਕਤੀ ਅਤੇ ਆਰਥਿਕ ਅਤੇ ਤਕਨੀਕੀ ਵਿਕਾਸ ਦੀ ਸੰਭਾਵਨਾਵਾਂ ਇਸ ਨੂੰ ਕਿਸੇ ਵੀ ਨਵੀਂ ਵਿਸ਼ਵ ਵਿਵਸਥਾ ਵਿਚ ਲਾਜ਼ਮੀ ਬਣਾਉਂਦੀਆਂਹਨ। ਇਸੇ ਵੱਲ ਇਸ਼ਾਰਾ ਕਰਦਿਆਂ ਹੋਇਆਂ ਰਾਸ਼ਟਰਪਤੀ ਪੁਤਿਨ ਨੇ ਭਾਰਤ ਦੌਰੇ ਤੋਂ ਪਹਿਲਾਂ ਦਿੱਤੇ ਇਕ ਇੰਟਰਵਿਊ ਵਿੱਚ ਜੀ-7 ਵਰਗੇ ਸੰਗਠਨਾਂ ਦੀ ਪ੍ਰਸੰਗਿਕਤਾ ’ਤੇ ਸਵਾਲ ਚੁੱਕਿਆ ਸੀ ਜਿਨ੍ਹਾਂ ਵਿੱਚ ਨਾ ਭਾਰਤ ਹੈ ਅਤੇ ਨਾ ਰੂਸ ਅਤੇ ਚੀਨ।

ਕੋਈ ਵੀ ਨਵੀਂ ਵਿਵਸਥਾ ਸਿਰਫ਼ ਪੁਰਾਣੀ ਵਿਵਸਥਾ ਦੇ ਵਿਰੋਧ ਦੀ ਨੀਂਹ ’ਤੇ ਖੜ੍ਹੀ ਨਹੀਂ ਹੋ ਸਕਦੀ। ਇਹ ਸਹੀ ਹੈ ਕਿ ਟਰੰਪ ਨੇ ਪਹਿਲਾਂ ਤੋਂ ਹੀ ਅਮਰੀਕਾ ਅਤੇ ਨਾਟੋ ਦੀਆਂ ਦੋਹਰੀਆਂ ਨੀਤੀਆਂ ਕਾਰਨ ਕਮਜ਼ੋਰ ਅਤੇ ਗ਼ੈਰ-ਪ੍ਰਸੰਗਿਕ ਹੁੰਦੀ ਆ ਰਹੀ ਵਿਸ਼ਵ ਵਿਵਸਥਾ ਨੂੰ ਆਪਣੀ ਮਨਮਾਨੀ ਅਤੇ ਅਸਥਿਰ ਨੀਤੀਆਂ ਨਾਲ ਹੋਰ ਤਹਿਸ-ਨਹਿਸ ਕਰ ਦਿੱਤਾ ਹੈ।ਪਹਿਲਾਂ ਸੰਯੁਕਤ ਰਾਸ਼ਟਰ ਦੀ ਕਿਸੇ ਵੀ ਸੰਸਥਾ ਵਿੱਚ ਦਿਖਾਵੇ ਲਈ ਵੀ ਕੋਈ ਪ੍ਰਸਤਾਵ ਰੱਖੇ ਬਿਨਾਂ ਇਰਾਨ ’ਤੇ ਹਮਲਾ ਕੀਤਾ ਅਤੇ ਹੁਣ ਵੈਨੇਜ਼ੁਏਲਾ ਦੀਆਂ ਬੇੜੀਆਂ ’ਤੇ ਹਮਲੇ ਕਰ ਰਹੇ ਹਨ। ਯੂਕ੍ਰੇਨ ਦੀ ਮਰਜ਼ੀ ਤੋਂ ਬਿਨਾਂ ਉਸ ਦੀ ਜ਼ਮੀਨ ਰੂਸ ਨੂੰ ਸੌਂਪ ਕੇ ਸ਼ਾਂਤੀ ਸਮਝੌਤਾ ਥੋਪਣਾ ਚਾਹੁੰਦੇ ਹਨ। ਮਨਮਾਨੇ ਟੈਰਿਫ ਥੋਪ ਕੇ ਵਿਸ਼ਵ ਵਪਾਰ ਸੰਗਠਨ ਨੂੰ ਗ਼ੈਰ-ਪ੍ਰਸੰਗਿਕ ਬਣਾ ਦਿੱਤਾ ਹੈ। ਜਲਵਾਯੂ ਸੰਧੀ, ਵਿਸ਼ਵ ਸਿਹਤ ਸੰਗਠਨ ਅਤੇ ਯੂਨੈਸਕੋ ਦੀ ਮੈਂਬਰਸ਼ਿਪ ਛੱਡ ਦਿੱਤੀ ਜਿਸ ਕਾਰਨ ਜਲਵਾਯੂ ਬਦਲਾਅ ਅਤੇ ਮਹਾਮਾਰੀਆਂ ਦਾ ਸਾਹਮਣਾ ਕਰ ਸਕਣਾ ਅਤੇ ਵਿਸ਼ਵ ਧਰੋਹਰਾਂ ਦੀ ਰੱਖਿਆ ਕਰਨਾ ਮੁਸ਼ਕਲ ਹੋ ਗਿਆ ਹੈ। ਅਮਰੀਕਾ ਨੇ ਆਪਣੀ ਅਗਵਾਈ ਵਿੱਚ ਜੋ ਨਿਯਮਬੱਧ ਵਿਸ਼ਵ ਵਿਵਸਥਾ ਸ਼ੁਰੂ ਕੀਤੀ ਸੀ, ਉਸ ਨੂੰ ਟਰੰਪ ‘ਜਿਸ ਦੀ ਲਾਠੀ-ਉਸ ਦੀ ਮੱਝ’ ਵਾਲੀ ਵਿਵਸਥਾ ਵਿਚ ਬਦਲ ਰਹੇ ਹਨ।

ਇਸ ਤੋਂ ਚਿੰਤਤ ਹੋ ਕੇ ਚੀਨ, ਰੂਸ ਅਤੇ ਭਾਰਤ ਨੇੜੇ ਜ਼ਰੂਰ ਆਏ ਹਨ ਪਰ ਵਿਸ਼ਵ ਵਿਵਸਥਾ ਨੂੰ ਲੈ ਕੇ ਤਿੰਨਾਂ ਵਿਚਕਾਰ ਡੂੰਘੇ ਆਪਾ-ਵਿਰੋਧ ਰਹੇ ਹਨ। ਚੀਨ ਜੇਹਾਦੀ ਅੱਤਵਾਦ, ਪਰਮਾਣੂ ਨਿਸ਼ਸਤਰੀਕਰਨ ਅਤੇ ਸੁਰੱਖਿਆ ਕੌਂਸਲ ਵਿੱਚ ਭਾਰਤ ਦੀ ਸਥਾਈ ਮੈਂਬਰਸ਼ਿਪ ਨੂੰ ਲੈ ਕੇ ਟੰਗ ਅੜਾਉਂਦਾ ਰਿਹਾ ਹੈ। ਰੂਸ ਨੇ ਸੁਤੰਤਰ ਦੇਸ਼ਾਂ ਦੀ ਸਰਬ-ਭੌਮਿਕਤਾ ਅਤੇ ਅਖੰਡਤਾ ਦੇ ਸਿਧਾਂਤ ਨੂੰ ਛਿੱਕੇ ਟੰਗ ਕੇ ਯੂਕ੍ਰੇਨ ’ਤੇ ਹਮਲਾ ਕੀਤਾ ਹੈ ਅਤੇ ਚੀਨ ਤਾਇਵਾਨ ’ਤੇ ਹਮਲੇ ਦੀ ਤਾਕ ਵਿੱਚ ਹੈ।

ਚੀਨ ਮੁਕਤ ਵਪਾਰ ਦੇ ਨਿਯਮਾਂ ਦੀ ਵੀ ਪਾਲਣਾ ਨਹੀਂ ਕਰਦਾ ਜਿਸ ਕਾਰਨ ਭਾਰਤ ਨੂੰ ਭਾਰੀ ਵਪਾਰ ਘਾਟਾ ਹੋ ਰਿਹਾ ਹੈ। ਅਜਿਹੇ ਵਿਚ ਤਿੰਨਾਂ ਵਿਚਕਾਰ ਕਿਸੇ ਨਿਯਮਬੱਧ ਆਲਮੀ ਵਿਵਸਥਾ ’ਤੇ ਸਹਿਮਤੀ ਕਿਵੇਂ ਸੰਭਵ ਹੋਵੇਗੀ ? ਹੋ ਵੀ ਗਈ ਤਾਂ ਅਮਰੀਕਾ ਅਤੇ ਯੂਰਪ ਨੂੰ ਉਸ ਦੀ ਪਾਲਣਾ ਲਈ ਕਿਵੇਂ ਮਨਾਇਆ ਜਾ ਸਕੇਗਾ ? ਇਹ ਵੀ ਕਿ ਰੂਸ ਤੋਂ ਮਿਲੀ ਹਾਰ ਅਤੇ ਅਮਰੀਕਾ ਤੋਂ ਮੋਹ ਭੰਗ ਹੋਣ ਤੋਂ ਬਾਅਦ ਹੁਣ ਯੂਰਪ ਦੀ ਭੂਮਿਕਾ ਕੀ ਰਹੇਗੀ ?

ਇਹ ਵੱਡੇ ਸਵਾਲ ਹਨ ਜਿਨ੍ਹਾਂ ਦੇ ਜਵਾਬ ਭਵਿੱਖ ਦੇ ਗਰਭ ਵਿੱਚ ਹਨ। ਇੱਕ ਗੱਲ ਪੱਕੀ ਹੈ ਕਿ ਰੂਸ, ਭਾਰਤ ਤੇ ਚੀਨ ਦੇ ਨੇੜੇ ਆਉਣ ਨਾਲ ਅਮਰੀਕਾ ਲਈ ਚੁਣੌਤੀਆਂ ਜ਼ਰੂਰ ਵਧ ਗਈਆਂ ਹਨ। ਉਸ ਨੂੰ ਆਲਮੀ ਪੱਧਰ ’ਤੇ ਆਪਣੀ ਚੜ੍ਹਤ ਬਣਾਉਣ ਲਈ ਕਾਫ਼ੀ ਜਦੋਜਹਿਦ ਕਰਨੀ ਪੈ ਰਹੀ ਹੈ। ਉਸ ਨੂੰ ਪਾਕਿਸਤਾਨ ਦੀ ਮਦਦ ਲੈ ਕੇ ਭਾਰਤ ’ਤੇ ਦਬਾਅ ਪਾਉਣ ਦੀ ਨੀਤੀ ’ਤੇ ਚੱਲਣਾ ਪੈ ਰਿਹਾ ਹੈ ਪਰ ਇਸ ਦਾ ਤੋੜ ਰੂਸ, ਭਾਰਤ ਤੇ ਚੀਨ ਦਾ ਆਪਸੀ ਸਹਿਯੋਗ ਵਧਣ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਰੂਸੀ ਰਾਸ਼ਟਰਪਤੀ ਦੇ ਸਫਲ ਭਾਰਤ ਦੌਰੇ ਨੇ ਵੀ ਟਰੰਪ ਦੀ ਚਿੰਤਾ ਵਧਾ ਦਿੱਤੀ ਹੈ। ਉਕਤ ਤੋਂ ਸਪਸ਼ਟ ਹੈ ਕਿ ਵਿਸ਼ਵ ਵਿਵਸਥਾ ਵਿੱਚ ਭਾਰਤ ਦੀ ਅਹਿਮੀਅਤ ਵਧਦੀ ਜਾ ਰਹੀ ਹੈ।

ਵਿਦੇਸ਼ਾਂ ਵਿੱਚ ਕਿਉਂ ਵਿਗੜ ਰਿਹਾ ਪੰਜਾਬੀਆਂ ਦਾ ਅਕਸ ?

ਪ੍ਰੋ.ਫ਼ੈਸਰ ਕੁਲਬੀਰ ਸਿੰਘ

ਜਦ 2010 ਵਿੱਚ ਮੈਂ ਆਸਟ੍ਰੇਲੀਆ ਘੁੰਮਣ ਫ਼ਿਰਨ ਗਿਆ ਤਾਂ ਪੱਤਰਕਾਰ ਸਰਤਾਜ ਸਿੰਘ ਧੌਲ ਨੇ ਦੱਸਿਆ ਕਿ ਪੰਜਾਬ ਦੇ ਖਾਂਦੇ-ਪੀਂਦੇ ਘਰਾਂ ਦੇ ਮੁੰਡੇ ਇੱਥੇ ਆ ਕੇ ਬੜੀ ਹੁੱਲੜਬਾਜ਼ੀ ਕਰਦੇ ਹਨ, ਨਿਯਮ-ਕਾਨੂੰਨ ਤੋੜਦੇ ਹਨ, ਮਨ-ਮਰਜ਼ੀ ਕਰਦੇ ਹਨ, ਲੜਾਈ ਝਗੜਿਆਂ ਵਿੱਚ ਲੱਗੇ ਰਹਿੰਦੇ ਹਨ। ਉਨ੍ਹਾਂ ਦੇ ਇੰਝ ਕਰਨ ਨਾਲ ਸਾਰੇ ਪੰਜਾਬੀਆਂ ਦਾ ਅਕਸ ਵਿਗੜਦਾ ਹੈ ਤੇ ਸਥਾਨਕ ਲੋਕਾਂ ਵਿੱਚ ਮਾੜਾ ਪ੍ਰਭਾਵ ਜਾਂਦਾ ਹੈ।

ਅੱਜ ਪੰਦਰਾਂ ਸਾਲਾਂ ਬਾਅਦ 2025 ਵਿੱਚ ਸਾਰੇ ਮੁਲਕਾਂ ਵਿਚੋਂ ਅਜਿਹੀਆਂ ਆਵਾਜ਼ਾਂ ਲਗਾਤਾਰ ਆ ਰਹੀਆਂ ਹਨ, ਕਿ ਵਿਦੇਸ਼ਾਂ ਵਿੱਚ ਲਗਾਤਾਰ ਪੰਜਾਬੀਆਂ ਦਾ ਅਕਸ ਵਿਗੜ ਰਿਹਾ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ।

ਅੱਜ-ਕੱਲ੍ਹ ਦੇਸ਼ ਵਿਦੇਸ਼ ਦੀਆਂ ਪੰਜਾਬੀ ਅਖ਼ਬਾਰਾਂ ਵਿੱਚ ਪ੍ਰਵਾਸੀ ਪੰਜਾਬੀਆਂ ਨਾਲ ਸੰਬੰਧਿਤ ਪ੍ਰਕਾਸ਼ਿਤ ਖ਼ਬਰਾਂ ਵਿਚੋਂ 70 ਫ਼ੀਸਦੀ ਖ਼ਬਰਾਂ ਨਾਂਹ-ਪੱਖੀ ਹੁੰਦੀਆਂ ਹਨ। ਬੁਰੀਆਂ ਆਦਤਾਂ, ਬੁਰਾ ਵਿਹਾਰ, ਲੜਾਈ-ਝਗੜਾ, ਕੁੱਟਮਾਰ, ਨਿਯਮਾਂ ਕਾਨੂੰਨਾਂ ਦੀ ਉਲੰਘਣਾ, ਗ਼ੈਰ-ਕਾਨੂੰਨੀ ਢੰਗ ਨਾਲ ਵੱਖ-ਵੱਖ ਦੇਸ਼ਾਂ ਵਿੱਚ ਦਾਖਲਾ, ਦਿਖਾਵਾ, ਐਸ਼ਪ੍ਰਸਤੀ ਅਤੇ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਵਰਗੀਆਂ ਖ਼ਬਰਾਂ। ਵਿਕਸਿਤ ਮੁਲਕਾਂ ਦੀਆਂ ਸਰਕਾਰਾਂ, ਪ੍ਰਸ਼ਾਸਨ ਅਤੇ ਪੁਲਿਸ ਵਾਲੇ ਬੜੇ ਸਬਰ, ਬੜੇ ਸਹਿਜ, ਬੜੇ ਤੁਹੱਮਲ, ਬੜੇ ਸਲੀਕੇ ਤੋਂ ਕੰਮ ਲੈਂਦੇ ਹਨ। ਪਰੰਤੂ ਜਦ ਪਾਣੀ ਸਿਰ ਤੋਂ ਲੰਘ ਜਾਂਦਾ ਹੈ, ਅੱਤ ਹੋ ਜਾਂਦੀ ਹੈ ਤਾਂ ਚੁਸਤੀ-ਫ਼ੁਰਤੀ ਨਾਲ ਸਖ਼ਤੀ ਵੀ ਬਹੁਤ ਕਰਦੇ ਹਨ।

ਵਿਦੇਸ਼ਾਂ ਵਿਚੋਂ ਪੰਜਾਬੀਆਂ ਬਾਰੇ ਹਮੇਸ਼ਾ ਚੰਗੀਆਂ, ਮਾਣ-ਤਾਣ ਵਾਲੀਆਂ ਖ਼ਬਰਾਂ ਆਉਂਦੀਆਂਸਨ, ਪ੍ਰੰਤੂ ਵੇਖਦਿਆਂ-ਵੇਖਦਿਆਂ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਇਹ ਬੇਹੱਦ ਚਿੰਤਾ ਵਾਲੀ ਗੱਲ ਹੈ। ਪੰਜਾਬੀ ਮਿਹਨਤ, ਇਮਾਨਦਾਰੀ ਲਈ ਜਾਣੇ ਜਾਂਦੇ ਸਨ। ਰੇਲ ਗੱਡੀ ਦੇ ਜਿਸ ਡੱਬੇ ਵਿਚ ਕੋਈ ਸਰਦਾਰ ਬੈਠਾ ਹੋਵੇ, ਉੱਥੇ ਔਰਤਾਂ ਖ਼ੁਦ ਨੂੰ ਸੁਰੱਖਿਅਤ ਸਮਝਦੀਆਂ ਸਨ।

ਪੰਜਾਬ ਦੀ ਧਰਤੀ ਤੋਂ ਸਮੇਂ-ਸਮੇਂ ਵੱਖ-ਵੱਖ ਲਹਿਰਾਂ ਉੱਠਦੀਆਂ ਰਹੀਆਂ। ਪੰਜਾਬੀ ਉਨ੍ਹਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਜ਼ੁਰਮ ਅਤੇ ਵਧੀਕੀ ਵਿਰੁੱਧ ਖੜ੍ਹੇ ਹੋਣਾ ਪੰਜਾਬੀਆਂ ਦਾ ਸੁਭਾਅ ਰਿਹਾ ਹੈ। ਇਸੇ ਸਦਕਾ ਭਾਰਤ ਵਿੱਚ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੀ ਪੰਜਾਬੀਆਂ ਨੂੰ ਅਣਖ ਅਤੇ ਇੱਜ਼ਤ ਵਾਲੇ ਲੋਕਾਂ ਵਜੋਂ ਜਾਣਿਆ ਜਾਂਦਾ ਰਿਹਾ ਹੈ। ਪਰ ਅੱਜ ਸਮਾਂ ਬਦਲ ਗਿਆ ਹੈ। ਰੋਜ਼ ਗੋਲੀਆਂ ਚੱਲ ਰਹੀਆਂ ਹਨ ਤੇ ਲੜਾਈ-ਝਗੜੇ ਹੋ ਰਹੇ ਹਨ।

ਕਦੇ ਅਜਿਹੀਆਂ ਖ਼ਬਰਾਂ ਯੂ.ਪੀ., ਬਿਹਾਰ ਤੋਂ ਆਉਂਦੀਆਂ ਸਨ। ਅੱਜ ਪੰਜਾਬੀ ਉਨ੍ਹਾਂ ਲੀਹਾਂ ’ਤੇ ਚੱਲ ਪਏ ਹਨ।

ਅਮਰੀਕਾ ਵਿੱਚ 12 ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਕਿਉਂਕਿ ਉਨ੍ਹਾਂ ਨੇ ਰਲ ਕੇ ਇੱਕ ਅਜਿਹੀ ਕੰਪਨੀ ਖੋਲ੍ਹੀ ਜਿਹੜੀ ਲੋਕਾਂ ਦਾ ਤਰ੍ਹਾਂ-ਤਰ੍ਹਾਂ ਦਾ ਸਾਮਾਨ ਇੱਕ ਥਾਂ ਤੋਂ ਦੂਸਰੀ ਥਾਂ ਪਹੁੰਚਾਉਣ ਦੀ ਜ਼ਿੰਮੇਵਾਰੀ ਲੈਂਦੀ ਸੀ। ਉਹ ਲੋਕਾਂ ਕੋਲੋਂ ਸਾਮਾਨ ਲੈ ਤਾਂ ਲੈਂਦੇ ਸਨ, ਪ੍ਰੰਤੂ ਪਹੁੰਚਾਉਂਦੇ ਨਹੀਂ ਸਨ। ਆਪਣੇ ਕੋਲ ਹੀ ਰੱਖ ਲੈਂਦੇ ਸਨ। ਇਹ ਧੰਦਾ ਆਖ਼ਰ ਕਿੰਨੀ ਦੇਰ ਚੱਲਦਾ ? ਅਖ਼ੀਰ ਪੁਲਿਸ ਦੇ ਅੜਿੱਕੇ ਆ ਗਏ ਅਤੇ ਪੰਜਾਬੀ ਭਾਈਚਾਰੇ ਦੀ ਖ਼ੂਬ ਬਦਨਾਮੀ ਹੋਈ। ਸਤਨਾਮ ਸਿੰਘ ਮਾਣਕ ਦਾ ਕਹਿਣਾ ਹੈ ਕਿ ਅੱਜ ਸਮੁੱਚਾ ਮਾਹੌਲ ਪ੍ਰਵਾਸੀ ਪੰਜਾਬੀਆਂ ਦੇ ਖ਼ਿਲਾਫ਼ ਬਣਿਆ ਹੋਇਆ ਹੈ, ਪ੍ਰੰਤੂ ਕੋਈ ਬੁੱਧੀਜੀਵੀ, ਕੋਈ ਲੇਖਕ ਇਸ ਸੰਬੰਧ ਵਿੱਚ ਗੱਲ ਨਹੀਂ ਕਰ ਰਿਹਾ।

ਨੌਜਵਾਨਾਂ ਨੂੰ, ਮਾਪਿਆਂ ਨੂੰ ਇਨ੍ਹਾਂ ਪੱਖਾਂ ਤੋਂ ਹੁਣ ਵਧੇਰੇ ਚੌਕਸ ਰਹਿਣ ਦੀ ਲੋੜ ਹੈ। ਚੰਗੇ ਸੰਸਕਾਰ, ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਸਿਖਾਉਣ ਤੇ ਅਪਣਾਉਣ ਦੀ ਜ਼ਰੂਰਤ ਹੈ। ਵਿਦੇਸ਼ਾਂ ਵਿੱਚ ਬਹੁਤ ਸਾਰੇ ਪੰਜਾਬੀ ਲਗਾਤਾਰ ਸਮਾਜ ਵਿਰੋਧੀ ਕਾਰਵਾਈਆਂ ਵਿੱਚ ਲੱਗੇ ਹੋਏ ਹਨ। ਜਿਸ ਨਾਲ ਪੰਜਾਬੀਆਂ ਦਾ, ਅਕਸ ਦਿਨੋ-ਦਿਨ ਹੋਰ ਵਿਗੜ ਰਿਹਾ ਹੈ। ਜੇ ਅਜਿਹਾ ਕੁਝ ਜਾਰੀ ਰਹਿੰਦਾ ਹੈ ਤਾਂ ਭਵਿੱਖ ਵਿੱਚ ਪੰਜਾਬੀਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਉਥੋਂ ਦੀਆਂ ਸਰਕਾਰਾਂ ਦਾ, ਸਥਾਨਕ ਲੋਕਾਂ ਦਾ ਤੇ ਖ਼ਾਸ ਕਰਕੇ ਪੁਲਿਸ ਦੇ ਸਬਰ ਦਾ ਪਿਆਲਾ ਨੱਕੋ-ਨੱਕ ਭਰ ਚੁੱਕਾ ਹੈ। ਪ੍ਰਵਾਸ ਨਾਲ ਜੁੜੀ ਅਮਰੀਕਾ ਦੀ ਸਖ਼ਤੀ ਸੰਬੰਧੀ ਆਪਾਂ ਰੋਜ਼ਾਨਾ ਪੜ੍ਹਦੇ, ਸੁਣਦੇ, ਵੇਖਦੇ ਹਾਂ। ਕੈਨੇਡਾ ਵੀ ਸਖ਼ਤ ਕਦਮ ਚੁੱਕਣ ਦੇ ਰੌਂਅ ਵਿੱਚ ਹੈ। ਬਹੁਤ ਸਾਰੇ ਮੁਲਕਾਂ ਨੇ ਪਹਿਲਾਂ ਹੀ ਸਖ਼ਤ ਰੁਖ਼ ਅਪਣਾਇਆ ਹੋਇਆ ਹੈ। ਇੰਗਲੈਂਡ ਵੀ ਪ੍ਰਵਾਸ ਦੇ ਸੰਬੰਧ ਵਿੱਚ ਡੈਨਮਾਰਕ ਮਾਡਲ ਅਪਣਾਉਣ ਬਾਰੇ ਵਿਚਾਰ ਕਰ ਰਿਹਾ ਹੈ। ਇੰਗਲੈਂਡ ਦੇ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਡੈਨਮਾਰਕ ਮਾਡਲ ਦਾ ਅਧਿਐਨ ਕਰਨ ਲਈ ਕੋਪਨ ਹੈਗਮਨ ਭੇਜਿਆ ਹੈ। ਡੈਨਮਾਰਕ ਪ੍ਰਵਾਸ ਦੇ ਮਾਮਲੇ ਵਿੱਚ ਯੂਰਪ ਦੇ ਦੇਸ਼ਾਂ ਵਿਚੋਂ ਸਭ ਤੋਂ ਸਖ਼ਤ ਹੈ। ਦੂਜੇ ਪਾਸੇ ਅਮਰੀਕਾ ਨੇ ਕਮਜ਼ੋਰ ਸਿਹਤ ਵਾਲੇ ਤੇ ਬਿਮਾਰ ਲੋਕਾਂ ਨੂੰ ਵੀਜ਼ੇ ਨਾ ਦੇਣ ਦੀ ਗੱਲ ਕਹੀ ਹੈ।

ਪੰਜਾਬੀਆਂ ਨੂੰ ਹੁਣ ਵਿਦੇਸ਼ਾਂ ਵਿੱਚ ਸਮਝ-ਸਲੀਕੇ ਨਾਲ ਰਹਿਣ ਦਾ ਰਾਹ ਚੁਣਨਾ ਪਵੇਗਾ, ਨਹੀਂ ਤਾਂ ਭਵਿੱਖ ਵਿੱਚ ਵਿਦੇਸ਼-ਉਡਾਰੀ ਕੇਵਲ ਸੁਪਨਾ ਬਣ ਕੇ ਰਹਿ ਜਾਵੇਗੀ, ਕਿਉਂਕਿ ਉੱਥੋਂ ਦੀਆਂ ਸਰਕਾਰਾਂ ਇਹ ਕਹਿਣ ਲਈ ਮਜਬੂਰ ਹੋ ਗਈਆਂ ਹਨ ਕਿ ਜੇਕਰ ਇਹ ਕੁਝ ਕਰਨਾ ਹੈ ਤਾਂ ਆਪਣੇ ਮੁਲਕਾਂ ਵਿੱਚ ਜਾ ਕੇ ਕਰੋ।

ਸਦੀਆਂ ਤੋਂ ਫੁੱਟ ਨੇ ਸਿੱਖਾਂ ਨੂੰ ਸਤਿਗੁਰੂ ਦੇ ਮਿਸ਼ਨ ਤੋਂ ਭਟਕਾ ਦਿੱਤਾ, ਸਹੀ ਲੀਡਰਸ਼ਿਪ ਦੀ ਲੋੜ

ਇਕਬਾਲ ਸਿੰਘ ਲਾਲਪੁਰਾ
9780003333

ਸਿੱਖ ਕੌਮ ਨੇ ਹੁਣੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹਾਦਤ ਦੀ ਵਰ੍ਹੇਗੰਢ ਮਨਾ ਕੇ ਹਟੀ ਹੈ, ਜਿਨ੍ਹਾਂ ਨੇ ਹਿੰਦੂ ਧਰਮ ਦੇ ਤਿਲਕ ਤੇ ਜਨੇਊ ਤੇ ਮਨੁੱਖੀ ਅਧਿਕਾਰਾਂ, ਨਿਆਂ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ ਸੀ। ਭਾਰਤ ਅਤੇ ਵਿਦੇਸ਼ਾਂ ਵਿੱਚ ਸਰਕਾਰੀ ਸੰਸਥਾਵਾਂ, ਸਮਾਜਕ ਸੰਗਠਨਾਂ ਤੇ ਸਿੱਖ ਸੰਸਥਾਵਾਂ ਨੇ ਭਾਰੀ ਰਕਮਾਂ, ਸਮਾਗਮ, ਦੀਵਾਨ, ਨਗਰ-ਕੀਰਤਨ, ਮਿਠਾਈ ਵੰਡਣ ਅਤੇ ਗੁਰਦੁਆਰਿਆਂ ਨੂੰ ਰੌਸ਼ਨ ਕਰਨ ’ਤੇ ਲਾਈਆਂ। ਪਰ ਇਨ੍ਹਾਂ ਸ਼ਤਾਬਦੀਆਂ ਵਿੱਚ ਸਿੱਖ ਇਤਿਹਾਸ ਤੇ ਗੁਰੂ ਦੀ ਫਿਲਾਸਫੀ ਨੂੰ ਉਘਾੜਿਆ ਨਹੀਂ ਗਿਆ। ਨਾ ਹੀ ਕੋਈ ਪੰਥ ਤੇ ਸਮਾਜ ਹਿਤ ਵਿੱਚ ਪ੍ਰੋਜੈਕਟ ਪੇਸ਼ ਕੀਤਾ ਗਿਆ ਹੈ।

ਗੁਰੂ ਕਾਲ, ਮਿਸਲਾਂ ਦੇ ਦੌਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਅਜਿਹੇ ਵਿਸ਼ਾਲ ਜਸ਼ਨਾਂ ਨੂੰ ਮਨਾਉਣ ਦਾ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਸਿੱਖ ਫ਼ਲਸਫ਼ਾ ਹੈ,ਕਿ ਹਰ ਦਿਨ ਪਵਿੱਤਰ ਹੈ ਅਤੇ ਗੁਰੂ ਦੇ ਹੁਕਮ ਵਿੱਚ ਜੀਉਣਾ ਤੇ ਗੁਰੂ ਨੂੰ ਸਦਾ ਯਾਦ ਰਖਣਾ ਸਿੱਖ ਦਾ ਕਰਮ ਹੈ , ਨਾ ਕਿ ਪ੍ਰਦਰਸ਼ਨ ਤੇ ਵਿਖਾਵੇ ਕਰਨਾ। ਇਸ ਲਈ ਇੱਕ ਸਵਾਲ ਉੱਠਦਾ ਹੈ: ਜਿਨ੍ਹਾਂ ਰਸਮਾਂ-ਰਿਵਾਜਾਂ ਨੂੰ ਗੁਰੂਆਂ ਨੇ ਖੁਦ ਪ੍ਰਵਾਨ ਨਹੀਂ ਸੀ ਕੀਤਾ, ਉਨ੍ਹਾਂ ’ਤੇ ਢੇਰ ਸਾਰੇ ਖਰਚੇ ਕਰਨ ਦਾ ਅਸਲ ਲਾਭ ਕੀ ਹੋਇਆ ਅਤੇ ਸਭ ਤੋਂ ਵੱਡਾ ਸਵਾਲ ਹੈ,ਕਿ ਅੱਜ ਸਿੱਖ ਕੌਮ ਦੀ ਲੀਡਰਸ਼ਿਪ ਧਾਰਮਿਕ, ਰਾਜਨੀਤਿਕ, ਸਮਾਜਿਕ ਤੇ ਮਾਨਸਿਕ ਤੌਰ ’ਤੇ ਵਿਸ਼ਵ ਪੱਧਰ ’ਤੇ ਕਿੱਥੇ ਖੜ੍ਹੀ ਹੈ ?

ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਨੂੰ ਧਰਤੀ ਦਾ ਫਰਿਸ਼ਤਾ ਬਣਾਇਆ ਹੈ , ਜੋ ਪਵਿੱਤਰਤਾ, ਦਯਾ, ਹਿੰਮਤ ਤੇ ਸਾਰੀ ਮਨੁੱਖਤਾ ਦੀ ਸੇਵਾ ਵਿੱਚ ਜੀਵੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੇਵਤਾ ਪਰੰਪਰਾ ਨੂੰ ਸੰਤ-ਸਿਪਾਹੀ ਬਣਾ ਕੇ ਧਰਮ ਦੀ ਰਾਖੀ ਲਈ ਬੇਖੌਫ਼ ਲੜਨ ਵਾਲਾ ਵੀ ਬਣਾ ਦਿੱਤਾ। ਇਸ ਨਵੇਂ ਸਿਰਜੇ ਗੁਰੂ ਪੰਥ ਨੇ ਭਾਰਤ ਵਿੱਚ ਇਨਕਲਾਬੀ ਤਬਦੀਲੀ ਲਿਆਂਦੀ, ਪੁਰਾਣੀ ਰਸਮੀ ਕਰਮਕਾਂਡੀ ਵਿਵਸਥਾ ਨੂੰ ਤੋੜ ਕੇ ਨਿਰਮਲ ਪੰਥ ਸਥਾਪਤ ਕੀਤਾ, ਜਿਸ ਵਿੱਚ ਨਾ ਪੁਜਾਰੀ ਹੈ , ਨਾ ਵਿਚੋਲਾ, ਨਾ ਅੰਧਵਿਸ਼ਵਾਸ ਲਈ ਕੋਈ ਥਾਂ। ਗੁਰੂ ਦੇ ਪੰਥ ਨੇ ਸਦੀਆਂ ਦੇ ਵਿਦੇਸ਼ੀ ਮੁਗਲ ਸਮਰਾਜ ਕਬਜ਼ੇ ਨੂੰ ਖਤਮ ਕੀਤਾ, ਦਬੇ-ਕੁਚਲੇ ਲੋਕਾਂ ਨੂੰ ਇਜ਼ਤ ਬਖਸ਼ੀ ਤੇ ਰਸਮਾਂ ਦੀ ਥਾਂ ਸੱਚੀ ਰੂਹਾਨੀਅਤ ਸਮਾਜ ਵਿੱਚ ਲਿਆਂਦੀ। ਪਰ ਖਾਲਸਾ ਪੰਥ ਅੱਗੇ ਵਧਿਆ ਤਾਂ ਸਿੱਖ ਧੜਿਆਂ ਵਿੱਚ ਫੁੱਟ ਤੇ ਮਿਸਲਾਂ ਦੇ ਟਕਰਾਅ ਨੇ ਇਸ ਰੂਹਾਨੀ ਤੇ ਫ਼ੌਜੀ ਤਾਕਤ ਨੂੰ ਕਮਜ਼ੋਰ ਕਰ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ, ਖ਼ਾਲਸਾ ਰਾਜ ਦੇ ਆਖਰੀ ਮਹਾਨ ਜਰਨੈਲ ਤੇ ਆਗੂ ਹੋਏ ਉਨ੍ਹਾਂ ਦੇ ਸਮੇਂ ਵੀ ਇਕਜੁਟਤਾ ਵਿੱਚ ਦਰਾੜਾਂ ਪੈਣ ਲੱਗ ਪਈਆਂ ਸਨ। ਜਦੋਂ ਅੰਗਰੇਜ਼ਾਂ ਨੇ ਖ਼ਾਲਸਾ ਰਾਜ ’ਤੇ ਕਬਜ਼ਾ ਕੀਤਾ, ਤਾਂ ਉਨ੍ਹਾਂ ਦੀ ਕਈ ਸਿੱਖ ਸਰਦਾਰਾਂ ਨੇ ਮਦਦ ਕੀਤੀ ਜਿਸ ਕਰਕੇ ਉਨ੍ਹਾਂ ਨੇ 1849 ਵਿੱਚ ਪੰਜਾਬ ’ਤੇ ਕਬਜ਼ਾ ਕਰ ਲਿਆ।

ਰਾਜਨੀਤਿਕ ਸੱਤਾ ਜਾਣ ਤੋਂ ਬਾਅਦ ਸਿੱਖਾਂ ਹਥੋਂ ਧਾਰਮਿਕ ਸੰਸਥਾਵਾਂ ਵੀ ਨਿਕਲ ਗਈਆਂ। ਗੁਰਦੁਆਰੇ ਵੰਸ਼ਵਾਦੀ ਤੇ ਕਰਮਕਾਂਡੀ ਮਹੰਤਾਂ ਦੇ ਹੱਥ ਚਲੇ ਗਏ ਤੇ ਜਿਨ੍ਹਾਂ ਰਸਮਾਂ ਨੂੰ ਗੁਰੂ ਸਾਹਿਬਾਨ ਨੇ ਰੱਦ ਕੀਤਾ ਸੀ, ਉਹ ਸਿੱਖ ਪੰਥ ਦਾ ਹਿੱਸਾ ਬਣਨ ਲੱਗ ਪਇਆਂ। ਚਮਤਕਾਰ ਦਿਖਾਉਣ ਵਾਲੇ ਬਾਬਿਆਂ ਦਾ ਧੜਾ ਵੀ ਉੱਭਰਿਆ ਜੋ ਆਪਣੇ ਆਪ ਨੂੰ ਰੱਬ ਜਾਂ ਗੁਰੂ ਦੇ ਬਰਾਬਰ ਦੱਸਦਾ ਸੀ । ਬਾਬਾ ਵਾਦ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨ ਕ੍ਰਾਂਤੀਕਾਰੀ ਸਿੱਖਿਆ ਤੋਂ ਭਟਕਾ ਕੇ ਸ਼ਖ਼ਸੀਅਤ ਪੂਜਾ ਵੱਲ ਮੋੜਣ ਲਗਾ। ਅੰਗਰੇਜ਼ਾਂ ਨੇ ਇਹ ਯਕੀਨੀ ਬਣਾਇਆ ਕਿ ਸਿੱਖਾਂ ਵਿੱਚ ਕੋਈ ਮਜਬੂਤ ਨੇਤਾ ਨਾ ਉੱਭਰੇ। ਸਿੰਘ ਸਭਾ ਤੇ ਬਾਅਦ ਵਿੱਚ ਐਸ.ਜੀ.ਪੀ.ਸੀ. ਵਰਗੇ ਸਿੱਖ ਸੁਧਾਰਵਾਦੀ ਅੰਦੋਲਨਾਂ ਨੂੰ ਵੀ ਹਰ ਕਦਮ ’ਤੇ ਅੰਗਰੇਜ਼ੀ ਸਿਸਟਮ ਨਾਲ ਲੜਨਾ ਪਿਆ। ਅਸਲ ਸੁਧਾਰਕਾਂ ਦੇ ਨਾਲ-ਨਾਲ ਬਰਤਾਨੀਆਂ ਪੱਖੀ,ਸਿੱਖ ਆਗੂਆਂ ਨੂੰ ਵੀ ਉਭਾਰਿਆ ਗਿਆ, ਜਿਸ ਨਾਲ ਕੌਮ ਵਿੱਚ ਉਲਝਣ ਵਧ ਗਈ। ਆਜ਼ਾਦੀ ਤੋਂ ਬਾਅਦ ਵੀ ਬਹੁਤਾ ਬਦਲਾਅ ਨਹੀਂ ਆਇਆ। ਕਾਂਗਰਸ ਨੇ ਵੀ ਅੰਗਰੇਜ਼ਾਂ ਵਾਲੀ ਫੁੱਟ ਪਾਓ-ਰਾਜ ਕਰੋ ਦੀ ਨੀਤੀ ਆਪਣਾ ਰਾਜਨੀਤਕ ਵਿਰਸਾ ਸਮਝਕੇ, ਅਪਨਾ ਲਈ ਤੇ ਕਈ ਨਵੇਂ ਸਿੱਖ ਆਗੂ ਵੀ ਜਾਤੀ ਤੇ ਰਾਜਨੀਤਿਕ ਹਿੱਤਾਂ ਨਾਲ ਕਾਂਗਰਸ ਨਾਲ ਜੁੜ ਗਏ, ਪੰਥਕ ਸਿਧਾਂਤਾਂ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਰਿਹਾ। ਇਹ ਸਭਿਆਚਾਰਕ ਨਿਘਾਰ ਸਿੱਖ ਪੰਥ ਵਿੱਚ ਵਧਦਾ ਰਿਹਾ ਤੇ ਜਿਹੜੀ ਕੌਮ ਇਤਿਹਾਸ ਵਿਚ ਮੁਗਲ ਤੇ ਅੰਗਰੇਜ਼ ਸਮਰਾਜ ਨੂੰ ਜੜ੍ਹਾਂ ਤੋਂ ਹਿਲਾਉਂਦੀ ਸੀ, ਉਹ ਸਪੱਸ਼ਟਤਾ ਤੇ ਦਿਸ਼ਾ ਦੀ ਭਾਲ ਵਿੱਚ ਭੰਬਲਭੂਸੇ ਪੈ ਗਈ।

ਸਿੱਖ ਲੀਡਰਸ਼ਿਪ ਵਿੱਚ ਸਿਧਾਂਤਕ ਨਿਘਾਰ ਵਧਦਾ ਗਿਆ। ਸਿੱਖ, ਜੋ ਕਦੇ ਦੇਸ਼ ਤੇ ਸਮਾਜ ਦੇ ਰਾਖੇ ਵਜੋਂ ਜਾਣੇ ਜਾਂਦੇ ਸਨ, ਉਨ੍ਹਾਂ ਨੂੰ ਕਾਂਗਰਸ ਰਾਜ ਦੌਰਾਨ ਉਗਰਵਾਦੀ ਜਾਂ ਵੱਖਵਾਦੀ ਕਿਹਾ ਜਾਣ ਲੱਗਾ। ਅੱਜ ਕੋਈ ਮਜ਼ਬੂਤ ਵਿਸ਼ਵ ਪੱਧਰੀ ਸਿੱਖ ਸੰਗਠਨ ਨਹੀਂ ਹੈ,ਜੋ ਸਿੱਖ ਮਸਲਿਆਂ ਨੂੰ ਅੱਗੇ ਰੱਖੇ ਤੇ ਕੌਮ ਵਿਰੁੱਧ ਖੜ੍ਹੇ ਕੀਤੇ ਝੂਠੇ ਨੈਰੇਟਿਵ ਦਾ ਮੁਕਾਬਲਾ ਕਰੇ। ਸਿੱਖ ਕੌਮ ਨੂੰ ਆਗੂਆਂ ਦੀ ਘਾਟ ਕਾਰਨ,ਵਾਰ-ਵਾਰ ਅਨਿਆਂ, ਵਿਤਕਰੇ ਤੇ ਰਾਜਨੀਤਿਕ ਧੋਖੇ ਮਿਲੇ ਹਨ ਅਤੇ ਉਹ ਆਪਣੇ ਮਾਨਸਿਕ ਜਖਮਾਂ ਦਾ ਇਲਾਜ ਵੀ ਨਾ ਕਰ ਸਕੇ। ਸਿੱਖ ਪੰਥ ਦੇ ਭਾਵਨਾਤਮਕ ਜਖਮਾਂ ਨੂੰ ਕਦੇ ਵਿਚਾਰਿਆ ਨਹੀਂ ਗਿਆ। ਇਹ ਮਾਨਸਿਕ ਪੀੜਾ ਦਾ ਰੋਗ ਪੀੜ੍ਹੀ-ਦਰ-ਪੀੜ੍ਹੀ ਚਲਦਾ ਰਿਹਾ ਹੈ ਅਤੇ ਨਕਾਰਾਤਮਕ ਯਾਦਾਂ ਗਹਿਰੀਆਂ ਬੈਠ ਗਈਆਂ ਹਨ,ਜਿਸ ਨਾਲ ਸਿੱਖ ਦਾ ਵਿਵਹਾਰ ਤੇ ਰਾਜਨੀਤਿਕ ਪ੍ਰਤੀਕ੍ਰਿਆਵਾਂ ਪ੍ਰਭਾਵਿਤ ਹੋਈਆਂ ਹਨ। ਮਨੋਵਿਗਿਆਨ ਤੇ ਮੈਡੀਕਲ ਸਾਇੰਸ ਦੱਸਦੇ ਹਨ ਕਿ ਲਗਾਤਾਰ ਡਰ ਜਾਂ ਨਕਾਰਾਤਮਕ ਸੋਚ ਕਾਰਨ ਵਿਅਕਤੀ ਦੀ ਯਾਦਦਾਸ਼ਤ ਕਮਜ਼ੋਰ ਹੁੰਦੀ ਹੈ, ਨਿਰਣਾ ਸ਼ਕਤੀ ਵਿਗੜਦੀ ਹੈ ਤੇ ਚਿੰਤਾ ਜਾਂ ਹਮਲਾਵਰ ਵਿਵਹਾਰ ਵਧਦਾ ਹੈ। ਜਿਹੜੀ ਕੌਮ ਬੇਖੌਫ ਰਾਖੇ ਪੈਦਾ ਕਰਦੀ ਸੀ, ਅੱਜ ਅਕਸਰ ਡਰ ਦੇ ਚੱਕਰ ਵਿੱਚ ਫਸੀ ਨਜ਼ਰ ਆਉਂਦੀ ਹੈ । ਕੌਮ ਵਾਰੇ ਮਾੜਾ ਲੇਬਲ ਲੱਗਣ ਦਾ ਡਰ, ਪਛਾਣ ਖਤਮ ਹੋਣ ਦਾ ਡਰ, ਰਾਜਨੀਤਿਕ ਲੀਡਰਾਂ ਵਲੋਂ ਵਰਤੋਂ ਦਾ ਡਰ ਸਿੱਖ ਮਾਨਸਿਕਤਾ ਨੂੰ ਕਮਜ਼ੋਰ ਕਰ ਰਿਹਾ ਹੈ। ਬਹੁਤ ਸਾਰੀਆਂ ਪੰਥ ਵਿਰੋਧੀ ਤਾਕਤਾਂ ਤੇ ਗਰੁੱਪ ਇਸ ਡਰ ਦਾ ਫਾਇਦਾ ਚੁੱਕਦੇ ਹਨ। ਤਰਕ ਦੀ ਥਾਂ ਭਾਵਨਾਵਾਂ, ਸਾਜ਼ਿਸ਼ੀ ਥਿਊਰੀਆਂ ਤੇ ਸੋਸ਼ਲ ਮੀਡੀਆ ਪ੍ਰੋਪੇਗੰਡੇ ਨਾਲ ਸਿੱਖ ਪ੍ਰਭਾਵਿਤ ਹੋ ਜਾਂਦੇ ਹਨ। ਇਸ ਨਾਲ ਨੌਜਵਾਨ ਗਲਤ ਦਿਸ਼ਾ ਗ੍ਰਹਿਣ ਕਰਦੇ ਹਨ, ਚੰਗੀ ਤੇ ਭਵਿੱਖ ਲਈ ਨੀਤੀ ਨਹੀਂ ਬਣਦੀ, ਇਕਜੁਟਤਾ ਨਹੀਂ ਹੁੰਦੀ ਤੇ ਕੌਮ ਕਮਜ਼ੋਰ ਰਹਿ ਜਾਂਦੀ ਹੈ।

ਦੁਨੀਆ ਬਦਲ ਗਈ ਹੈ ਤੇ ਦੂਸਰੀਆਂ ਸਤਾਈਆਂ ਕੌਮਾਂ ਨੇ ਆਪਣੇ ਆਪ ਨੂੰ ਸਮੇਂ ਅਨੁਸਾਰ ਢਾਲ ਲਿਆ ਹੈ,ਯਹੂਦੀ ਕੌਮ ਨੇ ਲਗਭਗ ਪੂਰੀ ਤਬਾਹੀ ਤੋਂ ਬਾਅਦ ਵਿਦਿਆ, ਇਕਜੁਟਤਾ, ਸੰਵਾਦ ਤੇ ਮਜ਼ਬੂਤ ਵਿਸ਼ਵ ਨੈੱਟਵਰਕ ਨਾਲ ਆਪਣੇ ਆਪ ਨੂੰ ਮੁੜ ਉਸਾਰਿਆ ਹੈ। ਉਨ੍ਹਾਂ ਨੇ ਸੰਸਥਾਵਾਂ, ਖੋਜ, ਕੂਟਨੀਤੀ ਤੇ ਸਾਂਝੀ ਲੀਡਰਸ਼ਿਪ ਨੂੰ ਉਭਾਰਿਆ ਹੈ, ਜਦਕਿ ਯਹੂਦੀ ਕਈ ਮਹਾਂਦੀਪਾਂ ਵਿੱਚ ਮਜ਼ਬੂਤ ਹੋਏ ਹਨ। ਪਰ ਸਿੱਖ - ਜਿਨ੍ਹਾਂ ਕੋਲ ਕਿਤੇ ਜ਼ਿਆਦਾ ਹਿੰਮਤ ਤੇ ਇਤਿਹਾਸਕ ਤਾਕਤ ਸੀ - ਅੱਜ ਵੀ ਵੰਡੇ ਹੋਏ ਹਨ। ਨਾ ਕੋਈ ਸਿੱਖ ਪੰਥ ਕੋਲ ਥਿੰਕ-ਟੈਂਕ ਹੈ, ਨਾ ਵਿਸ਼ਵ ਤਾਲਮੇਲ ਵਾਲੀ ਸੰਸਥਾ, ਨਾ ਅੰਤਰਰਾਸ਼ਟਰੀ ਪੱਧਰ ਦੀ ਖੋਜ ਸੰਸਥਾ, ਨਾ ਇਕਜੁੱਟ ਰਾਜਨੀਤਿਕ ਆਵਾਜ਼ ਹੀ ਰਹੀ ਹੈ, ਲੋਕਤੰਤਰ ਦੇ ਤਿੰਨ ਥੰਮ੍ਹ - ਵਿਧਾਨਸਭਾ, ਕਾਰਜਪਾਲਿਕਾ ਤੇ ਨਿਆਂਪਾਲਿਕਾ - ਵਿੱਚ ਸਿੱਖ ਪ੍ਰਭਾਵ ਨਾਮਾਤਰ ਰਹਿ ਗਿਆ ਹੈ। ਚੌਥਾ ਥੰਮ੍ਹ ਮੀਡੀਆ ਵਿੱਚ ਵੀ ਸਿੱਖ ਮੌਜੂਦਗੀ ਨਹੀਂ ਰਹੀ,ਇਸ ਦੇ ਉਲਟ ਅੰਦਰੂਨੀ ਫੁੱਟਾਂ ਅਜੇ ਵੀ ਜਾਰੀ ਹਨ, ਅਕਸਰ ਉਹ ਗਰੁੱਪ ਅੱਗੇ ਵਧਾਉਂਦੇਹਨ ਜੋ ਆਪਣੇ ਆਪ ਨੂੰ ਧਰਮ ਦੇ ਰਾਖੇ ਦੱਸ ਕੇ ਭਾਵਨਾਤਮਕ ਬਲੈਕਮੇਲ ਕਰਦੇ, ਆਪਣੇ ਸਵਾਰਥ ਨੂੰ ਪੂਰਾ ਕਰਦੇ ਹਨ।

ਸਿੱਖ ਕੌਮ ਦਾ ਮਨੋਬਲ ਗੁਰਬਾਣੀ ਦੇ ਲੜ ਲਗਣ ਨਾਲ ਹੀ ਮਜ਼ਬੂਤ ਹੁੰਦਾ ਹੈ। ਗੁਰਬਾਣੀ ਜ਼ਖਮੀ ਮਨ ਦੀ ਸਭ ਤੋਂ ਚੰਗੀ ਦਵਾਈ ਹੈ। ਨਾਮ ਸਿਮਰਨ ਸਟਰੈਸ ਘਟਾਉਂਦਾ ਹੈ, ਮਨ ਨੂੰ ਸਥਿਰ ਕਰਦਾ ਹੈ ਤੇ ਭਾਵਨਾਤਮਕ ਮਜ਼ਬੂਤੀ ਦਿੰਦਾ ਹੈ। ਗੁਰੂ ਦੇ ਹੁਕਮ ਉਪਰ ਅਮਲ ਸਿੱਖ ਦਾ ਸੁਚਜਾ ਜੀਵਨ ਅਨੁਸ਼ਾਸਨ, ਸਪੱਸ਼ਟਤਾ ਤੇ ਸਵੈ-ਮਾਣ ਬਣਾਉਂਦਾ ਹੈ। ਜਦੋਂ ਕੌਮ ਆਪਣੇ ਗੁਰੂ ਨਾਲ ਜੁੜਦੀ ਹੈ ਤਾਂ ਕਰਮਕਾਂਡ ਖਤਮ ਹੁੰਦੇ ਹਨ, ਡਰ ਦੂਰ ਹੁੰਦਾ ਹੈ ਤੇ ਸੱਚੀ ਹਿੰਮਤ ਵਾਪਸ ਆਉਂਦੀ ਹੈ। ਸਿੱਖਾਂ ਨੂੰ ਪਰਿਵਾਰਾਂ ਵਿੱਚ, ਪੰਥ ਵਿੱਚ ਤੇ ਦੇਸ਼ ਨਾਲ ਸੰਵਾਦ ਨੂੰ ਅਪਣਾਉਣਾ ਚਾਹੀਦਾ ਹੈ ।ਸੰਵਾਦ ਡਰ ਘਟਾਉਂਦਾ ਹੈ, ਭਰੋਸਾ ਪੈਦਾ ਕਰਦਾ ਹੈ।

ਇੱਕ ਹੋਰ ਪਹਿਲ ਪੰਥਕ ਸੰਸਥਾਵਾਂ ਨੂੰ ਕਰਨੀ ਚਾਹੀਦੀ ਹੈ ਕਿ ਵਿਦਿਆ ਵਲ ਧਿਆਨ ਦੇਵੋ। ਭਵਿੱਖ ਯੂਨੀਵਰਸਿਟੀਆਂ, ਖੋਜ ਕੇਂਦਰਾਂ, ਡਿਜੀਟਲ ਪਲੇਟਫਾਰਮਾਂ ਤੇ ਵਿਸ਼ਵ ਪੱਧਰੀ ਸੰਸਥਾਵਾਂ ਵਿੱਚ ਹੈ ਜੋ ਸਿੱਖ ਇਤਿਹਾਸ, ਸਿੱਖ ਹੱਕ, ਸਿੱਖ ਫਿਲਾਸਫੀ ਤੇ ਅੰਤਰਰਾਸ਼ਟਰੀ ਫੋਰਮਾਂ ਵਿੱਚ ਸਿੱਖ ਨਜ਼ਰੀਏ ਨੂੰ ਪੇਸ਼ ਕਰਨ ਲਈ ਸਮਰੱਥ ਹੋ ਸਕਦਾ ਹੈ,ਗਿਆਨ ਹੀ ਸੱਤਾ ਦਾ ਮੁੱਢ ਹੈ; ਬਿਨਾਂ ਗਿਆਨ ਦੇ ਬਹਾਦੁਰ ਵੀ ਲਾਚਾਰ ਹੋ ਜਾਂਦੇ ਹਨ।

ਸਿੱਖ ਕੌਮ ਨੂੰ ਸਾਂਝੀ ਨੀਤੀ ਤੇ ਮਜਬੂਤ ਲੀਡਰਸ਼ਿਪ ਮੁੜ ਉਸਾਰਨੀ ਪਵੇਗੀ। ਗਲਤੀ ਉਨ੍ਹਾਂ ਸਿੱਖਾਂ ਵਿੱਚ ਹੈ ਜੋ ਸੱਤਾ ਜਾਂ ਪ੍ਰਭਾਵ ਵਾਲੀਆਂ ਥਾਵਾਂ ’ਤੇ ਹਨ ,ਪਰ ਨਿੱਜੀ ਲਾਭ ਨੂੰ ਕੌਮ ਦੇ ਭਲੇ ਤੋਂ ਉੱਪਰ ਰੱਖਦੇ ਹਨ। ਗੁਰੂ ਸਾਹਿਬ ਨੇ ਖਾਲਸੇ ਨੂੰ ਲੋਕਤੰਤਰੀ ਵਿਵਸਥਾ ਬਣਾਇਆ ਸੀ ਜਿੱਥੇ ਗੁਰਮਤਿਆਂ ਰਾਹੀਂ ਸਾਂਝੇ ਫੈਸਲੇ ਹੁੰਦੇ ਸਨ। ਇਸ ਪਰੰਪਰਾ ਨੂੰ ਮੁੜ ਜੀਵੰਤ ਕਰਨਾ ਚਾਹੀਦਾ ਹੈ। ਜਿੱਥੇ ਵੀ ਸੰਭਵ ਹੋਵੇ, ਸਿੱਖਾਂ ਨੂੰ ਦੂਸਰੀਆਂ ਕੌਮਾਂ ਨਾਲ ਗਠਜੋੜ ਬਣਾਉਣੇ ਚਾਹੀਦੇ ਹਨ, ਇਕੱਲੇ ਪੈਣ ਦੀ ਥਾਂ ਰਿਸ਼ਤੇ ਮਜ਼ਬੂਤ ਕਰਨੇ ਚਾਹੀਦੇ ਹਨ।

(ਬਾਕੀ ਸਫ਼ਾ 27 ’ਤੇ)

ਪੰਜਾਬ ’ਚੋਂ ਭਈਏ ਭਜਾਓ ਕਿਸੇ ਮਸਲੇ ਦਾ ਹੱਲ ਨਹੀਂ

ਡਾ. ਅਮਨਪ੍ਰੀਤ ਸਿੰਘ ਬਰਾੜ

ਅੱਜ-ਕੱਲ੍ਹ ਪੰਜਾਬ ਵਿੱਚ ਇੱਕ ਖ਼ਾਸ ਚਰਚਾ ਹੈ ਕਿ ਪੰਜਾਬ ਦੇ ਲੋਕਾਂ ਖਾਸ ਕਰਕੇ ਨੌਜਵਾਨਾਂ ਦੇ ਵਿਦੇਸ਼ ਤੁਰ ਜਾਣ ਨਾਲ ਪੰਜਾਬ ਖਾਲੀ ਹੋਣ ਲੱਗਾ ਹੈ। ਉਨ੍ਹਾਂ ਦੀ ਜਗ੍ਹਾ ਇੱਥੇ ਦੂਜੇ ਸੂਬਿਆਂ ਤੋਂ ਆਏ ਲੋਕਾਂ, ਖਾਸ ਕਰਕੇ ਬਿਹਾਰ ਤੇ ਯੂ.ਪੀ. ਵਾਲਿਆਂ ਲੈ ਲਈ ਹੈ। ਪੰਜਾਬ ਵਿੱਚ ਸਭ ਤੋਂ ਪਹਿਲਾਂ ਦੋਆਬੇ ਦੇ ਪਿੰਡਾਂ ’ਚੋਂ ਲੋਕਾਂ ਨੇ ਇੰਗਲੈਂਡ ਜਾਣਾ ਸ਼ੁਰੂ ਕੀਤਾ ਸੀ। ਇਸ ਦਾ ਮੁੱਖ ਕਾਰਨ ਜ਼ਮੀਨਾਂ ਥੋੜ੍ਹੀਆਂ ਹੋਣ ਕਰਕੇ ਲੋਕਾਂ ਦਾ ਗੁਜ਼ਾਰਾ ਔਖਾ ਹੁੰਦਾ ਸੀ, ਪੜ੍ਹੇ-ਲਿਖੇ ਲੋਕਾਂ ਦੇ ਬਾਹਰ ਚਲੇ ਜਾਣ ਨਾਲ ਪਿੱਛੇ ਪਰਿਵਾਰਾਂ ਦਾ ਗੁਜ਼ਾਰਾ ਸੌਖਾ ਹੋਣ ਲੱਗਾ। ਜਦੋਂ ਬਾਹਰੋਂ ਪੌਂਡ/ਡਾਲਰ ਆਉਣ ਲੱਗੇ ਤਾਂ ਮਗਰ ਵਾਲਿਆਂ ਨੇ ਜ਼ਮੀਨਾਂ ਤੇ ਵੱਡੇ ਘਰ ਬਣਾਉਣ ਤੋਂ ਇਲਾਵਾ ਸਾਧਾਰਨ ਕਿਸਾਨ ਤੋਂ ਸਰਦਾਰੀ ਤੱਕ ਦਾ ਸਫ਼ਰ ਤਹਿ ਕੀਤਾ।

ਪੰਜਾਬ ਤੋਂ ਪ੍ਰਵਾਸ ਨੂੰ ਵੱਡਾ ਹੁਲਾਰਾ ਸਾਲ 1984 ਵਿੱਚ ਵੀ ਮਿਲਿਆ, ਜਦੋਂ ਲੋਕਾਂ ਨੇ ਪੰਜਾਬ ਦੇ ਮਾਹੌਲ ਤੋਂ ਡਰਦਿਆਂ ਆਪਣੇ ਬੱਚੇ ਬਾਹਰ ਭੇਜਣੇ ਸ਼ੁਰੂ ਕਰ ਦਿੱਤੇ। ਸਮਾਂ ਬੀਤਣ ’ਤੇ ਬਾਹਰਲਿਆਂ ਦੀ ਚੜ੍ਹਾਈ ਵੇਖ ਕੇ ਵਿਦੇਸ਼ ਜਾਣ ਦਾ ਰੁਝਾਨ ਵਧ ਗਿਆ। ਫਿਰ ਪੰਜਾਬੀਆਂ ਦੀ ਵਿਦੇਸ਼ਾਂ ’ਚ ਤੂਤੀ ਬੋਲਣ ਲੱਗੀ, ਅੱਜ ਉਹ ਬਾਹਰਲੇ ਦੇਸ਼ਾਂ ਦੀ ਪਾਰਲੀਮੈਂਟ ਵਿੱਚ ਪਹੁੰਚ ਕੇ ਵਜ਼ੀਰ ਤੱਕ ਬਣ ਚੁੱਕੇ ਹਨ। ਇੱਥੇ ਅਸੀਂ ਉਨ੍ਹਾਂ ਦੀ ਉੱਥੇ ਤਰੱਕੀ ਦੇਖ ਕੇ ਖ਼ੁਸ਼ ਹੁੰਦੇ ਹਾਂ, ਪਰ ਇਹ ਕਦੇ ਨਹੀਂ ਸੋਚਿਆ ਕਿ ਪਿੱਛੇ ਪੰਜਾਬ ਖਾਲੀ ਹੁੰਦਾ ਜਾ ਰਿਹਾ ਹੈ। ਜਦਕਿ ਬਿਹਾਰ, ਉੱਤਰ ਪ੍ਰਦੇਸ਼ ਤੇ ਹੋਰ ਸੂਬਿਆਂ ਤੋਂ ਧੜਾਧੜ ਪ੍ਰਵਾਸੀ ਆ ਰਹੇ ਹਨ। ਭਾਵੇਂ ਹੁਣ ਪ੍ਰਵਾਸੀਆਂ ਨੂੰ ਪੰਜਾਬ ’ਚੋਂ ਕੱਢਣ ਦੇ ਚਰਚੇ ਚੱਲ ਰਹੇ ਹਨ, ਪਰ ਉਨ੍ਹਾਂ ਦੇ ਚਲੇ ਜਾਣ ਨਾਲ ਮਿਸਤਰੀਆਂ ਤੇ ਮਜ਼ਦੂਰਾਂ ਦੀ ਘਾਟ ਮਹਿਸੂਸ ਹੋਵੇਗੀ ਤੇ ਕਈ ਤਰ੍ਹਾਂ ਦੇ ਵਪਾਰ ਰੁਕ ਜਾਣਗੇ। ਇੱਕ ਉਦਾਹਰਨ ਨਾਲ ਸਮਝਦੇ ਹਾਂ, ਸਾਡੇ ਇੱਕ ਰਿਸ਼ਤੇਦਾਰ ਨੇ ਦੋ ਕਮਰੇ ਬਣਾਉਣੇ ਸੀ ਤੇ ਉਹ ਕੰਮ ਸਿਰਫ਼ ਪੰਜਾਬੀ ਮਿਸਤਰੀ ਤੋਂ ਕਰਵਾਉਣਾ ਚਾਹੁੰਦਾ ਸੀ। ਜਦੋਂ ਉਸ ਨੂੰ ਇੱਕ ਪੰਜਾਬੀ ਮਿਸਤਰੀ ਮਿਲਿਆ ਤਾਂ ਉਸ ਨੇ ਕੰਮ ਦਾ ਰੇਟ ਇੰਨਾ ਜ਼ਿਆਦਾ ਮੰਗਿਆ ਕਿ ਆਖਰ ਉਸ ਨੂੰ ਪ੍ਰਵਾਸੀਆਂ ਤੋਂ ਹੀ ਕਮਰੇ ਬਣਵਾਉਣੇ ਪਏ। ਫਿਰ ਬਿਜਲੀ ਦਾ ਕੰਮ ਕਰਨ ਵਾਲੇ ਪੰਜਾਬੀ ਨੇ ਉਸ ਦੇ ਨੱਕ ਵਿੱਚ ਦਮ ਕਰ ਦਿੱਤਾ, ਜੋ ਕੁਝ ਦੱਸਣ ਜਾਂ ਪੁੱਛਣ ’ਤੇ ਕੰਮ ਛੱਡ ਕੇ ਅੱਗੋਂ ਬਹਿਸ ਕਰਨ ਲੱਗ ਪੈਂਦਾ। ਉਸ ਨੇ ਦੂਜੇ ਕਮਰਿਆਂ ’ਚੋਂ ਕੁਨੈਕਸ਼ਨ ਲੈਣ ਸਮੇਂ ਗ਼ਲਤ ਤਾਰ ਕੱਟ ਕੇ ਸਾਰੇ ਘਰ ਦੀ ਬਿਜਲੀ ਹੀ ਖਰਾਬ ਕਰ ਦਿੱਤੀ ਅਤੇ ਸਮਝਾਉਣ ’ਤੇ ਨਾਰਾਜ਼ ਹੋ ਕੇ ਘਰ ਚਲਾ ਗਿਆ। ਆਖਿਰ ਉਸ ਨੂੰ ਬਿਜਲੀ ਦਾ ਕੰਮ ਕਿਸੇ ਹੋਰ ਇਲੈਕਟ੍ਰੀਸ਼ਨ ਤੋਂ ਕਰਵਾਉਣਾ ਪਿਆ, ਇਹ ਸਾਡੇ ਅੱਖੀਂ ਦੇਖੀ ਹਕੀਕਤ ਹੈ।

ਪੰਜਾਬ ਵਿਚੋਂ ਭਈਏ ਭਜਾਓ ਕਿਸੇ ਮਸਲੇ ਦਾ ਹੱਲ ਨਹੀਂ ਹੈ, ਸਗੋਂ ਸਾਡੇ ਕਾਨੂੰਨ ਅਜਿਹੇ ਹੋਣੇ ਚਾਹੀਦੇ ਹਨ ਕਿ ਦੋਵੇਂ ਧਿਰਾਂ ਪੰਜਾਬ ਤੇ ਪ੍ਰਵਾਸੀਆਂ ਦਾ ਫਾਇਦਾ ਹੋਵੇ। ਜਿਵੇਂ ਸਾਡੇ ਲੋਕ ਬਾਹਰਲੇ ਦੇਸ਼ਾਂ ਵਿੱਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਜਾਂਦੇ ਸਾਰ ਕੰਮ ਕਰਨ ਦੀ ਇਜਾਜ਼ਤ ਲੈਣ ਲਈ ਰਜਿਸਟ੍ਰੇਸ਼ਨ ਕਰਾਉਣੀ ਪੈਂਦੀ ਹੈ, ਕੈਨੇਡਾ ਵਿੱਚ ਸਿੰਮ ਨੰਬਰ ਤੇ ਅਮਰੀਕਾ ’ਚ ਗ੍ਰੀਨ ਕਾਰਡ ਹੁੰਦਾ ਹੈ। ਅਜਿਹੀ ਵਿਵਸਥਾ ਪੰਜਾਬ ਵਿੱਚ ਵੀ ਹੋਣੀ ਚਾਹੀਦੀ ਹੈ, ਕੋਈ ਵੀ ਪ੍ਰਵਾਸੀ ਪੰਜਾਬ ਆਵੇ ਤਾਂ ਸਭ ਤੋਂ ਪਹਿਲਾਂ ਉਸ ਦੀ ਰਜਿਸਟ੍ਰੇਸ਼ਨ ਰੇਲਵੇ ਸਟੇਸ਼ਨ ਜਾਂ ਬੱਸ ਅੱਡੇ ’ਤੇ ਹੀ ਹੋ ਜਾਣੀ ਚਾਹੀਦੀ ਹੈ। ਉਨ੍ਹਾਂ ਕੋਲ ਕਾਰਡ ਹੋਵੇ ਤਾਂ ਹੀ ਉਨ੍ਹਾਂ ਨੂੰ ਕੰਮ ’ਤੇ ਰੱਖਿਆ ਜਾਵੇ, ਸਰਕਾਰ ਕੋਲ ਹਰ ਸੂਚਨਾ ਹੋਵੇ ਕਿ ਉਹ ਕਿੱਥੇ ਕੰਮ ਕਰਦੇ ਹਨ ਜਾਂ ਰਹਿ ਰਹੇ ਹਨ। ਇਸੇ ਤਰ੍ਹਾਂ ਪ੍ਰਵਾਸੀ ਠੇਕੇਦਾਰਾਂ ਦੇ ਵੱਖ-ਵੱਖ ਕੰਮਾਂ ਦੇ ਲਾਇਸੰਸ ਬਣਨੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਕੋਲ ਕੰਮ ਕਰਦੇ ਕਿਰਤੀਆਂ ਬਾਰੇ ਵੀ ਪੱਕੀ ਜਾਣਕਾਰੀ ਰੱਖਣੀ ਚਾਹੀਦੀ ਹੈ। ਜਿਹੜੇ ਲੋਕ ਕਿਰਤੀਆਂ ਨੂੰ ਕਿਰਾਏ ’ਤੇ ਕੁਆਟਰ ਜਾਂ ਮਕਾਨ ਦਿੰਦੇ ਹਨ, ਉਨ੍ਹਾਂ ਨੂੰ ਵੀ ਕਾਰਡ ਵੇਖ ਕੇ ਮਕਾਨ ਕਿਰਾਏ ’ਤੇ ਦੇਣਾ ਚਾਹੀਦਾ ਹੈ, ਅਜਿਹਾ ਨਾ ਕਰਨ ’ਤੇ ਮਕਾਨ ਮਾਲਕ ਨੂੰ ਜੁਰਮਾਨਾ ਹੋਣਾ ਚਾਹੀਦਾ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਪ੍ਰਵਾਸੀਆਂ ਦੀ ਪੰਜਾਬ ਵਿੱਚ ਆਮਦ ਦੀ ਸ਼ੁਰੂਆਤ ਕਿਵੇਂ ਹੋਈ? ਦਰਅਸਲ ਜਦੋਂ ਪੰਜਾਬੀ ਪੱਕੇ ਤੌਰ ’ਤੇ ਬਾਹਰ ਜਾਣ ਲੱਗੇ ਤਾਂ ਆਪਣੇ ਘਰ ਤੇ ਜ਼ਮੀਨਾਂ ਆਪਣੇ ਰਿਸ਼ਤੇਦਾਰਾਂ ਨੂੰ ਸੰਭਾਲ ਗਏ। ਫਿਰ ਰਿਸ਼ਤੇਦਾਰ ਘਰਾਂ ਜ਼ਮੀਨਾਂ ਦੀ ਦੇਖਭਾਲ ਕਰਦੇ-ਕਰਦੇ ਲਾਲਚ ਵੱਸ ਉਨ੍ਹਾਂ ’ਤੇ ਕਬਜ਼ੇ ਕਰਨ ਲੱਗ ਪਏ ਤਾਂ ਝਗੜੇ ਤੋਂ ਬਚਣ ਲਈ ਐੱਨ.ਆਰ.ਆਈ. ਆਪਣੇ ਘਰਾਂ ਦੀ ਦੇਖਭਾਲ ਪ੍ਰਵਾਸੀਆਂ ਹਵਾਲੇ ਕਰਨ ਲੱਗੇ। ਅੱਜ ਹਾਲਾਤ ਅਜਿਹੇ ਹੋ ਗਏ ਹਨ ਕਿ ਪ੍ਰਵਾਸੀ ਵੀ ਧੱਕੇਸ਼ਾਹੀ ਕਰਨ ਲੱਗ ਪਏ ਹਨ।

ਕਿਸੇ ਸੂਬੇ ’ਚ ਕੰਮ ਕਰਨ ਲਈ ਆਉਣ ਤੇ ਜ਼ਮੀਨ ਜਾਇਦਾਦ ਖਰੀਦ ਕੇ ਪੱਕੇ ਹੋਣ ਵਿੱਚ ਬਹੁਤ ਅੰਤਰ ਹੁੰਦਾ ਹੈ। ਇਨ੍ਹਾਂ ਪ੍ਰਵਾਸੀਆਂ ਕਰਕੇ ਪੰਜਾਬ ’ਚ ਬਿਮਾਰੀਆਂ ਤੇ ਜੁਰਮ ਵੀ ਵਧੇ ਹਨ। ਲੁਧਿਆਣਾ ਦੇ ਸਿਵਲ ਹਸਪਤਾਲ ਵਿੱਚ ਤੁਹਾਨੂੰ ਬਹੁਤੇ ਪ੍ਰਵਾਸੀ ਹੀ ਨਜ਼ਰ ਆਉਣਗੇ। ਕਈ ਇਥੇ ਵਸਦੇ ਪ੍ਰਵਾਸੀਆਂ ਦੀ ਦੂਜੀ-ਤੀਜੀ ਪੀੜ੍ਹੀ ਆ ਗਈ ਹੈ, ਉਨ੍ਹਾਂ ’ਚੋਂ ਕਈ ਦਾਹੜੀ ਰੱਖ ਕੇ ਪੰਜਾਬੀਆਂ ਵਾਂਗ ਪੱਗਾਂ ਵੀ ਬੰਨ੍ਹਣ ਲੱਗੇ ਹਨ। ਉਨ੍ਹਾਂ ਦੇ ਨਾਂਅ, ਬੋਲੀ ਸਭ ਕੁਝ ਬਦਲ ਚੁੱਕਾ ਹੈ, ਪਰ ਸੋਚ ਤੇ ਸੰਸਕਾਰ ਨਹੀਂ ਬਦਲੇ। ਬਹੁਤੇ ਪ੍ਰਵਾਸੀਆਂ ਦੇ ਬੱਚੇ ਇੱਥੇ ਸਰਕਾਰੀ ਸਕੂਲਾਂ ’ਚ ਵੀ ਪੜ੍ਹ ਰਹੇ ਹਨ। ਅਜਿਹਾ ਹੀ ਹਾਲ ਕੈਨੇਡਾ ਵਿੱਚ ਪੰਜਾਬੀਆਂ ਨੇ ਕੀਤਾ ਹੋਇਆ ਹੈ, ਜੋ ਹੁਣ ਦੁਨੀਆ ਤੋਂ ਛੁਪਿਆ ਹੋਇਆ ਨਹੀਂ। ਸ਼ਾਇਦ ਉਨ੍ਹਾਂ ਦੀਆਂ ਆਪਹੁਦਰੀਆਂ ਕਾਰਨ ਹੀ ਵੀਜ਼ੇ ਨਾ ਮਿਲਣ ਜਾਂ ਹੋਰ ਸਖਤੀਆਂ ਦਾ ਸੰਤਾਪ ਚੰਗੇ ਲੋਕਾਂ ਨੂੰ ਝੱਲਣਾ ਪੈ ਰਿਹਾ ਹੈ। ਜੇਕਰ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਕਈਆਂ ਦੇ ਡਿਪੋਰਟ ਕੀਤੇ ਜਾਣ ਦੀ ਵੀ ਸੰਭਾਵਨਾ ਬਣੀ ਹੋਈ ਹੈ। ਭਾਵੇਂ ਬਹੁਤੇ ਲੋਕ ਪ੍ਰਵਾਸੀਆਂ ਨੂੰ ਪੰਜਾਬ ’ਚੋਂ ਕੱਢਣ ਬਾਰੇ ਕਹਿ ਰਹੇ ਹਨ, ਪਰ ਉਨ੍ਹਾਂ ਦੇ ਚਲੇ ਜਾਣ ਨਾਲ ਕਾਰਖਾਨਿਆਂ, ਝੋਨੇ ਦੀ ਲਵਾਈ ਤੇ ਘਰੇਲੂ ਕੰਮਾਂ ਲਈ ਮਜ਼ਦੂਰ ਨਹੀਂ ਮਿਲਣੇ ਅਤੇ ਪੰਜਾਬੀ ਕਿਰਤੀਆਂ ਦੀ ਮਜ਼ਦੂਰੀ ਦੇਣੀ ਬਹੁਤੇ ਲੋਕਾਂ ਦੀ ਜੇਬ ਤੋਂ ਬਾਹਰ ਹੋਵੇਗੀ। ਜਦੋਂ ਛੱਠ ਪੂਜਾ ਦੌਰਾਨ ਬਹੁਤ ਸਾਰੇ ਪ੍ਰਵਾਸੀ ਆਪਣੇ ਘਰਾਂ ਨੂੰ ਚਲੇ ਗਏ ਤਾਂ ਲੁਧਿਆਣੇ ਵਿੱਚ ਕੰਮ ਠੱਪ ਹੋਣ ਲੱਗ ਪਏ ਸਨ। ਖਾਣੇ ਦੀਆਂ ਰੇਹੜੀਆਂ ਲਾਉਣ ਵਾਲੇ ਪ੍ਰਵਾਸੀਆਂ ਦੀ ਚਰਚਾ ਅਕਸਰ ਸੋਸ਼ਲ ਮੀਡੀਆ ’ਤੇ ਬਹੁਤ ਹੁੰਦੀ ਹੈ ਕਿ ਇਹ ਲੋਕਾਂ ਨੂੰ ਗੰਦ ਖੁਆ ਰਹੇ ਹਨ। ਪਰ ਜਿਹੜੇ ਪੰਜਾਬੀ ਇਹੀ ਕੰਮ ਧੰਦੇ ਕਰਦੇ ਹਨ, ਅਸੀਂ ਉਨ੍ਹਾਂ ਦਾ ਸਾਥ ਹੀ ਨਹੀਂ ਦਿੰਦੇ। ਜਦੋਂ ਗੱਲ ਸਿਹਤ ਦੀ ਆਉਂਦੀ ਹੈ ਤਾਂ ਜ਼ਰੂਰੀ ਹੈ ਕਿ ਕੋਈ ਵੀ ਰੇਹੜੀ ਲਾਉਣ ਵਾਲਾ, ਫਾਸਟ ਫੂਡ ਦੀ ਦੁਕਾਨ ਜਾਂ ਢਾਬਾ ਚਲਾਉਣ ਵਾਲਾ ਹੋਵੇ ਪਰ ਖਾਣੇ ਦੀ ਗੁਣਵੱਤਾ ਦੇ ਨਾਲ-ਨਾਲ ਸਾਫ ਸਫ਼ਾਈ ਦਾ ਵੀ ਖਿਆਲ ਜ਼ਰੂਰ ਰੱਖੇ। ਉਨ੍ਹਾਂ ਘੱਟੋ-ਘੱਟ ਦਸਵੀਂ ਪਾਸ ਕੀਤੀ ਹੋਵੇ ਅਤੇ ਉਸ ਨੇ ਖਾਣ ਦਾ ਸਾਮਾਨ ਬਣਾਉਣ ਦਾ ਮੁੱਢਲਾ ਕੋਰਸ ਜ਼ਰੂਰ ਕੀਤਾ ਹੋਵੇ, ਜਿਵੇਂ ਬਾਹਰਲੇ ਦੇਸ਼ਾਂ ਵਿੱਚ ਹੁੰਦਾ ਹੈ।

ਭਾਵੇਂ ਕੁਝ ਸਿਆਸੀ ਲੋਕ ਬਹੁਤ ਦੇਰ ਤੋਂ ਕਹਿ ਰਹੇ ਹਨ ਕਿ ਗ਼ੈਰ ਪੰਜਾਬੀਆਂ ਨੂੰ ਪੰਜਾਬ ਵਿੱਚ ਜ਼ਮੀਨ ਖਰੀਦਣ ਦੀ ਇਜਾਜ਼ਤ ਨਾ ਹੋਵੇ। ਇਹ ਗੱਲ ਠੀਕ ਵੀ ਹੈ ਕਿ ਇੱਕ ਦੇਸ਼ ਇੱਕ ਕਾਨੂੰਨ ਕਿਉਂ ਨਹੀਂ, ਜਦੋਂ ਪੰਜਾਬੀ ਕਈਆਂ ਹੋਰ ਸੂਬਿਆਂ ’ਚ ਜ਼ਮੀਨ ਨਹੀਂ ਖਰੀਦ ਸਕਦੇ ਤਾਂ ਫਿਰ ਦੂਜੇ ਸੂਬਿਆਂ ਦੇ ਲੋਕ ਇੱਥੇ ਆ ਕੇ ਜ਼ਮੀਨ ਕਿਵੇਂ ਖਰੀਦ ਸਕਦੇ ਹਨ? ਪਰ ਸਿਆਸਤਦਾਨ ਇਸ ਦਾ ਕੋਈ ਪੱਕਾ ਹੱਲ ਲੱਭਣ ਲਈ ਤਿਆਰ ਨਹੀਂ, ਕਿਉਂਕਿ ਉਨ੍ਹਾਂ ਲਈ ਪ੍ਰਵਾਸੀ ਇੱਕ ਵੱਡਾ ਵੋਟ ਬੈਂਕ ਹੈ, ਜਿਸ ਦੀ ਅਸਾਨੀ ਨਾਲ ਖਰੀਦੋ-ਫਰੋਖਤ ਹੋ ਸਕਦੀ ਹੈ। ਮੁੱਕਦੀ ਗੱਲ ਇਹ ਹੈ ਕਿ ਜੇ ਉਨ੍ਹਾਂ ਦੀਆਂ ਵੋਟਾਂ ਬਣਾਉਗੇ ਤਾਂ ਫਿਰ ਆਉਣ ਵਾਲੇ ਸਮੇਂ ਦੌਰਾਨ ਉਨ੍ਹਾਂ ਦੇ ਕੌਂਸਲਰ, ਐਮ.ਐਲ.ਏ., ਐਮ.ਪੀ. ਵੀ ਬਣਨਗੇ। ਪਰ ਪ੍ਰਵਾਸੀਆਂ ਨੂੰ ਭਜਾਉਣਾ ਕਿਸੇ ਵੀ ਸਮੱਸਿਆ ਦਾ ਕੋਈ ਹੱਲ ਨਹੀਂ ਹੈ, ਇਨ੍ਹਾਂ ਨੂੰ ਰਜਿਸਟਰ ਕਰਕੇ ਸਿਰਫ਼ ਕੰਮ ਕਰਨ ਦੀ ਆਗਿਆ ਦਿੱਤੀ ਜਾਵੇ। ਜੇ ਕੋਈ ਅਪਰਾਧ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਬਣਦੀ ਸਜ਼ਾ ਵੀ ਜ਼ਰੂਰ ਦਿੱਤੀ ਜਾਵੇ। ਕੋਈ ਵੀ ਨੀਤੀ ਬਣਾਉਣ ਤੇ ਲਾਗੂ ਕਰਨ ਵਾਲਿਆਂ ਦੀ ਨੀਯਤ ਵੀ ਠੀਕ ਹੋਣੀ ਜ਼ਰੂਰੀ ਹੈ।

ਡਰੱਗ ਦਾ ਸੰਤਾਪ ਕਿਵੇਂ ਰੋਕਿਆ ਜਾਵੇ ?



ਮੋਹਨ ਸ਼ਰਮਾ

ਬਿਨਾਂ ਸ਼ੱਕ ਨਸ਼ਿਆਂ ਦੀ ਪੂਰਤੀ ਲਈ ਨਸ਼ੇੜੀ ਹਰ ਹੀਲਾ ਵਰਤਦਾ ਹੈ। ਚੋਰੀਆਂ, ਠੱਗੀਆਂ, ਮਾਪਿਆਂ ਦੇ ਗਲ ਗੂਠਾ ਦੇ ਕੇ ਜਬਰੀ ਉਗਰਾਹੀ ਕਰਨਾ, ਪੈਸੇ ਨਾ ਮਿਲਣ ਕਾਰਨ ਮਾਂ-ਬਾਪ ਦਾ ਕਤਲ ਕਰ ਦੇਣ ਜਿਹੀਆਂ ਘਿਨਾਉਣੀਆਂ ਹਰਕਤਾਂ ਨੇ ਵੀ ਸਮਾਜ ਨੂੰ ਕਲੰਕਿਤ ਕੀਤਾ ਹੈ। ਇੱਕ ਪਾਸੇ ਸਰਕਾਰ ਵੱਲੋਂ 7-8 ਨਸ਼ਾ ਤਸਕਰ ਰੋਜ਼ ਫੜਨ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਨਸ਼ਿਆਂ ਕਾਰਨ ਸਿਵਿਆਂ ਦੀ ਅੱਗ ਲਗਾਤਾਰ ਵਧ ਰਹੀ ਹੈ। ਪੰਜਾਬ ਦੀ ਆਬਾਦੀ ਦੇਸ਼ ਦੀ ਕੁੱਲ ਆਬਾਦੀ ਦਾ 2.3% ਹੈ, ਪਰ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਰਿਪੋਰਟ ਅਨੁਸਾਰ ਨਸ਼ੇ ਦੀ ਓਵਰਡੋਜ਼ ਨਾਲ ਮਰਨ ਵਾਲਿਆਂ ਦੀ ਗਿਣਤੀ ’ਚ ਦੇਸ਼ ਦੀਆਂ ਕੁੱਲ ਮੌਤਾਂ ਦਾ 21% ਇਕੱਲੇ ਪੰਜਾਬ ਵਿੱਚ ਹੀ ਹੈ। ਨਸ਼ਿਆਂ ਕਾਰਨ ਵਗਦੀ ਸੋਗੀ ਹਵਾ ਦੇ ਸੰਤਾਪ ਕਾਰਨ ਘਰਾਂ ਦੇ ਚੁੱਲ੍ਹੇ ਠੰਢੇ ਤੇ ਬਰਕਤ ਗੁੰਮ ਹੋ ਗਈ ਹੈ। ਪੰਜਾਬ ਦੇ ਇੱਕ ਪਿੰਡ ’ਚ ਬੜੀ ਸੋਗਮਈ ਆਵਾਜ਼ ਵਿੱਚ ਗੁਰਦੁਆਰਾ ਸਾਹਿਬ ਤੋਂ ਭਾਈ ਨੇ ਇਹ ਸੁਨੇਹਾ ਦਿੱਤਾ ਸੀ, ‘ਸਾਧ ਸੰਗਤ ਜੀ, ਮੈਂ ਆਲੇ-ਦੁਆਲੇ ਦੇ ਪਿੰਡ ਵਾਲਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਪਿੰਡ ਦੇ ਬਹੁਤ ਸਾਰੇ ਮੁੰਡੇ ਨਸ਼ੇ ਦੀ ਮਾਰ ’ਚ ਆ ਗਏ ਹਨ, ਜੋ ਕਈ ਕਸੂਤੀਆਂ ਬਿਮਾਰੀਆਂ ਦੇ ਸ਼ਿਕਾਰ ਵੀ ਹੋ ਗਏ ਹਨ। ਅਸੀਂ ਉਨ੍ਹਾਂ ਦੇ ਇਲਾਜ ਲਈ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਥੋਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਹਾਲੇ ਸਾਡੇ ਪਿੰਡ ਕੋਈ ਕੁੜੀ ਦਾ ਰਿਸ਼ਤਾ ਕਰਨ ਨਾ ਆਵੇ।’

ਇਸ ਤੋਂ ਵੀ ਵੱਡਾ ਅਤੇ ਮਾਰੂ ਦੁਖਾਂਤ ਉਦੋਂ ਸਾਹਮਣੇ ਆਇਆ ਜਦੋਂ ਮਾਨਸਾ ਜ਼ਿਲ੍ਹੇ ਦੇ ਪਿੰਡ ਅਕਬਰਪੁਰ ਖੜਾਲੂ ਦੇ ਰਹਿਣ ਵਾਲੇ ਪਤੀ-ਪਤਨੀ ਨੇ ਨਸ਼ੇ ਦਾ ਝੱਸ ਪੂਰਾ ਕਰਨ ਲਈ ਆਪਣਾ ਛੇ ਮਹੀਨਿਆਂ ਦਾ ਇਕਲੌਤਾ ਪੁੱਤਰ ਬੁਢਲਾਡਾ ਦੇ ਕਬਾੜੀਏ ਨੂੰ 1 ਲੱਖ 80 ਹਜ਼ਾਰ ਰੁਪਏ ’ਚ ਵੇਚ ਦਿੱਤਾ। ਇਸ ਤੋਂ ਵੱਡਾ ਮਾਰੂ ਦੁਖਾਂਤ ਕੀ ਹੋਵੇਗਾ ਕਿ ਆਪਣੇ ਜਿਗਰ ਦੇ ਟੁਕੜੇ ਨੂੰ ਬੇਗਾਨੇ ਹੱਥਾਂ ’ਚ ਸੌਂਪਣ ਲਈ ਮਾਂ ਭਾਈਵਾਲ ਬਣੀ। ਇੱਕ ਪਾਸੇ ਚਿੱਟਾ ਤੇ ਦੂਜੇ ਪਾਸੇ ਜਿਗਰ ਦਾ ਟੁਕੜਾ ਤੇ ਚਿੱਟਾ ਜਿਗਰ ਦੇ ਟੁਕੜੇ ’ਤੇ ਵੀ ਭਾਰੂ ਹੋ ਗਿਆ। ਪਤੀ-ਪਤਨੀ ਦੋਵੇਂ ਚਿੱਟੇ ਦੇ ਟੀਕੇ ਲਾਉਂਦੇ ਰਹੇ ਅਤੇ ਇੱਕ ਮਹੀਨਾ ਪੁਲਿਸ, ਰਿਸ਼ਤੇਦਾਰ ਤੇ ਸਮਾਜ ਅਵੇਸਲਾ ਰਿਹਾ। ਜਦੋਂ ਬੱਚਾ ਵੇਚਣ ਵਾਲੀ ਦੀ ਭੈਣ ਨੂੰ ਪਤਾ ਲੱਗਾ ਤੇ ਉਸ ਨੇ ਬੱਚਾ ਵਾਪਸ ਲੈਣ ਲਈ ਥਾਣੇ ਅਰਜ਼ੀ ਦਿੱਤੀ ਤਾਂ ਕਿਤੇ ਪੁਲਿਸ ਹਰਕਤ ਵਿੱਚ ਆਈ। ਪਤੀ-ਪਤਨੀ, ਬੱਚਾ ਖਰੀਦਣ ਵਾਲਾ ਕਬਾੜੀਆ ਤੇ ਉਸ ਦੀ ਪਤਨੀ ’ਤੇ ਮੁਕੱਦਮਾ ਦਰਜ ਕਰਕੇ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬੱਚੇ ਨੂੰ ਜ਼ਿਲ੍ਹਾ ਬਾਲ ਭਲਾਈ ਅਫ਼ਸਰ ਰਾਹੀਂ ਅਨੰਤ ਆਸ਼ਰਮ ਨਥਾਣਾ ਵਿਖੇ ਸੰਭਾਲ ਲਈ ਸੌਂਪਿਆ ਗਿਆ ਹੈ। ਕਬਾੜੀਏ ਦੀ ਪਤਨੀ ਹਾਲੇ ਫਰਾਰ ਹੈ।

ਇੱਥੇ ਵਰਨਣਯੋਗ ਹੈ ਕਿ ਉਕਤ ਪਤੀ-ਪਤਨੀ ਜੋ ਇੰਸਟਾਗ੍ਰਾਮ ਜ਼ਰੀਏ ਸੰਪਰਕ ’ਚ ਆਏ, ਨੇ ਤਿੰਨ ਕੁ ਸਾਲ ਪਹਿਲਾਂ ਵਿਆਹ ਕਰਵਾਇਆ ਸੀ। ਵਿਆਹ ਕਰਵਾਉਣ ਤੋਂ ਪਹਿਲਾਂ ਲੜਕੀ ਨੇ ਪਹਿਲਵਾਨੀ ਦੇ ਖੇਤਰ ’ਚ ਪੰਜਾਬ ਪੱਧਰ ਤੱਕ ਮੱਲਾਂ ਮਾਰੀਆਂ ਸਨ। ਇੰਸਟਾਗ੍ਰਾਮ ਦੀ ਝੂਠੀ ਚਮਕ-ਦਮਕ, ਮੁੰਡੇ ਦੀ ਫੋਕੀ ਟੌਹਰ, ਦਿਖਾਵਾ ਅਤੇ ਹਵਾਈ ਕਿਲ੍ਹਿਆਂ ਦੇ ਝੱਸ ਵਿੱਚ ਕੁੜੀ ਫਸ ਗਈ। ਵਿਆਹ ਤੋਂ ਛੇ ਮਹੀਨਿਆਂ ਬਾਅਦ ਉਸ ਨੂੰ ਲੜਕੇ ਦੇ ਨਸ਼ੇੜੀ ਹੋਣ ਦਾ ਪਤਾ ਲੱਗਾ। ਟੋਕਾ-ਟਾਕੀ ਤੋਂ ਬਚਣ ਲਈ ਉਸ ਨੇ ਇਸ ਲੜਕੀ ਨੂੰ ਵੀ ਚਿੱਟੇ ਦੀ ਲਤ ’ਤੇ ਲਾ ਦਿੱਤਾ। ਇੰਝ ਇਹ ਲੜਕੀ ਜੋ ਚੰਗੀ ਖਿਡਾਰਨ ਸੀ, ਅਰਸ਼ ਤੋਂ ਫਰਸ਼ ’ਤੇ ਆ ਗਈ। ਮੁੰਡਾ ਕੋਈ ਕੰਮ ਨਹੀਂ ਸੀ ਕਰਦਾ, ਮੋਟਰਸਾਈਕਲ, ਘਰ ਦਾ ਹੋਰ ਸਾਮਾਨ ਚਿੱਟੇ ਦੀ ਭੇਟ ਚੜ੍ਹ ਗਿਆ। ਜਦੋਂ ਹੋਰ ਕੁਝ ਨਾ ਬਚਿਆ ਤਾਂ ਇਕਲੌਤੇ ਪੁੱਤਰ ਦਾ ਹੀ ਸੌਦਾ ਕਰ ਲਿਆ। ਇੱਥੇ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਨਸ਼ੇੜੀ ਲਈ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ ਅਤੇ ਉਹ ਨਸ਼ੇ ਦੀ ਪੂਰਤੀ ਲਈ ਹਰ ਘਟੀਆ ਹਰਕਤ ਕਰ ਸਕਦਾ ਹੈ। ਅਜਿਹੇ ਵਰਤਾਰੇ ਤੋਂ ਨੌਜਵਾਨ ਲੜਕੀਆਂ ਨੂੰ ਇਹ ਪ੍ਰੇਰਨਾ ਵੀ ਲੈਣੀ ਚਾਹੀਦੀ ਹੈ ਕਿ ਜੀਵਨ ਸਾਥੀ ਇੰਸਟਾਗ੍ਰਾਮ, ਫੇਸਬੁੱਕ, ਟਿਕਟਾਕ, ਸਨੈਪਚੈਟ ਆਦਿ ਰਾਹੀਂ ਲੱਭਣ ਤੋਂ ਸੰਕੋਚ ਕਰਨ ਦੇ ਨਾਲ-ਨਾਲ ਮਾਪਿਆਂ ਦੀ ਸਹਿਮਤੀ ਅਤੇ ਹੋਣ ਵਾਲੇ ਜੀਵਨ ਸਾਥੀ ਬਾਰੇ ਚੰਗੀ ਤਰ੍ਹਾਂ ਛਾਣਬੀਣ ਕਰਨੀ ਵੀ ਜ਼ਰੂਰੀ ਬਣ ਜਾਂਦੀ ਹੈ। ਨਸ਼ਿਆਂ ਦੀ ਮਾਰੂ ਹਨੇਰੀ ’ਚ ਹੁਣ ਸਿਰਫ਼ ਜਨਮ ਕੁੰਡਲੀਆਂ ਨਹੀਂ, ਸਗੋਂ ਮੈਡੀਕਲ ਕੁੰਡਲੀਆਂ ਮਿਲਾਉਣ ਦੀ ਵੀ ਲੋੜ ਹੈ। ਇਸ ਤੋਂ ਵੱਖਰਾ ਕੇਸ ਪਟਿਆਲੇ ’ਚ ਸਾਹਮਣੇ ਆਇਆ ਹੈ। ਪਤੀ-ਪਤਨੀ ਦੋਵੇਂ ਹੀ ਚਿੱਟੇ ਦੀ ਲਪੇਟ ਵਿੱਚ ਆ ਗਏ। ਘਰ ਦਾ ਸਾਮਾਨ ਵੇਚਣ ਉਪਰੰਤ ਉਨ੍ਹਾਂ ਨੇ ਰਲ ਕੇ ਚੋਰੀ ਕਰਨ ਦਾ ਧੰਦਾ ਅਪਣਾ ਲਿਆ। ਇੱਕ ਵਾਰ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ। ਜੇਲ੍ਹ ਕੱਟਣ ਉਪਰੰਤ ਜ਼ਮਾਨਤ ’ਤੇ ਬਾਹਰ ਆ ਗਏ। ਹੁਣ ਦੁਬਾਰਾ ਇਹ ਜੋੜਾ ਫਿਰ ਫੜਿਆ ਗਿਆ, ਜਿਨ੍ਹਾਂ ਤੋਂ ਚੋਰੀ ਦੇ ਕਈ ਸਕੂਟਰ ਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ। ਇੰਝ ਨਸ਼ਿਆਂ ਕਾਰਨ ਆਪਣੀ ਜ਼ਿੰਦਗੀ ਬਰਬਾਦ ਕਰਨ ਦੇ ਨਾਲ-ਨਾਲ ਮਾਪਿਆਂ ਦੀ ਜ਼ਿੰਦਗੀ ਧੁਆਂਖਣ ਵਿੱਚ ਵੀ ਨਸ਼ੇੜੀ ਕੋਈ ਕਸਰ ਨਹੀਂ ਛੱਡਦੇ।

ਇੱਕ ਨਾਮਵਰ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾ ਕਰਦਿਆਂ ਇੱਕ ਨਸ਼ੇੜੀ ਨੌਜਵਾਨ ਨੂੰ 10-15 ਪਰਿਵਾਰਕ ਮੈਂਬਰ ਇਲਾਜ ਲਈ ਲੈ ਕੇ ਆਏ। ਮਾਪਿਆਂ ਨੇ ਭਰੇ ਮਨ ਨਾਲ ਦੱਸਿਆ ਕਿ ਇਸ ਦੇ ਨਸ਼ਿਆਂ ਤੋਂ ਦੁਖੀ ਹੋ ਕੇ ਇਸ ਨੂੰ ਅੱਡ ਕਰ ਦਿੱਤਾ ਹੈ। ਪਹਿਲਾਂ ਦੁਕਾਨ ਕਰਦਿਆਂ ਚੰਗੀ ਕਮਾਈ ਕਰ ਲੈਂਦਾ ਸੀ, ਪਰ ਫਿਰ ਬੁਰੀ ਸੰਗਤ ਦੀ ਲਪੇਟ ’ਚ ਆ ਕੇ ਨਸ਼ੇ ਕਰਨ ਲੱਗ ਪਿਆ। ਅੱਜ ਸਵੇਰੇ ਇਸ ਨੇ ਨਸ਼ੇ ਲਈ ਆਪਣੀ ਪਤਨੀ ਤੋਂ ਪੈਸੇ ਮੰਗੇ। ਉਸ ਦੇ ਨਾਂਹ ਕਰਨ ’ਤੇ ਇਹ ਉਸ ਦੀ ਗੋਦੀ ਵਿੱਚ ਚੁੱਕਿਆ ਚਾਰ ਸਾਲ ਦਾ ਮੁੰਡਾ ਖੋਹ ਕੇ ਲੈ ਗਿਆ ਤੇ ਕਿਹਾ ਕਿ ਆਪਣਾ ਮੁੰਡਾ ਵੇਚ ਕੇ ਨਸ਼ਾ ਲਵਾਂਗਾ। ਸ਼ਹਿਰ ਵਿੱਚ ਜਿੱਥੇ-ਜਿੱਥੇ ਨਸ਼ਾ ਵਿਕਦਾ ਸੀ, ਅਸੀਂ ਉਨ੍ਹਾਂ ਕੋਲ ਗਏ, ਜਿਨ੍ਹਾਂ ਦੱਸਿਆ ਕਿ ਸਾਡੇ ਕੋਲ ਆਇਆ ਜ਼ਰੂਰ ਸੀ, ਚਿੱਟੇ ਲਈ ਆਪਣਾ ਪੁੱਤ ਗਹਿਣੇ ਰੱਖਣ ਦੀ ਗੱਲ ਕਰਦਾ ਸੀ ਪਰ ਅਸੀਂ ਨਹੀਂ ਮੰਨੇ। ਆਲੇ-ਦੁਆਲੇ ਦੇ ਪਿੰਡਾਂ ’ਚ ਲੱਭਣ ’ਤੇ ਉਹ ਪਿੰਡ ਦੀ ਇੱਕ ਗਲੀ ਵਿੱਚ ਮਿਲਿਆ। ਮੁੰਡਾ ਉਸ ਨੇ ਗੋਦੀ ਚੁੱਕਿਆ ਸੀ। ਕੇਸ ਦੀ ਗੰਭੀਰਤਾ ਨੂੰ ਵੇਖਦਿਆਂ ਨੌਜਵਾਨ ਨੂੰ ਤੁਰੰਤ ਦਾਖਲ ਕਰ ਲਿਆ ਗਿਆ। ਡੇਢ ਕੁ ਮਹੀਨੇ ਬਾਅਦ ਜਦੋਂ ਉਹ ਨਸ਼ੇ ਦੀ ਦਲਦਲ ’ਚੋਂ ਨਿਕਲਿਆਂ ਤਾਂ ਉਸ ਨੂੰ ਬੱਚਾ ਵੇਚਣ ਦੀ ਕੋਸ਼ਿਸ਼ ਸੰਬੰਧੀ ਪੁੱਛਿਆ ਤਾਂ ਉਸ ਦਾ ਜਵਾਬ ਸੀ ਕਿ ਨਸ਼ਾ ਛੱਡਣ ਨਾਲ ਮੈਨੂੰ ਨਵਾਂ ਜੀਵਨ ਮਿਲਿਆ ਹੈ, ਉਹ ਨਰਕ ਭਰੀ ਜ਼ਿੰਦਗੀ ਮੇਰੇ ਲਈ ਇੱਕ ਭਿਆਨਕ ਸੁਪਨਾ ਸੀ।

ਉਪਰੰਤ ਉਸ ਨੂੰ ਜਦੋਂ ਉਸ ਦੀ ਪਤਨੀ ਤੇ ਬੱਚੇ ਨਾਲ ਮਿਲਾਇਆ ਤਾਂ ਉਹ ਕਾਫ਼ੀ ਸਮਾਂ ਬੱਚੇ ਨੂੰ ਬੁੱਕਲ ਵਿੱਚ ਲੈ ਕੇ ਰੋਂਦਾ ਰਿਹਾ। ਪਤਨੀ ਦੇ ਪੈਰਾਂ ’ਚ ਡਿਗ ਕੇ ਉਸ ਤੋਂ ਮਾਫ਼ੀ ਮੰਗਦਿਆਂ ਕਹਿਣ ਲੱਗਾ ਕਿ ਭਵਿੱਖ ਵਿੱਚ ਤੈਨੂੰ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ। ਆਪਣੇ ਨਿੱਜੀ ਅਨੁਭਵ ਅਤੇ ਤਜਰਬੇ ਦੇ ਆਧਾਰ ’ਤੇ ਲਿਖ ਰਿਹਾ ਹਾਂ ਕਿ ਨਸ਼ੇੜੀ ਨੂੰ ਤਸੀਹੇ, ਕੁੱਟਮਾਰ, ਫਿਟ ਲਾਹਨਤਾਂ ਮੁੱਖ ਧਾਰਾ ’ਚ ਲਿਆਉਣ ਵਿੱਚ ਸਹਾਈ ਨਹੀਂ ਹੋ ਸਕਦੀਆਂ, ਸਗੋਂ ਉਸ ਦੇ ਇਲਾਜ ਲਈ ਉਸ ਦੇ ਨਸ਼ੇ ’ਚ ਧਸਣ ਦੇ ਮੂਲ ਕਾਰਨਾਂ ਨੂੰ ਲੱਭ ਕੇ ਦਵਾਈ ਦੇ ਨਾਲ-ਨਾਲ ਉਸ ਦਾ ਸਹੀ ਮਾਰਗਦਰਸ਼ਨ ਹੋਣਾ ਬਹੁਤ ਜ਼ਰੂਰੀ ਹੈ। ਧਰਮ, ਸਾਹਿਤ ਤੇ ਕਿਰਤ ਦੇ ਸੰਕਲਪ ਨਾਲ ਜੋੜ ਕੇ ਨਸ਼ੇੜੀ ਨੂੰ ਮੁੱਖ ਧਾਰਾ ’ਚ ਲਿਆਂਦਾ ਜਾ ਸਕਦਾ ਹੈ। ਪੰਜਾਬ ਵਿੱਚ ਨਸ਼ੇ ਦੇ ਖਾਤਮੇ ਲਈ ਸਮਾਜਸੇਵੀ ਸੰਸਥਾਵਾਂ, ਬੁੱਧੀਜੀਵੀ, ਅਧਿਆਪਕ ਅਤੇ ਸਮਾਜ ਦੇ ਹਰ ਵਰਗ ਨੂੰ ਅੱਗੇ ਆਉਣਾ ਚਾਹੀਦਾ ਹੈ, ਫਿਰ ਹੀ ਪੰਜਾਬ ’ਚ ਵਗਦੀ ਸੋਗੀ ਹਵਾ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

ਵੋਟਾਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸਬੰਧੀ ‘ਕਾਹਲੀ’ ਦੇਸ਼ ਦੇ ਲੋਕਤੰਤਰ ਦੇ ਲਈ ਬਹੁਤ ਮਾੜੀ

ਅਭੈ ਕੁਮਾਰ ਦੂਬੇ

ਇਹ ਸਮਝਣਾ ਮਹੱਤਵਪੂਰਨ ਹੈ ਕਿ ਚੋਣ ਕਮਿਸ਼ਨ ਨੂੰ ਅਚਾਨਕ ਐੱਸ.ਆਈ.ਆਰ. ਕਰਵਾਉਣ ਦਾ ਵਿਚਾਰ ਕਿੱਥੋਂ ਤੇ ਕਿਉਂ ਆਇਆ? ਦਰਅਸਲ 2024 ਦੀਆਂ ਚੋਣਾਂ ਵਿੱਚ ਬਹੁਮਤ ਗੁਆਉਣ ਤੋਂ ਬਾਅਦ ਸੰਘ ਪਰਿਵਾਰ ਤੇ ਭਾਜਪਾ ਸਦਮੇ ਵਿੱਚ ਸਨ, ਕਿਉਂਕਿ ਉਹ ਤਾਂ 400 ਤੋਂ ਵੱਧ ਸੀਟਾਂ ਦੀ ਉਮੀਦ ਲਗਾਈ ਬੈਠੇ ਸਨ, ਪਰ ਉਨ੍ਹਾਂ ਨੂੰ ਸਿਰਫ਼ 240 ਸੀਟਾਂ ਹੀ ਮਿਲੀਆਂ। ਫਿਰ ਉਨ੍ਹਾਂ ਨੂੰ ਅਜਿਹਾ ਝਟਕਾ ਦੁਬਾਰਾ ਕਦੇ ਨਾ ਲੱਗ ਸਕੇ, ਇਸ ਲਈ ਇੱਕ ਠੋਸ ਤੇ ਸਥਾਈ ਪ੍ਰਬੰਧ ਕਰਨ ਬਾਰੇ ਸੋਚਿਆ ਗਿਆ ਤਾਂ ਜੋ ਅੱਗੇ ਤੋਂ ਬਿਨਾਂ ਕਿਸੇ ਸਮੱਸਿਆ ਦੇ ਹਰ ਚੋਣ ਜਿੱਤੀ ਜਾ ਸਕੇ। ਹੁਣ ਤੱਕ ਉਹ ਸਿਰਫ਼ 31 ਤੋਂ 38 ਫ਼ੀਸਦੀ ਹਿੰਦੂ ਆਬਾਦੀ ਤੱਕ ਹੀ ਪਹੁੰਚ ਬਣਾ ਸਕੇ ਹਨ, ਉਨ੍ਹਾਂ ਨੂੰ ਡਰ ਹੈ ਕਿ ਕਿਤੇ ਸੱਤਾ ਉਨ੍ਹਾਂ ਦੇ ਹੱਥਾਂ ’ਚੋਂ ਨਿਕਲ ਨਾ ਜਾਵੇ। ਇਸ ਲਈ ਉਨ੍ਹਾਂ ਨੇ ਨਵੇਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨਾਲ ਮਿਲ ਕੇ ਇੱਕ ਅਜਿਹੀ ਵੋਟਰ ਸੂਚੀ ਤਿਆਰ ਕਰਨ ਦਾ ਫ਼ੈਸਲਾ ਕੀਤਾ, ਜਿਸ ਨਾਲ ਭਾਜਪਾ ਦਾ ਸੱਤਾ ’ਤੇ ਹਮੇਸ਼ਾ ਲਈ ਕਬਜ਼ਾ ਯਕੀਨੀ ਹੋ ਸਕੇ। ਮੀਡੀਆ ਉਨ੍ਹਾਂ ਦੇ ਕੰਟਰੋਲ ’ਚ ਹੋਣ ਕਰਕੇ ਉਹ ਜਾਣਦੇ ਸਨ ਕਿ ਸੋਸ਼ਲ ਮੀਡੀਆ ਨੂੰ ਛੱਡ ਕੇ ਕੋਈ ਵੀ ਉਨ੍ਹਾਂ ਨੂੰ ਸਵਾਲ ਨਹੀਂ ਕਰੇਗਾ। ਉਹ ਸਾਰੇ ਦੇਸ਼ ਵਿੱਚ ਐੱਸ.ਆਈ.ਆਰ. ਕਰਵਾ ਕੇ ਜਿੱਥੋਂ ਤੱਕ ਸੰਭਵ ਹੋਵੇਗਾ ਵਿਰੋਧੀਆਂ ਦੀਆਂ ਵੋਟਾਂ ਕਟਵਾਉਣਗੇ ਤੇ ਆਪਣੇ ਸਮਰਥਕਾਂ ਦੀਆਂ ਵੋਟਾਂ ਜੋੜਦੇ ਜਾਣਗੇ। ਭਾਜਪਾ ਨੂੰ ਉਮੀਦ ਹੈ ਜਲਦ ਹੀ ਉਨ੍ਹਾਂ ਨੂੰ ਦੱਖਣੀ ਭਾਰਤ ’ਚ ਵੀ ਬਿਹਾਰ ਵਾਂਗ ਵੱਡੀ ਗਿਣਤੀ ’ਚ ਵੋਟਾਂ ਮਿਲਣ ਲੱਗਣਗੀਆਂ। ਮੋਦੀ ਜੀ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਬਿਹਾਰ ਦੀ ਹਵਾ ਤਾਮਿਲਨਾਡੂ ਤੱਕ ਪਹੁੰਚ ਗਈ ਹੈ।

ਇਸੇ ਕਰਕੇ ਪ੍ਰਧਾਨ ਮੰਤਰੀ ਮੋਦੀ ਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੋਵੇਂ ਐੱਸ.ਆਈ.ਆਰ. ਨੂੰ ਜਲਦੀ ਤੋਂ ਜਲਦੀ ਦੇਸ਼ ’ਤੇ ਥੋਪ ਦੇਣਾ ਚਾਹੁੰਦੇ ਹਨ, ਤਾਂ ਜੋ ਸਾਡੇ ਚੋਣ ਲੋਕਤੰਤਰ ’ਤੇ ਭਾਜਪਾ ਦਾ ਸਥਾਈ ਰੂਪ ਵਿੱਚ ਕਬਜ਼ਾ ਹੋ ਸਕੇ। ਪਰ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਵਿਰੋਧੀ ਧਿਰ ਵੱਲੋਂ ਐੱਸ.ਆਈ.ਆਰ. ਦੇ ਵਿਰੋਧ ਵਿੱਚ ਉਤਰ ਆਉਣ ਕਾਰਨ ਅੜਿੱਕਾ ਖੜ੍ਹਾ ਹੋ ਗਿਆ ਹੈ। ਅਹਿਮ ਸਵਾਲ ਇਹ ਹੈ ਕਿ ਮੋਦੀ ਜੀ ਤੇ ਮੁੱਖ ਚੋਣ ਕਮਿਸ਼ਨਰ ਰਾਹੁਲ ਗਾਂਧੀ ਨੂੰ ਐੱਸ.ਆਈ.ਆਰ. ’ਤੇ ਸਵਾਲ ਉਠਾਉਣ ਤੋਂ ਕਿਉਂ ਰੋਕਣਾ ਚਾਹੁੰਦੇ ਹਨ? ਜਿਹੜੇ 272 ਉੱਘੇ ਨਾਗਰਿਕਾਂ ਵੱਲੋਂ ਖੁੱਲ੍ਹਾ ਪੱਤਰ ਲਿਖਿਆ ਗਿਆ ਹੈ, ਉਨ੍ਹਾਂ ਦੀ ਅਸਲੀਅਤ ਜਾਣਨੀ ਵੀ ਜ਼ਰੂਰੀ ਹੈ ਕਿ ਉਹ ਕੌਣ ਹਨ ਤੇ ਉਨ੍ਹਾਂ ’ਚੋਂ ਕਿੰਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ’ਚੋਂ ਕਿੰਨੇ ਮੋਦੀ ਦੇ ਪ੍ਰਸ਼ੰਸਕ ਹਨ ਤੇ ਸੰਘ ਪਰਿਵਾਰ ਦੇ ਸੰਗਠਨਾਂ ਜਾਂ ਭਾਜਪਾ ’ਚ ਸ਼ਾਮਿਲ ਹੋ ਚੁੱਕੇ ਹਨ। ਦੂਜਾ ਸਵਾਲ: ਮੋਦੀ ਤੇ ਗਿਆਨੇਸ਼ ਕੁਮਾਰ ਦੇਸ਼ ਭਰ ਵਿੱਚ ਐੱਸ.ਆਈ.ਆਰ. ਲਾਗੂ ਕਰਨ ਲਈ ਇੰਨੇ ਕਾਹਲੇ ਕਿਉਂ ਹਨ? ਉਨ੍ਹਾਂ ਨੂੰ ਬੀ.ਐਲ.ਓਜ਼ ਦੀ ਕੋਈ ਚਿੰਤਾ ਕਿਉਂ ਨਹੀਂ, ਜੋ ਕੰਮ ਦੇ ਦਬਾਅ ਕਰਕੇ ਖੁਦਕੁਸ਼ੀਆਂ ਕਰਨ ਲਈ ਰੇਲ ਗੱਡੀਆਂ ਹੇਠ ਆ ਰਹੇ ਹਨ, ਫਾਹੇ ਲਗਾ ਰਹੇ ਹਨ ਜਾਂ ਦਿਲ ਦੇ ਦੌਰਿਆਂ ਕਾਰਨ ਮਰ ਰਹੇ ਹਨ। ਦੇਸ਼ ਦੇ 12 ਸੂਬਿਆਂ ਵਿੱਚ ਜੰਗੀ ਪੱਧਰ ’ਤੇ ਕਰਵਾਏ ਜਾ ਰਹੇ ਐੱਸ.ਆਈ.ਆਰ. ਦੌਰਾਨ ਹੁਣ ਤੱਕ 28 ਬੀ.ਐਲ.ਓਜ਼ ਦਮ ਤੋੜ ਚੁੱਕੇ ਹਨ।

ਕਾਂਗਰਸ ਮੀਡੀਆ ਸੈੱਲ ਦੀ ਮੁਖੀ ਸੁਪ੍ਰਿਆ ਸ਼੍ਰੀਨਾਤੇ ਨੇ ਉਨ੍ਹਾਂ 272 ਕਥਿਤ ਉੱਘੇ ਨਾਗਰਿਕਾਂ ਦਾ ਪਰਦਾਫਾਸ਼ ਕੀਤਾ ਹੈ, ਜਿਨ੍ਹਾਂ ਨੇ ਐਕਸ ’ਤੇ ਕਈ ਪੋਸਟਾਂ ਪਾ ਕੇ ਸੋਸ਼ਲ ਮੀਡੀਆ ’ਤੇ ਹਲਚਲ ਮਚਾ ਦਿੱਤੀ ਸੀ। ਸ਼੍ਰੀਨਾਤੇ ਨੇ ਦੱਸਿਆ ਹੈ ਕਿ ਇਨ੍ਹਾਂ ਹਸਤਾਖਰ ਕਰਨ ਵਾਲਿਆਂ ’ਚੋਂ ਕਈ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਨੇ ਦੋਸ਼ਾਂ ਤੋਂ ਬਚਣ ਲਈ ਸਰਕਾਰ ਦੀ ਚਾਪਲੂਸੀ ਕਰਦਿਆਂ ਲੋਕਤੰਤਰ ਦੀ ਰੱਖਿਆ ਲਈ ਆਵਾਜ਼ ਉਠਾਉਣ ਵਾਲੇ ਰਾਹੁਲ ਗਾਂਧੀ ਨੂੰ ਨਿਸ਼ਾਨਾ ਬਣਾਇਆ ਹੈ। ਇਸ ਪੱਤਰ ਦੇ ਮੁੱਖ ਲੇਖਕ ਜਸਟਿਸ ਐਸ.ਐਨ. ਢੀਂਗਰਾ ਹਨ, ਜਿਨ੍ਹਾਂ ’ਤੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਕੇ ਲਾਭ ਉਠਾਉਣ ਦੇ ਦੋਸ਼ ਹਨ। ਇੱਕ ਹੋਰ ਹਸਤਾਖਰ-ਕਰਤਾ ਦੀਪਕ ਸਿੰਘਲ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਸਕੱਤਰ ਹਨ, ਜੋ 1500 ਕਰੋੜ ਰੁਪਏ ਦੇ ‘ਗੋਮਤੀ ਰਿਵਰਫਰੰਟ’ ਘੁਟਾਲੇ ’ਚ ਦੋਸ਼ੀ ਹੈ। ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਸਕੱਤਰ ਐਲ.ਵੀ. ਸੁਬ੍ਰਾਮਣੀਅਮ ਇੱਕ ਰੀਅਲ ਅਸਟੇਟ ਘੁਟਾਲੇ ’ਚ ਦੋਸ਼ੀ ਹਨ, ਜਦਕਿ ਯੂ.ਪੀ. ਦੇ ਸਾਬਕਾ ਡੀ.ਜੀ.ਪੀ. ਆਰ.ਐਨ. ਸਿੰਘ ਦੇ ਘਰ ਇਨਕਮ ਟੈਕਸ ਦੀ ਛਾਪੇਮਾਰੀ ਦੌਰਾਨ 3 ਕਰੋੜ ਰੁਪਏ ਤੋਂ ਵੱਧ ਨਕਦੀ ਬਰਾਮਦ ਹੋਈ ਸੀ। ਕਰਨਾਟਕ ਦੇ ਸਾਬਕਾ ਸਕੱਤਰ ਏ.ਕੇ. ਮੋਨੱਪਾ ਪ੍ਰੀਖਿਆ ਘੁਟਾਲੇ ਤੇ ਮਿਊਚੁਅਲ ਫੰਡ ਘੁਟਾਲੇ ਦੇ ਦੋਸ਼ੀ ਹਨ, ਜਦਕਿ ਕਰਨਾਟਕ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਰਮੇਸ਼ ਝਲਕੀ ਤੇ ਭਾਰਤੀ ਜੰਗਲਾਤ ਸੇਵਾ ਦੇ ਸਾਬਕਾ ਅਧਿਕਾਰੀ ਬੀ.ਕੇ. ਸਿੰਘ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ’ਚ ਦੋਸ਼ੀ ਹਨ। ਖੁੱਲ੍ਹੇ ਪੱਤਰ ’ਤੇ ਦਸਤਖ਼ਤ ਕਰਨ ਵਾਲਿਆਂ ’ਚ ਬਹੁਤ ਸਾਰੇ ਆਰ.ਐੱਸ.ਐੱਸ. ਦੁਆਰਾ ਚਲਾਏ ਜਾ ਰਹੇ ਸੰਗਠਨਾਂ- ਵਿਵੇਕਾਨੰਦ ਫਾਊਂਡੇਸ਼ਨ ਤੇ ਇੰਡੀਆ ਫਾਊਂਡੇਸ਼ਨ ਨਾਲ ਜੁੜੇ ਹੋਏ ਹਨ। ਉਨ੍ਹਾਂ ’ਚੋਂ ਪ੍ਰਭਾਤ ਸ਼ੁਕਲਾ ਤੇ ਅਨਿਲ ਤ੍ਰਿਗੁਣਾਇਤ ਦੋਵੇਂ ਸਾਬਕਾ ਰਾਜਦੂਤ ਹਨ, ਜੋ ਵਿਵੇਕਾਨੰਦ ਫਾਊਂਡੇਸ਼ਨ ਨਾਲ ਜੁੜੇ ਹੋਏ ਹਨ। ਇੱਕ ਸਾਬਕਾ ਆਮਦਨ ਕਰ ਕਮਿਸ਼ਨਰ ਅਸ਼ੋਕ ਮਿੱਤਲ ਤੇ ਮੇਜਰ ਜਨਰਲ ਧਰੁਵ ਕਟੋਚ ਇੰਡੀਆ ਫਾਊਂਡੇਸ਼ਨ ਨਾਲ ਜੁੜੇ ਹੋਏ ਹਨ। ਸਾਬਕਾ ਰਾਜਦੂਤ ਵੀਰੇਂਦਰ ਗੁਪਤਾ ਤੇ ਜਸਟਿਸ ਆਦਰਸ਼ ਕੁਮਾਰ ਗੋਇਲ ਆਰ.ਐੱਸ.ਐੱਸ. ਦੀ ਆਲ ਇੰਡੀਆ ਐਡਵੋਕੇਟਸ ਕੌਂਸਲ ਦਾ ਹਿੱਸਾ ਹਨ, ਜਦਕਿ ਜਸਟਿਸ ਹੇਮੰਤ ਗੁਪਤਾ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਮਾਗਮਾਂ ਵਿਚ ਸ਼ਾਮਿਲ ਹੁੰਦੇ ਰਹੇ ਹਨ।

ਇਨ੍ਹਾਂ 272 ਵਿਅਕਤੀਆਂ ’ਚੋਂ ਜਸਟਿਸ ਪੀ.ਐਨ. ਰਵਿੰਦਰਨ, ਸੰਜੀਵ ਤ੍ਰਿਪਾਠੀ ਸਾਬਕਾ ਰਾਅ ਮੁਖੀ, ਅਈਅਰ ਕ੍ਰਿਸ਼ਨਾ ਰਾਓ ਸਾਬਕਾ ਮੁੱਖ ਸਕੱਤਰ ਆਂਧਰਾ ਪ੍ਰਦੇਸ਼, ਭਾਸਵਤੀ ਮੁਖਰਜੀ ਸਾਬਕਾ ਰਾਜਦੂਤ, ਟੀ.ਪੀ. ਸੇਨਕੁਮਾਰ ਸਾਬਕਾ ਡੀ.ਜੀ.ਪੀ. ਕੇਰਲਾ, ਨਿਰਮਲ ਕੌਰ ਸਾਬਕਾ ਡੀ.ਜੀ.ਪੀ. ਝਾਰਖੰਡ; ਬੀ.ਐਚ. ਅਨਿਲ ਕੁਮਾਰ ਸਾਬਕਾ ਮੁੱਖ ਸਕੱਤਰ ਕਰਨਾਟਕ, ਭਾਸਕਰ ਰਾਓ ਸਾਬਕਾ ਐਡੀਸ਼ਨਲ ਡੀ.ਜੀ.ਪੀ. ਕਰਨਾਟਕ, ਲੈਫਟੀਨੈਂਟ ਜਨਰਲ ਡੀ.ਪੀ. ਵਤਸ ਅਤੇ ਮੇਜਰ ਜਨਰਲ ਪੀ.ਸੀ. ਖਰਬੰਦਾ ਭਾਜਪਾ ’ਚ ਸ਼ਾਮਿਲ ਹੋ ਚੁੱਕੇ ਹਨ। ਸਪੱਸ਼ਟ ਹੈ ਕਿ ਇਹ ਸਭ ਰਾਹੁਲ ਗਾਂਧੀ ਵਿਰੁੱਧ ਪੱਤਰ ਲਿਖ ਕੇ ਸਿਰਫ਼ ਭਾਜਪਾ ਦੇ ਸੰਗਠਨਾਤਮਿਕ ਆਦੇਸ਼ਾਂ ਦੀ ਹੀ ਪਾਲਣਾ ਕਰ ਰਹੇ ਹਨ। ਇਸ ਸਕੈਂਡਲ ’ਚ ਸ਼ਾਮਿਲ ਆਦਰਸ਼ ਕੁਮਾਰ ਗੋਇਲ ਸੁਪਰੀਮ ਕੋਰਟ ਦੇ ਜੱਜ ਰਹਿ ਚੁੱਕੇ ਹਨ, ਜਿਨ੍ਹਾਂ ਨੂੰ ਆਈ.ਬੀ. ਦੀ 2001 ਦੀ ਰਿਪੋਰਟ ਵਿੱਚ ਭ੍ਰਿਸ਼ਟ ਕਰਾਰ ਦੇਣ ਦੇ ਬਾਵਜੂਦ ਅਟਲ ਬਿਹਾਰੀ ਵਾਜਪਾਈ ਸਰਕਾਰ ਸਮੇਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜੱਜ ਨਿਯੁਕਤ ਕੀਤਾ ਗਿਆ ਸੀ। ਮੋਦੀ ਸਰਕਾਰ ਨੇ 2018 ਵਿਚ ਉਨ੍ਹਾਂ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦਾ ਚੇਅਰਮੈਨ ਨਿਯੁਕਤ ਕੀਤਾ ਸੀ। 2014 ਦੌਰਾਨ ਭਾਜਪਾ ’ਚ ਸ਼ਾਮਿਲ ਹੋਏ ਆਈ.ਪੀ.ਐੱਸ. ਅਧਿਕਾਰੀ ਸੰਜੀਵ ਤ੍ਰਿਪਾਠੀ ਆਰ.ਏ.ਡਬਲਯੂ.ਏ. ਦੇ ਸਾਬਕਾ ਮੁਖੀ ਸਨ, ਜਿਨ੍ਹਾਂ ਰਿਆਸੀ ਤੋਂ ਪਹਿਲਗਾਮ ਤੱਕ ਵਾਰ-ਵਾਰ ਖੁਫੀਆ ਅਸਫਲਤਾਵਾਂ ਤੇ ਦਿੱਲੀ ਬੰਬ ਧਮਾਕਿਆਂ ’ਤੇ ਕਦੇ ਕੁਝ ਨਹੀਂ ਬੋਲਿਆ। ਯੋਗੇਸ਼ ਗੁਪਤਾ ਭਾਰਤ ਦਾ ਹਾਈ ਕਮਿਸ਼ਨਰ ਰਹਿ ਚੁੱਕਾ ਹੈ, ਜਿਨ੍ਹਾਂ ਦੀਆਂ ਕੁੜੀਆਂ ਬਾਰੇ ਗ਼ਲਤ ਟਿੱਪਣੀਆਂ ਸੋਸ਼ਲ ਮੀਡੀਆ ’ਤੇ ਦੇਖੀਆਂ ਜਾ ਸਕਦੀਆਂ ਹਨ।

(**ਬਾਕੀ ਸਫ਼ਾ 27 ’ਤੇ**)

ਕਸ਼ਮੀਰ ਸੰਕਟ ਨੂੰ ਉਲਝਾਉਣ ’ਚ ਬਰਤਾਨੀਆ ਤੇ ਅਮਰੀਕਾ ਦਾ ਰਿਹਾ ਵੱਡਾ ਹੱਥ

ਐਲ. ਐਸ. ਹਰਦੇਨੀਆ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਸਮੇਤ ਪੂਰਾ ਸੰਘ ਪਰਿਵਾਰ ਕਸ਼ਮੀਰ ਦੀ ਸਮੱਸਿਆ ਲਈ ਜਵਾਹਰ ਲਾਲ ਨਹਿਰੂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਹਾਲ ਹੀ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਅਜਿਹੀ ਰਾਇ ਪ੍ਰਗਟ ਕੀਤੀ ਸੀ, ਹਾਲਾਂਕਿ ਕਸ਼ਮੀਰ ਸਮੱਸਿਆ ਦੇ ਇਤਿਹਾਸ ਦਾ ਨੇੜਿਓਂ ਅਧਿਐਨ ਕਰਨ ’ਤੇ ਪਤਾ ਲਗਦਾ ਹੈ ਕਿ ਇਸ ਮੁੱਦੇ ਨੂੰ ਗੁੰਝਲਦਾਰ ਬਣਾਉਣ ਵਿੱਚ ਬਰਤਾਨੀਆ ਤੇ ਅਮਰੀਕੀ ਸਾਜਿਸ਼ਾਂ ਦੀ ਮਹੱਤਵਪੂਰਨ ਭੂਮਿਕਾ ਸੀ। ਅਮਰੀਕਾ ਤੇ ਬਰਤਾਨੀਆ, ਖ਼ਾਸ ਕਰਕੇ ਬਰਤਾਨੀਆ ਚਾਹੁੰਦਾ ਸੀ ਕਿ ਜੰਮੂ-ਕਸ਼ਮੀਰ ਦਾ ਪਾਕਿਸਤਾਨ ਨਾਲ ਰਲੇਂਵਾ ਹੋ ਜਾਵੇ। ਭਾਰਤ ਦੀ ਵੰਡ ਤੋਂ ਪਹਿਲਾਂ ਬਰਤਾਨੀਆ ਦੇ ਆਖਰੀ ਵਾਇਸਰਾਏ ਅਤੇ ਗਵਰਨਰ ਜਨਰਲ ਲਾਰਡ ਮਾਊਂਟਬੈਟਨ ਨੇ ਪੂਰੀ ਕੋਸ਼ਿਸ਼ ਕੀਤੀ ਕਿ ਕਸ਼ਮੀਰ ਪਾਕਿਸਤਾਨ ਵਿੱਚ ਸ਼ਾਮਿਲ ਹੋ ਜਾਵੇ।

ਇਸ ਦੌਰਾਨ ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਨੇ ਐਲਾਨ ਕਰ ਦਿੱਤਾ ਸੀ ਕਿ ਉਹ ਕਸ਼ਮੀਰ ਨੂੰ ਇੱਕ ਸੁਤੰਤਰ ਦੇਸ਼ ਬਣਾ ਕੇ ਇਸ ਨੂੰ ਏਸ਼ੀਆ ਦਾ ਸਵਿਟਜ਼ਰਲੈਂਡ ਬਣਾਉਣਾ ਚਾਹੁੰਦੇ ਹਨ। ਇਸ ਗੱਲ ਦਾ ਪਤਾ ਲੱਗਣ ਬਾਅਦ ਪਾਕਿਸਤਾਨ ਨੇ ਕਸ਼ਮੀਰ ’ਤੇ ਹਮਲਾ ਕਰ ਦਿੱਤਾ। ਇਹ ਹਮਲਾ ਪਾਕਿਸਤਾਨੀ ਹਾਕਮਾਂ ਤੇ ਫ਼ੌਜ ਦੀ ਸ਼ਹਿ ’ਤੇ ਕਬੀਲਾਈ ਪਠਾਣਾਂ ਦੁਆਰਾ ਕੀਤਾ ਗਿਆ ਸੀ। ਇਸ ਹਮਲੇ ਦੀ ਨਿੰਦਾ ਕਰਦਿਆਂ ਕਸ਼ਮੀਰ ਦੇ ਸਰਬ-ਪ੍ਰਵਾਨਿਤ ਨੇਤਾ ਸ਼ੇਖ ਅਬਦੁੱਲਾ ਨੇ ਕਿਹਾ ਕਿ ਹਮਲਾਵਰ ਪੂਰੀ ਤਰ੍ਹਾਂ ਹਥਿਆਰਬੰਦ ਸਨ। ਇਨ੍ਹਾਂ ਹਮਲਾਵਰਾਂ ਨੇ ਭਿਆਨਕ ਤਬਾਹੀ ਮਚਾਉਂਦਿਆਂ ਲੋਕਾਂ ਨੂੰ ਲੁੱਟਿਆ, ਔਰਤਾਂ ਨਾਲ ਬਦਸਲੂਕੀ ਕੀਤੀ, ਬੱਚਿਆਂ ਨੂੰ ਮਾਰਿਆ ਤੇ ਕੁਰਾਨ ਦਾ ਅਪਮਾਨ ਵੀ ਕੀਤਾ। ਇਹ ਉਹ ਅਪਰਾਧੀ ਸਨ, ਜਿਨ੍ਹਾਂ ਨੂੰ ਕੁਝ ਲੋਕ ਕਸ਼ਮੀਰ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦ ਦੱਸਦੇ ਹਨ। ਬਰਤਾਨੀਆ ਦੇ ਅਸਿੱਧੇ ਸਮਰਥਨ ਨਾਲ ਪਠਾਣਾਂ ਦੁਆਰਾ ਕੀਤੇ ਗਏ ਇਸ ਹਮਲੇ ਦੇ ਬਾਵਜੂਦ ਜਦੋਂ ਕਸ਼ਮੀਰ ਨੂੰ ਪਾਕਿਸਤਾਨ ਵਿਚ ਮਿਲਾਇਆ ਨਾ ਜਾ ਸਕਿਆ ਤਾਂ ਜਨਮਤ ਸੰਗ੍ਰਹਿ ਦੀ ਗੱਲ ਹੋਣ ਲੱਗੀ। ਪਰ ਮਾਊਂਟਬੈਟਨ ਨੂੰ ਲੱਗਾ ਕਿ ਜੇਕਰ ਉਸ ਕਸ਼ਮੀਰ ਵਿੱਚ ਜਨਮਤ ਸੰਗ੍ਰਹਿ ਕਰਵਾਇਆ ਜਾਂਦਾ ਹੈ, ਜਿਸ ਦਾ ਪਹਿਲਾਂ ਹੀ ਭਾਰਤ ਵਿੱਚ ਰਲੇਵਾਂ ਹੋ ਚੁੱਕਾ ਹੈ ਤਾਂ ਇਸ ਦਾ ਨਤੀਜਾ ਭਾਰਤ ਦੇ ਹੱਕ ਵਿੱਚ ਹੀ ਹੋਵੇਗਾ। ਇਸ ’ਤੇ ਮਾਊਂਟਬੈਟਨ ਲਾਹੌਰ ਗਏ ਤਾਂ ਉੱਥੇ ਉਨ੍ਹਾਂ ਨੇ ਮੁਹੰਮਦ ਅਲੀ ਜਿਨਾਹ ਨਾਲ ਮੁਲਾਕਾਤ ਕੀਤੀ। ਜਿਨਾਹ ਨੇ ਸੁਝਾਅ ਦਿੱਤਾ ਕਿ ਦੋਹਾਂ ਦੇਸ਼ਾਂ ਦੀਆਂ ਫ਼ੌਜਾਂ ਨੂੰ ਕਸ਼ਮੀਰ ਤੋਂ ਪਿੱਛੇ ਹਟ ਜਾਣਾ ਚਾਹੀਦਾ ਹੈ। ਇਸ ’ਤੇ ਮਾਊਂਟਬੈਟਨ ਨੇ ਪੁੱਛਿਆ ਕਿ ਹਮਲਾਵਰ ਪਠਾਣਾਂ ਨੂੰ ਕਿਵੇਂ ਹਟਾਇਆ ਜਾਵੇਗਾ ਤਾਂ ਜਿਨਾਹ ਨੇ ਜਵਾਬ ਦਿੱਤਾ ਕਿ ਜੇਕਰ ਤੁਸੀਂ ਉਨ੍ਹਾਂ ਨੂੰ ਹਟਾਉਂਦੇ ਹੋ ਤਾਂ ਸਮਝ ਲਓ ਕਿ ਅੱਗੇ ਕੋਈ ਵੀ ਗੱਲਬਾਤ ਨਹੀਂ ਹੋਵੇਗੀ। ਦੱਸਣਯੋਗ ਹੈ ਕਿ ਜਿਨਾਹ

ਭਾਰਤ-ਪਾਕਿ ਦੀ ਵੰਡ ਤੋਂ ਪਹਿਲਾਂ ਕਸ਼ਮੀਰ ਗਏ ਸਨ ਤਾਂ ਉਨ੍ਹਾਂ ਨੇ ਕੋਸ਼ਿਸ਼ ਕੀਤੀ ਸੀ ਕਿ ਕਸ਼ਮੀਰ ਦੇ ਮੁਸਲਮਾਨ ਉਸ ਦਾ ਸਮਰਥਨ ਕਰਨ ਪਰ ਕਸ਼ਮੀਰ ਦੇ ਮੁਸਲਮਾਨਾਂ ਨੇ ਉਸ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਭਾਰਤ ਦੇ ਆਜ਼ਾਦੀ ਅੰਦੋਲਨ ਦੇ ਨਾਲ ਹਨ ਤੇ ਦੋ-ਰਾਸ਼ਟਰੀ ਸਿਧਾਂਤ ਦੇ ਵੀ ਵਿਰੁੱਧ ਹਨ। ਇਸ ਦੌਰਾਨ ਮਾਊਂਟਬੈਟਨ ਨੇ ਸੁਝਾਅ ਦਿੱਤਾ ਕਿ ਕਸ਼ਮੀਰ ਦਾ ਪੂਰਾ ਮੁੱਦਾ ਸੰਯੁਕਤ ਰਾਸ਼ਟਰ ਨੂੰ ਸੌਂਪ ਦਿੱਤਾ ਜਾਵੇ। 1 ਜਨਵਰੀ, 1948 ਨੂੰ ਇਹ ਮਾਮਲਾ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਨੂੰ ਸੌਂਪ ਦਿੱਤਾ ਗਿਆ। ਜਿਵੇਂ ਹੀ ਇਹ ਮਾਮਲਾ ਸੁਰੱਖਿਆ ਪ੍ਰੀਸ਼ਦ ਕੋਲ ਗਿਆ ਤਾਂ ਬਰਤਾਨੀਆ ਨੇ ਭਾਰਤ ਵਿਰੁੱਧ ਬੋਲਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਬਰਤਾਨੀਆ ਤੇ ਅਮਰੀਕਾ ਨੇ ਕਬਾਈਲੀਆਂ ਦੇ ਹਮਲਿਆਂ ਵਿਰੁੱਧ ਹਮਲੇ ਭਾਰਤ ਦੀ ਸ਼ਿਕਾਇਤ ਨੂੰ ਭਾਰਤ-ਪਾਕਿਸਤਾਨ ਵਿਚਕਾਰ ਵਿਵਾਦ ਦਾ ਰੂਪ ਦੇ ਦਿੱਤਾ। ਬਰਤਾਨੀਆ ਨੇ ਸੁਰੱਖਿਆ ਪ੍ਰੀਸ਼ਦ ਦੀ ਮੀਟਿੰਗ ’ਚ ਭਾਰਤ ਦੀ ਸਖ਼ਤ ਨਿੰਦਾ ਕਰਦਿਆਂ ਉਸ (ਭਾਰਤ) ’ਤੇ ਜੰਗਬੰਦੀ ਦੇ ਪ੍ਰਸਤਾਵ ਨੂੰ ਸਵੀਕਾਰ ਕਰਨ ਲਈ ਦਬਾਅ ਬਣਾਇਆ। ਇਹ ਸਭ ਉਸ ਸਮੇਂ ਕੀਤਾ ਗਿਆ, ਜਦੋਂ ਭਾਰਤੀ ਫ਼ੌਜ ਹਮਲਾਵਰਾਂ ਨੂੰ ਪੂਰੀ ਤਰ੍ਹਾਂ ਭਜਾਉਣ ਦੀ ਸਥਿਤੀ ਵਿੱਚ ਸੀ ਪਰ ਬਰਤਾਨੀਆ ਤੇ ਅਮਰੀਕਾ ਜਾਣਦੇ ਸਨ ਕਿ ਜੇਕਰ ਭਾਰਤ ਨੇ ਹਮਲਾਵਰਾਂ ਨੂੰ ਪੂਰੀ ਤਰ੍ਹਾਂ ਖਦੇੜ ਦਿੱਤਾ ਤਾਂ ਕਸ਼ਮੀਰ ਦੀ ਸਮੱਸਿਆ ਹਮੇਸ਼ਾ ਲਈ ਖ਼ਤਮ ਹੋ ਜਾਵੇਗੀ। ਇਸ ਲਈ ਉਨ੍ਹਾਂ ਨੇ ਦਬਾਅ ਪਾ ਕੇ ਜਬਰੀ ਜੰਗਬੰਦੀ ਕਰਵਾ ਦਿੱਤੀ। ਇਸ ਜੰਗਬੰਦੀ ਦਾ ਨਤੀਜਾ ਇਹ ਨਿਕਲਿਆ ਕਿ ਕਸ਼ਮੀਰ ਦਾ ਇੱਕ ਹਿੱਸਾ ਪਾਕਿਸਤਾਨ ਦੇ ਕਬਜ਼ੇ ’ਚ ਚਲਾ ਗਿਆ।

ਇਸ ਦੌਰਾਨ ਜਨਮਤ ਸੰਗ੍ਰਹਿ ਦਾ ਪ੍ਰਸਤਾਵ ਸਵੀਕਾਰ ਕਰ ਲਿਆ ਗਿਆ ਪਰ ਇਸ ਦੇ ਨਾਲ ਇੱਕ ਸ਼ਰਤ ਇਹ ਲਗਾਈ ਗਈ ਕਿ ਪਾਕਿਸਤਾਨੀ ਕਸ਼ਮੀਰ ਤੋਂ ਆਪਣੀ ਫ਼ੌਜ ਵਾਪਸ ਬੁਲਾਉਣ ਦੇ ਨਾਲ ਹੀ ਉਨ੍ਹਾਂ ਕਬਾਈਲੀ ਨਾਗਰਿਕਾਂ ਨੂੰ ਵੀ ਹਟਾਉਣ ਦੀ ਕੋਸ਼ਿਸ਼ ਕਰੇਗਾ, ਜੋ ਪਾਕਿਸਤਾਨ ਵੱਲੋਂ ਲੜ ਰਹੇ ਸਨ। ਪਾਕਿਸਤਾਨ ਨੇ ਇਸ ਪ੍ਰਸਤਾਵ ਨੂੰ ਸਵੀਕਾਰ ਲਿਆ ਪਰ ਬਰਤਾਨੀਆ ਤੇ ਅਮਰੀਕਾ ਨੇ ਪਾਕਿਸਤਾਨ ’ਤੇ ਇਸ ਸ਼ਰਤ ਨੂੰ ਲਾਗੂ ਕਰਨ ਲਈ ਦਬਾਅ ਨਹੀਂ ਪਾਇਆ। ਇਸ ਦੀ ਵੱਡੀ ਵਜ੍ਹਾ ਇਹ ਸੀ ਕਿ ਦੋਵੇਂ ਦੇਸ਼ ਜਾਣਦੇ ਸਨ ਕਿ ਜੇਕਰ ਪਾਕਿਸਤਾਨ ਨੇ ਕਸ਼ਮੀਰ ਤੋਂ ਆਪਣੀ ਫ਼ੌਜ ਵਾਪਸ ਬੁਲਾ ਲਈ ਤਾਂ ਉੱਥੇ ਹੋਣ ਵਾਲੇ ਜਨਮਤ ਸੰਗ੍ਰਹਿ ਦੇ ਨਤੀਜੇ ਭਾਰਤ ਦੇ ਹੱਕ ਵਿੱਚ ਜਾਣਗੇ। ਜਦੋਂ ਇਹ ਸਪੱਸ਼ਟ ਹੋ ਗਿਆ ਕਿ ਜਨਮਤ ਸੰਗ੍ਰਹਿ ਹੋਣ ਨਾਲ ਬਰਤਾਨੀਆ ਅਤੇ ਅਮਰੀਕਾ ਅਸਿੱਧੇ ਤੌਰ ’ਤੇ ਕਸ਼ਮੀਰ ’ਤੇ ਆਪਣਾ ਪ੍ਰਭਾਵ ਬਣਾ ਕੇ ਨਹੀਂ ਰੱਖ ਸਕਣਗੇ ਤਾਂ ਉਨ੍ਹਾਂ ਨੇ ਇੱਕ ਨਵੀਂ ਚਾਲ ਚੱਲੀ। ਉਨ੍ਹਾਂ ਸੁਝਾਅ ਦਿੱਤਾ ਕਿ ਕਸ਼ਮੀਰ ਮੁੱਦੇ ਦਾ ਹੱਲ ਵਿਚੋਲਗੀ ਰਾਹੀਂ ਕੱਢਿਆ ਜਾਵੇ। ਇਸ ਸੰਬੰਧ ਵਿੱਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਕਲੇਮੈਂਟ ਐਟਲੀ ਤੇ ਅਮਰੀਕੀ ਰਾਸ਼ਟਰਪਤੀ ਹੈਰੀ ਟਰੂਮੈਨ ਨੇ ਇਕ ਰਸਮੀ ਪ੍ਰਸਤਾਵ ਭੇਜਿਆ। ਇਨ੍ਹਾਂ ਦੋਵੇਂ ਦੇਸ਼ਾਂ ਨੇ ਨਹਿਰੂ ’ਤੇ ਏਨਾ ਦਬਾਅ ਪਾਇਆ ਕਿ ਉਨ੍ਹਾਂ ਨੂੰ ਜਨਤਕ ਤੌਰ ’ਤੇ ਆਪਣੀ ਅਸਹਿਮਤੀ ਪ੍ਰਗਟ ਕਰਨੀ ਪਈ। ਨਹਿਰੂ ਨੇ ਦੋਸ਼ ਲਗਾਇਆ ਕਿ ਦੋਵੇਂ ਦੇਸ਼ ਸਮੱਸਿਆ ਦਾ ਹੱਲ ਨਹੀਂ ਕਰਨਾ ਚਾਹੁੰਦੇ, ਸਗੋਂ ਆਪਣੇ ਕੁਝ ਲੁਕਵੇਂ ਇਰਾਦਿਆਂ ਨੂੰ ਪੂਰਾ ਕਰਨਾ ਚਾਹੁੰਦੇ ਹਨ।

ਇਸ ਤੋਂ ਬਾਅਦ ਇਹ ਵੀ ਪਤਾ ਲੱਗਾ ਕਿ ਬਰਤਾਨੀਆ ਤੇ ਅਮਰੀਕਾ ਵਿਚੋਲਗੀ ਰਾਹੀਂ ਕਸ਼ਮੀਰ ਵਿੱਚ ਵਿਦੇਸ਼ੀ ਫ਼ੌਜਾਂ ਭੇਜਣਾ ਚਾਹੁੰਦੇ ਸਨ ਤਾਂ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਸੋਵੀਅਤ ਯੂਨੀਅਨ ਨੇ ਆਪਣਾ ਦ੍ਰਿਸ਼ਟੀਕੋਣ ਸਪੱਸ਼ਟ ਕਰਨਾ ਜ਼ਰੂਰੀ ਸਮਝਿਆ। ਸੋਵੀਅਤ ਯੂਨੀਅਨ ਦੇ ਪ੍ਰਤੀਨਿਧੀ ਯਾਕੋਵ ਮੌਲਿਕ ਨੇ 1952 ਦੇ ਸ਼ੁਰੂ ’ਚ ਸੁਰੱਖਿਆ ਪ੍ਰੀਸ਼ਦ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਸ਼ਮੀਰ ਸਮੱਸਿਆ ਦਾ ਪਿਛਲੇ 4 ਸਾਲਾਂ ਤੋਂ ਹੱਲ ਇਸ ਕਰਕੇ ਨਹੀਂ ਹੋ ਸਕਿਆ, ਕਿਉਂਕਿ ਬਰਤਾਨੀਆ ਤੇ ਅਮਰੀਕਾ ਆਪਣੇ ਸਾਮਰਾਜੀ ਇਰਾਦਿਆਂ ਨੂੰ ਪੂਰਾ ਕਰਨ ਲਈ ਕਸ਼ਮੀਰ ਨੂੰ ਆਪਣੇ ਕੰਟਰੋਲ ’ਚ ਰੱਖਣਾ ਚਾਹੁੰਦੇ ਹਨ ਤੇ ਇਸੇ ਲਈ ਸੰਯੁਕਤ ਰਾਸ਼ਟਰ ਰਾਹੀਂ ਪ੍ਰਸਤਾਵਾਂ ਨੂੰ ਅੱਗੇ ਵਧਾ ਰਹੇ ਹਨ, ਤਾਂ ਜੋ ਕਸ਼ਮੀਰ ਨੂੰ ਉਨ੍ਹਾਂ ਦਾ ਫ਼ੌਜੀ ਅੱਡਾ ਬਣਾਇਆ ਜਾ ਸਕੇ। ਸੋਵੀਅਤ ਯੂਨੀਅਨ ਵੱਲੋਂ ਬਰਤਾਨੀਆ ਤੇ ਅਮਰੀਕਾ ਦੇ ਪ੍ਰਸਤਾਵਾਂ ਵਿਰੁੱਧ ਵੀਟੋ ਕਰਨ ਨਾਲ ਉਹ ਮਤਾ ਰੱਦ ਹੋ ਗਿਆ, ਜਿਸ ਰਾਹੀਂ ਇਹ ਦੋਵੇਂ ਦੇਸ਼ ਕਸ਼ਮੀਰ ਨੂੰ ਆਪਣੀ ਬਸਤੀ ਬਣਾਉਣਾ ਚਾਹੁੰਦੇ ਸਨ। ਇਸ ਤੋਂ ਬਾਅਦ 1957 ’ਚ ਸੁਰੱਖਿਆ ਪ੍ਰੀਸ਼ਦ ਵਿੱਚ ਕਸ਼ਮੀਰ ਮੁੱਦੇ ’ਤੇ ਇੱਕ ਲੰਬੀ ਬਹਿਸ ਹੋਈ।

(**ਬਾਕੀ ਸਫ਼ਾ 27 ’ਤੇ**)

ਜਿੰਦ ਮਾਹੀ ਚੱਲ ਚੱਲੀਏ ਅਮਰੀਕਾ . . .

ਪੰਜਾਬੀਆਂ ਨੂੰ ਅਮਰੀਕਾ ਵੱਲ ਖਿੱਚ ਰਹੀ ਹੈ 'ਡਾਲਰ' ਦੀ ਮਜ਼ਬੂਤੀ

ਅਮਰੀਕਾ ਦੇ ਸਖ਼ਤ ਕਾਨੂੰਨ ਵੀ ਨਹੀਂ ਰੋਕ ਸਕੇ 'ਗ਼ੈਰ ਕਾਨੂੰਨੀ ਪਰਵਾਸ' ਨੂੰ

ਅਮਰੀਕਾ ਵਿੱਚ ਵਿੱਤੀ ਸਥਿਰਤਾ, ਬਿਹਤਰ ਜੀਵਨ ਸ਼ੈਲੀ ਅਤੇ ਸੁਨਹਿਰੇ ਕੈਰੀਅਰ ਦੇ ਮੌਕੇ ਪੰਜਾਬੀਆਂ ਨੂੰ ਅਮਰੀਕਾ ਵੱਲ ਪਰਵਾਸ ਕਰਨ ਲਈ ਉਤਸ਼ਾਹਿਤ ਕਰਦੇ ਹਨ। ਪੰਜਾਬ ਸਮੇਤ ਪੂਰੇ ਭਾਰਤ ਵਿੱਚ ਬੇਰੁਜ਼ਗਾਰੀ ਅਤੇ ਸੀਮਤ ਆਰਥਿਕ ਮੌਕੇ ਅਮਰੀਕਾ ਪ੍ਰਤੀ ਖਿੱਚ ਦੇ ਮੁੱਖ ਕਾਰਨ ਹਨ। ਪੀਰੀਅਡਿਕ ਲੇਬਰ ਫੋਰਸ ਸਰਵੇਖਣ ਦੇ ਅਨੁਸਾਰ, 2023-24 ਵਿੱਚ ਗ੍ਰੈਜੂਏਟਾਂ ਅਤੇ ਪੋਸਟ ਗ੍ਰੈਜੂਏਟਾਂ ਵਿੱਚ ਬੇਰੁਜ਼ਗਾਰੀ ਦਰ 12% ਤੋਂ ਵੱਧ ਸੀ। ਇਸ ਦੇ ਉਲਟ, ਅਮਰੀਕਾ ਵਿੱਚ ਭਾਰਤੀਆਂ ਦੀ ਔਸਤ ਸਾਲਾਨਾ ਆਮਦਨ 60,000 ਡਾਲਰ ਤੋਂ 65,000 ਡਾਲਰ (ਲਗਭਗ 51-56 ਲੱਖ ਰੁਪਏ) ਹੈ। ਇੱਕ ਭਾਰਤੀ-ਅਮਰੀਕੀ ਪਰਿਵਾਰ ਦੀ ਔਸਤ ਸਾਲਾਨਾ ਆਮਦਨ 1.45 ਲੱਖ ਡਾਲਰ (ਲਗਭਗ 1.25 ਕਰੋੜ ਰੁਪਏ) ਹੈ, ਜੋ ਕਿ ਅਮਰੀਕੀ ਪਰਿਵਾਰਾਂ ਦੀ ਔਸਤ ਆਮਦਨ 70,000 ਡਾਲਰ ਤੋਂ ਦੁੱਗਣੀ ਹੈ।

ਇਸ ਸਮੇਂ ਅਮਰੀਕੀ ਡਾਲਰ ਭਾਰਤੀ ਰੁਪਈਏ ਦੇ ਮੁਕਾਬਲੇ ਹੋਰ ਮਜ਼ਬੂਤ ਹੋ ਗਿਆ ਹੈ। ਇੱਕ ਅਮਰੀਕੀ ਡਾਲਰ ਦੇ ਹੁਣ ਲਗਭਗ 90 ਭਾਰਤੀ ਰੁਪਏ ਬਣ ਜਾਂਦੇ ਹਨ, ਜਿਸ ਕਾਰਨ ਪੰਜਾਬ ਦੇ ਪਰਵਾਸ ਕਰਨ ਦੇ ਚਾਹਵਾਨ ਲੋਕਾਂ ਨੂੰ ਅਮਰੀਕਾ ਦੇ ਡਾਲਰ ਦੀ ਮਜ਼ਬੂਤੀ ਅਮਰੀਕਾ ਵੱਲ ਖਿੱਚ ਪਾ ਰਹੀ ਹੈ। ਵੱਡੀ ਗਿਣਤੀ ਪੰਜਾਬੀ ਡਾਲਰਾਂ ਤੋਂ ਬਣਦੇ ਭਾਰਤੀ ਰੁਪਈਆਂ ਨੂੰ ਵੇਖ ਕੇ ਅਮਰੀਕਾ ਜਾਣ ਦੀ ਸੋਚ ਰਹੇ ਹਨ। ਜਦੋਂ ਕਿ ਪਹਿਲਾਂ ਹੀ ਵੱਡੀ ਗਿਣਤੀ ਪੰਜਾਬੀ ਅਮਰੀਕਾ ਵਿੱਚ ਰਹਿ ਰਹੇ ਹਨ। ਭਾਵੇਂ ਕਿ ਅਮਰੀਕਾ ਵਿੱਚ ਗ਼ੈਰ ਕਾਨੂੰਨੀ ਤਰੀਕਿਆਂ ਨਾਲ ਗਏ ਅਨੇਕਾਂ ਭਾਰਤੀਆਂ, ਜਿਨ੍ਹਾਂ ਵਿੱਚ ਪੰਜਾਬੀ ਵੀ ਸ਼ਾਮਲ ਸਨ, ਨੂੰ ਡਿਪੋਰਟ ਵੀ ਕੀਤਾ ਜਾ ਚੁੱਕਿਆ ਹੈ।

ਅਮਰੀਕਾ ਵੱਲੋਂ ਜਿਥੇ ਅਮਰੀਕਾ ਵੱਲ ਹੁੰਦੇ ਗ਼ੈਰ ਕਾਨੂੰਨੀ ਪਰਵਾਸ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ ਗਏ ਹਨ, ਉਥੇ ਅਮਰੀਕਾ ਵੱਲੋਂ ਹੁਣ ਕਾਨੂੰਨੀ ਤਰੀਕਿਆਂ ਨਾਲ ਹੁੰਦੇ ਪਰਵਾਸ ਨੂੰ ਵੀ ਕਾਫ਼ੀ ਮੁਸ਼ਕਿਲ ਬਣਾ ਦਿੱਤਾ ਗਿਆ ਹੈ, ਜਿਸ ਕਾਰਨ ਹੋਰਨਾਂ ਦੇਸ਼ਾਂ ਤੋਂ ਅਮਰੀਕਾ ਵੱਲ ਪਰਵਾਸ ਕਰਨਾ ਹੁਣ ਹਰ ਇਨਸਾਨ ਦੇ ਵੱਸ ਦੀ ਗੱਲ ਨਹੀਂ ਰਹੀ। ਤਾਜ਼ਾ ਰਿਪੋਰਟਾਂ ਅਨੁਸਾਰ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਇੱਕ ਵੱਡੇ ਬਦਲਾਅ ਕਰਦਿਆਂ ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਨੇ ਐਲਾਨ ਕੀਤਾ ਹੈ ਕਿ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ (ਈ.ਏ.ਡੀ.) ਦੀ ਵੱਧ ਤੋਂ ਵੱਧ ਵੈਧਤਾ ਮਿਆਦ ਘਟਾ ਦਿੱਤੀ ਜਾਵੇਗੀ। ਇਸ ਫ਼ੈਸਲੇ ਦਾ ਲੱਖਾਂ ਭਾਰਤੀ ਪੇਸ਼ੇਵਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਅਸਰ ਪਵੇਗਾ। ਯੂ.ਐਸ.ਸੀ.ਆਈ.ਐਸ. ਦਾ ਕਹਿਣਾ ਹੈ ਕਿ ਇਹ ਬਦਲਾਅ ਸੁਰੱਖਿਆ ਜਾਂਚ ਨੂੰ ਮਜ਼ਬੂਤ ਕਰਨ ਅਤੇ ਸੰਭਾਵੀ ਜੋਖਮਾਂ ਦਾ ਪਤਾ ਲਗਾਉਣ ਲਈ ਜ਼ਰੂਰੀ ਹੈ। ਯੂ.ਐਸ.ਸੀ.ਆਈ.ਐਸ. ਨੇ ਕਿਹਾ ਹੈ ਕਿ ਨਵੀਂ ਨੀਤੀ ਅਮਰੀਕਾ ਵਿੱਚ ਕੰਮ ਦੇ ਅਧਿਕਾਰ ਦੀ ਮੰਗ ਕਰਨ ਵਾਲੇ ਲੋਕਾਂ ਦੀ ਵਧੇਰੇ ਵਾਰ-ਵਾਰ ਜਾਂਚ ਕਰਨ, ਧੋਖਾਧੜੀ ਨੂੰ ਰੋਕਣ ਅਤੇ ਖਤਰਨਾਕ ਇਰਾਦੇ ਵਾਲੇ ਵਿਅਕਤੀਆਂ ਦੀ ਪਛਾਣ ਕਰਨ ਦੇ ਯੋਗ ਬਣਾਏਗੀ, ਤਾਂ ਜੋ ਉਨ੍ਹਾਂ ਨੂੰ ਦੇਸ਼

ਤੋਂ ਬਾਹਰ ਕੱਢਿਆ ਜਾ ਸਕੇ। ਨਵੀਂ ਨੀਤੀ ਦੇ ਅਨੁਸਾਰ, ਸ਼ਰਨਾਰਥੀਆਂ, ਸ਼ਰਣ ਮੰਗਣ ਵਾਲਿਆਂ, ਹਟਾਉਣ ਤੋਂ ਰਾਹਤ ਮੰਗਣ ਵਾਲਿਆਂ ਅਤੇ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਲਿਆਂ ਨੂੰ ਜਾਰੀ ਕੀਤੇ ਗਏ ਈ.ਏ.ਡੀ., ਜੋ ਪਹਿਲਾਂ ਪੰਜ ਸਾਲਾਂ ਲਈ ਵੈਧ ਸਨ, ਹੁਣ ਸਿਰਫ਼ 18 ਮਹੀਨਿਆਂ ਲਈ ਵੈਧ ਹੋਣਗੇ। ਕਿਹਾ ਗਿਆ ਹੈ ਕਿ ਇਹ ਨਿਯਮ 5 ਦਸੰਬਰ, 2025 ਨੂੰ ਜਾਂ ਉਸ ਤੋਂ ਬਾਅਦ ਲੰਬਿਤ ਜਾਂ ਦਾਇਰ ਕੀਤੀਆਂ ਗਈਆਂ ਸਾਰੀਆਂ ਅਰਜ਼ੀਆਂ 'ਤੇ ਲਾਗੂ ਹੁੰਦਾ ਹੈ। ਇਹ ਬਦਲਾਅ ਉਨ੍ਹਾਂ ਭਾਰਤੀ ਬਿਨੈਕਾਰਾਂ ਲਈ ਨਵੀਆਂ ਚਿੰਤਾਵਾਂ ਪੈਦਾ ਕਰ ਸਕਦਾ ਹੈ ਜੋ ਪਹਿਲਾਂ ਹੀ ਗ੍ਰੀਨ ਕਾਰਡਾਂ ਲਈ ਸਾਲਾਂ ਤੋਂ ਉਡੀਕ ਦਾ ਸਾਹਮਣਾ ਕਰ ਰਹੇ ਹਨ। ਬਹੁਤ ਸਾਰੇ ਭਾਰਤੀ ਆਪਣੀਆਂ ਨੌਕਰੀਆਂ ਨੂੰ ਬਣਾਈ ਰੱਖਣ ਲਈ ਲੰਬੇ ਸਮੇਂ ਦੇ ਈ.ਏ.ਡੀ. ਅਤੇ ਐਡਵਾਂਸ ਪੈਰੋਲ ਦਸਤਾਵੇਜ਼ਾਂ 'ਤੇ ਨਿਰਭਰ ਕਰਦੇ ਹਨ। ਭਾਰਤੀ ਪਰਵਾਸੀ ਅਮਰੀਕਾ ਵਿੱਚ ਰੁਜ਼ਗਾਰ-ਅਧਾਰਿਤ ਵੀਜ਼ਿਆਂ ਦੇ ਸਭ ਤੋਂ ਵੱਡੇ ਲਾਭਪਾਤਰੀ ਹਨ ਅਤੇ ਇਸ ਬਦਲਾਅ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ।

ਇਸ ਤੋਂ ਇਲਾਵਾ ਅਮਰੀਕੀ ਸਰਕਾਰ ਨੇ ਐੱਚ-1ਬੀ ਵੀਜ਼ਾ ਅਰਜ਼ੀਕਾਰਾਂ ਅਤੇ ਉਨ੍ਹਾਂ 'ਤੇ ਨਿਰਭਰ ਐੱਚ-4 ਵੀਜ਼ਾਧਾਰਕਾਂ ਲਈ ਜਾਂਚ ਅਤੇ ਤਸਦੀਕ ਦਾ ਅਮਲ ਸਖ਼ਤ ਕਰ ਦਿੱਤਾ ਹੈ। ਨਵੇਂ ਨਿਰਦੇਸ਼ਾਂ ਤਹਿਤ ਸਾਰੇ ਅਰਜ਼ੀਕਾਰਾਂ ਨੂੰ ਆਪਣੇ ਸੋਸ਼ਲ ਮੀਡੀਆ ਪ੍ਰੋਫ਼ਾਈਲਾਂ ਦੀ ਨਿੱਜਤਾ ਸੈਟਿੰਗਜ਼ ਜਨਤਕ (ਪਬਲਿਕ) ਰੱਖਣ ਲਈ ਕਿਹਾ ਗਿਆ ਹੈ। ਭਾਰਤੀ ਮਾਹਿਰ ਖਾਸ ਕਰ ਕੇ ਤਕਨਾਲੋਜੀ ਵਰਕਰ ਅਤੇ ਡਾਕਟਰ ਐੱਚ-1ਬੀ ਵੀਜ਼ੇ ਦੇ ਸਭ ਤੋਂ ਵੱਡੇ ਲਾਭਪਾਤਰੀ ਹਨ ਅਤੇ ਉਨ੍ਹਾਂ ਨੂੰ ਇਸ ਨਵੇਂ ਹੁਕਮ ਦੀ ਪਾਲਣਾ ਕਰਨੀ ਪਵੇਗੀ। ਇਸ ਤੋਂ ਪਹਿਲਾਂ ਅਮਰੀਕਾ ਵੱਲੋਂ ਐੱਚ-1ਬੀ ਵੀਜ਼ਾ ਦੀਆਂ ਫ਼ੀਸਾਂ ਵਿੱਚ ਭਾਰੀ ਵਾਧਾ ਕੀਤਾ ਜਾ ਚੁੱਕਿਆ ਹੈ।

ਅਮਰੀਕਾ ਵੱਲੋਂ ਦੂਜੇ ਦੇਸ਼ਾਂ ਤੋਂ ਅਮਰੀਕਾ ਵੱਲ ਹੁੰਦੇ ਪਰਵਾਸ ਨੂੰ ਰੋਕਣ ਲਈ ਬਹੁਤ ਕੁਝ ਕੀਤਾ ਜਾ ਚੁੱਕਿਆ ਹੈ। ਯੂ.ਐਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਅਨੁਸਾਰ, ਅਕਤੂਬਰ 2023 ਤੋਂ ਸਤੰਬਰ 2024 ਦੇ ਵਿਚਕਾਰ, 90,415 ਭਾਰਤੀ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੁੰਦੇ ਫੜੇ ਗਏ। ਇਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਮੈਕਸੀਕੋ ਅਤੇ ਕੈਨੇਡਾ ਦੀਆਂ ਸਰਹੱਦਾਂ 'ਤੇ ਰੋਕਿਆ ਗਿਆ ਸੀ। ਕੋਵਿਡ-19 ਤੋਂ ਬਾਅਦ, ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। 2020-21 ਵਿੱਚ 30,662 ਭਾਰਤੀ ਫੜੇ ਗਏ ਸਨ, ਪਰ 2023-24 ਵਿੱਚ ਇਹ ਅੰਕੜਾ ਵੱਧ ਕੇ 90,415 ਹੋ ਗਿਆ। ਇਸ ਦੇ ਬਾਵਜੂਦ ਅਮਰੀਕਾ ਦੇ ਡਾਲਰ ਦੀ ਮਜ਼ਬੂਤੀ ਅਤੇ ਅਮਰੀਕਾ ਵਿੱਚ ਨਾਗਰਿਕਾਂ ਨੂੰ ਮਿਲਦੀਆਂ ਉੱਚ ਪੱਧਰ ਦੀਆਂ ਸਹੂਲਤਾਂ ਹੋਰਨਾਂ ਦੇਸ਼ਾਂ ਦੇ ਪਰਵਾਸੀਆਂ ਨੂੰ ਅਮਰੀਕਾ ਵੱਲ ਖਿੱਚ ਰਹੀ ਹੈ। ਪੰਜਾਬੀਆਂ ਸਮੇਤ ਵੱਡੀ ਗਿਣਤੀ ਭਾਰਤੀ ਅਜੇ ਵੀ ਅਮਰੀਕਾ

ਜਾਣ ਲਈ ਤਰਲੋਮੱਛੀ ਹੋ ਰਹੇ ਹਨ ਅਤੇ ਉਹਨਾਂ ਨੂੰ ਆਸ ਹੈ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਉਹ ਅਮਰੀਕਾ ਪਹੁੰਚ ਜਾਣਗੇ। ਅਮਰੀਕਾ ਵਿੱਚ ਪਰਵਾਸੀ ਲੋਕਾਂ ਲਈ ਕੰਮ ਮਿਲਣਾ ਬਹੁਤ ਮੁਸ਼ਕਿਲ ਹੋ ਗਿਆ ਹੈ ਅਤੇ ਪਰਵਾਸੀ ਲੋਕਾਂ ਨੂੰ ਉਥੇ ਰਹਿਣਾ ਵੀ ਔਖਾ ਹੋ ਗਿਆ ਹੈ ਇਸ ਦੇ ਬਾਵਜੂਦ ਅਮਰੀਕੀ ਡਾਲਰ ਦੀ ਮਜ਼ਬੂਤੀ ਕਾਰਨ ਹੋਰਨਾਂ ਦੇਸ਼ਾਂ ਦੇ ਲੱਖਾਂ ਲੋਕ ਅਮਰੀਕਾ ਜਾਣ ਲਈ ਕਾਹਲੇ ਪਏ ਹੋਏ ਹਨ ਅਤੇ ਹਰ ਤਰੀਕਿਆਂ ਨਾਲ ਅਮਰੀਕਾ ਜਾਣਾ ਚਾਹੁੰਦੇ ਹਨ। ਇਹੋ ਕਾਰਨ ਹੈ ਕਿ ਅਮਰੀਕਾ ਦੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਅਮਰੀਕਾ ਲਈ ਡੰਕੀ ਲਗਾਉਣ ਦਾ ਰੁਝਾਨ ਜਾਰੀ ਹੈ ਅਤੇ ਪੰਜਾਬ ਤੋਂ ਵੀ ਅਨੇਕਾਂ ਨੌਜਵਾਨ ਡੰਕੀ ਰੂਟ ਰਾਹੀਂ ਅਮਰੀਕਾ ਜਾਣ ਦਾ ਯਤਨ ਕਰ ਰਹੇ ਹਨ। ਭਾਵੇਂ ਕਿ ਡੰਕੀ ਰੂਟ ਰਾਹੀਂ ਅਮਰੀਕਾ ਜਾਂਦਿਆਂ ਅਨੇਕਾਂ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ ਅਤੇ ਸਮੁੰਦਰੀ ਰਸਤੇ ਕਿਸ਼ਤੀਆਂ ਅਤੇ ਜਹਾਜ਼ਾਂ ਰਾਹੀਂ ਅਮਰੀਕਾ ਵੱਲ ਜਾਂਦੇ ਗ਼ੈਰ ਕਾਨੂੰਨੀ ਪਰਵਾਸੀਆਂ ਦੀਆਂ ਕਿਸ਼ਤੀਆਂ ਅਤੇ ਜਹਾਜ਼ ਹਾਦਸਿਆਂ ਦੇ ਸ਼ਿਕਾਰ ਵੀ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਅਨੇਕਾਂ ਗ਼ੈਰ ਕਾਨੂੰਨੀ ਪਰਵਾਸੀ ਮਾਰੇ ਜਾ ਚੁੱਕੇ ਹਨ ਪਰ ਇਸ ਦੇ ਬਾਵਜੂਦ ਅਮਰੀਕੀ ਡਾਲਰ ਦੀ ਖਿੱਚ ਹੀ ਏਨੀ ਹੈ ਕਿ ਵੱਖ -ਵੱਖ ਦੇਸ਼ਾਂ ਦੇ ਵੱਡੀ ਗਿਣਤੀ ਲੋਕ ਅਮਰੀਕਾ ਜਾਣ ਨੂੰ ਤਰਜੀਹ ਦਿੰਦੇ ਹਨ।

ਪੰਜਾਬੀਆਂ ਦਾ ਅਮਰੀਕਾ ਨਾਲ ਮੋਹ ਅਤੇ ਉਥੇ ਵਸਣ ਦੀ ਇੱਛਾ ਸਿਰਫ਼ ਆਰਥਿਕ ਸਥਿਰਤਾ ਤੱਕ ਸੀਮਿਤ ਨਹੀਂ ਹੈ। ਇਹ ਜੀਵਨ ਦੀ ਗੁਣਵੱਤਾ, ਬਿਹਤਰ ਸਿੱਖਿਆ ਅਤੇ ਸਿਹਤ ਸੇਵਾਵਾਂ ਦੀ ਖੋਜ ਦਾ ਵੀ ਪ੍ਰਤੀਕ ਹੈ। ਅਮਰੀਕਾ 'ਚ ਪੰਜਾਬੀ-ਅਮਰੀਕੀ ਭਾਈਚਾਰਾ ਉੱਚ ਆਮਦਨ, ਸੁਰੱਖਿਅਤ ਜੀਵਨ ਅਤੇ ਬਿਹਤਰ ਮੌਕੇ ਮਾਣਦਾ ਹੈ। ਇਹੋ ਕਾਰਨ ਹੈ ਕਿ ਪੰਜਾਬੀਆਂ ਵਿੱਚ ਅਮਰੀਕਾ ਦਾ ਮੋਹ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਅਮਰੀਕਾ ਦੇ ਸਖ਼ਤ ਕਾਨੂੰਨ ਵੀ ਦੂਜੇ ਦੇਸ਼ਾਂ ਤੋਂ ਅਮਰੀਕਾ ਵੱਲ ਹੁੰਦੇ ਪਰਵਾਸ ਨੂੰ ਰੋਕਣ ਵਿੱਚ ਅਸਮਰਥ ਸਾਬਤ ਹੋ ਰਹੇ ਹਨ ਅਤੇ ਡਾਲਰ ਦੀ ਮਜ਼ਬੂਤੀ ਦੁਨੀਆ ਭਰ ਦੇ ਪਰਵਾਸੀਆਂ ਨੂੰ ਅਮਰੀਕਾ ਜਾਣ ਲਈ ਖਿੱਚ ਪਾਉਂਦੀ ਰਹੇਗੀ।



ਵਿਕਸਿਤ ਭਾਰਤ ਦੇ ਸੰਕਲਪ ’ਚੋਂ ਕਿਸਾਨਾਂ ਨੂੰ ਪਿੱਛੇ ਰੱਖਣਾ ਹੋਵੇਗੀ .ਗਲਤ ਨੀਤੀ

ਡਾ. ਅੰਮ੍ਰਿਤ ਸਾਗਰ ਮਿੱਤਲ

ਜਦੋਂ ਭਾਰਤ 2047 ਤੱਕ ਇੱਕ ਵਿਕਸਿਤ ਰਾਸ਼ਟਰ ਬਣਨ ਦੇ ਉਤਸ਼ਾਹਪੂਰਨ ਟੀਚੇ ਨੂੰ ਨਿਰਧਾਰਿਤ ਕਰਦਾ ਹੈ ਤਾਂ ‘ਵਿਕਸਿਤ ਭਾਰਤ’ ਦੀ ਦ੍ਰਿਸ਼ਟੀ ਸਾਨੂੰ ਇੱਕ ਬਹੁਤ ਹੀ ਮਹੱਤਵਪੂਰਨ ਪ੍ਰਸ਼ਨ ਦੇ ਸਾਹਮਣੇ ਲਿਆ ਖੜ੍ਹਾ ਕਰਦੀ ਹੈ ਕਿ ਜਦੋਂ ਦੇਸ਼ ਆਪਣੀ ਆਜ਼ਾਦੀ ਦਾ ਸੌ ਸਾਲਾ ਜਸ਼ਨ ਮਨਾਏਗਾ, ਤਾਂ ਉਸ ਸਮੇਂ ਦੇਸ਼ ਦੇ ਅੰਨਦਾਤਿਆਂ (ਕਿਸਾਨਾਂ) ਦੀ ਸਮਾਜਿਕ ਤੇ ਆਰਥਿਕ ਹਾਲਤ ਕਿਹੋ ਜਿਹੀ ਹੋਵੇਗੀ ? ਪਹਿਲੀ ਜਨਵਰੀ 2026 ਤੋਂ ਲਾਗੂ ਹੋਣ ਜਾ ਰਹੇ ਆਉਣ ਵਾਲੇ 8ਵੇਂ ਤਨਖ਼ਾਹ ਕਮਿਸ਼ਨ ਦੇ ਅਨੁਮਾਨਿਤ ਵਾਧੇ ਨੂੰ ਦੇਖਣਾ ਹੋਵੇਗਾ, ਜੋ 7ਵੇਂ ਤਨਖ਼ਾਹ ਕਮਿਸ਼ਨ ਤਹਿਤ ਮੌਜੂਦਾ ਸ਼ੁਰੂਆਤੀ ਬੇਸਿਕ ਤਨਖ਼ਾਹ ਦੇ ਆਧਾਰ ’ਤੇ 18 ਹਜ਼ਾਰ ਤੋਂ ਵਧ ਕੇ 44,280 ਰੁਪਏ ਤੱਕ ਪਹੁੰਚ ਸਕਦੀ ਹੈ। ਜੇਕਰ ਇਸੇ ਦਰ ਨਾਲ ਵਾਧਾ ਜਾਰੀ ਰਹਿੰਦਾ ਹੈ ਤਾਂ 2047 ਤੱਕ ਇਕ ਸਰਕਾਰੀ ਕਰਮਚਾਰੀ ਦੀ ਸ਼ੁਰੂਆਤੀ ਮਾਸਿਕ ਕਮਾਈ 1,25,000 ਰੁਪਏ ਤੱਕ ਪਹੁੰਚ ਸਕਦੀ ਹੈ। ਹਰ ਕਮਿਸ਼ਨ ਦੇ ਲਾਗੂ ਹੋਣ ਨਾਲ ਸਰਕਾਰੀ ਕਰਮਚਾਰੀਆਂ ਦੀਆਂ ਤਨਖ਼ਾਹਾਂ ਤੇਜ਼ੀ ਨਾਲ ਵਧਦੀਆਂ ਹਨ, ਜੋ ਦੇਸ਼ ਦੀ ਮਜ਼ਬੂਤ ਆਰਥਿਕ ਸਥਿਤੀ ਤੇ ਜੀਵਨ ਮਿਆਰ ਵਿੱਚ ਸੁਧਾਰ ਨੂੰ ਦਰਸਾਉਂਦੀਆਂ ਹਨ। ਇਸ ਦੇ ਬਿਲਕੁਲ ਉਲਟ, ਇੱਕ ਆਮ ਭਾਰਤੀ ਕਿਸਾਨ ਦੀ ਆਮਦਨ ਬਹੁਤ ਮੰਦਗਤੀ ਨਾਲ ਵਧਦੀ ਹੈ। ਰਾਸ਼ਟਰੀ ਨਮੂਨਾ ਸਰਵੇਖਣ ਦਫ਼ਤਰ (ਐਨ.ਐੱਸ.ਐੱਸ.ਓ.) ਅਨੁਸਾਰ ਇੱਕ ਖੇਤੀਬਾੜੀ ਘਰ-ਪਰਿਵਾਰ ਦੀ ਔਸਤ ਮਾਸਿਕ ਆਮਦਨ ਸਿਰਫ਼ 10,218 ਰੁਪਏ ਹੈ, ਜੋ ਇੱਕ ਸਰਕਾਰੀ ਕਰਮਚਾਰੀ ਦੀ ਸ਼ੁਰੂਆਤੀ ਤਨਖ਼ਾਹ ਦਾ ਕਰੀਬ ਇੱਕ-ਚੌਥਾਈ ਹੈ। ਸਰਕਾਰੀ ਸੈਕਟਰ ਤੇ ਅਸੰਗਠਿਤ ਖੇਤੀਬਾੜੀ ਸੈਕਟਰ ਵਿਚਕਾਰ ਵਧ ਰਿਹਾ ਆਮਦਨ ਦਾ ਪਾੜਾ ਸਿਰਫ਼ ਆਰਥਿਕ ਮੁੱਦਾ ਨਹੀਂ ਹੈ; ਸਗੋਂ ਤੁਰੰਤ ਕਾਰਵਾਈ ਕਰਨ ਦੀ ਚਿਤਾਵਨੀ ਹੈ। ਜੇਕਰ ਇਹ ਪਾੜਾ ਹੁਣ ਭਰਿਆ ਨਾ ਗਿਆ ਤਾਂ ਦੇਸ਼ ਦੋ ਵੱਖ-ਵੱਖ ਹਕੀਕਤਾਂ ਸ਼ਹਿਰਾਂ ਦੇ ਚਮਕਦੇ ‘ਵਿਕਸਿਤ ਭਾਰਤ’ ਤੇ ਪਿੰਡਾਂ ਦੇ ਸੰਘਰਸ਼ ਕਰਦੇ ‘ਅਣਗੌਲੇ ਭਾਰਤ’ ਵਿੱਚ ਵੰਡਿਆ ਜਾਵੇਗਾ। ਇੱਕ ਅਜਿਹਾ ਦੇਸ਼ ਜੋ ਸ਼ਹਿਰਾਂ ’ਚ ਖੁਸ਼ਹਾਲ ਪਰ ਪਿੰਡਾਂ ’ਚ ਪਛੜਿਆ ਹੋਵੇਗਾ, ਉਸ ਨੂੰ ਸੱਚਮੁੱਚ ਵਿਕਸਿਤ ਕਿਹਾ ਜਾ ਸਕੇਗਾ।

ਉੱਭਰਦੀ ਆਰਥਿਕਤਾ ’ਚ ਖੇਤੀਬਾੜੀ ਪਛੜੀ

ਆਰਥਿਕ ਸਰਵੇਖਣ 2024 25 ਅਨੁਸਾਰ ਦੇਸ਼ ਦੇ 42 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਦੇਣ ਵਾਲੀ ਖੇਤੀਬਾੜੀ ਦਾ ਰਾਸ਼ਟਰੀ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ ਯੋਗਦਾਨ ਸਿਰਫ਼ 15 ਫ਼ੀਸਦੀ ਹੈ। ਖੇਤੀ ਉਤਪਾਦਕਤਾ ਦਾ ਠਹਿਰਾਅ ਤੇ ਮੁੱਲ ਪ੍ਰਾਪਤੀ ਦੀ ਘਾਟ ਖੇਤੀ ਖੇਤਰ ਨੂੰ ਪਿੱਛੇ ਰੱਖ ਰਹੀ ਹੈ। ਔਸਤ ਜ਼ਮੀਨ ਜੋਤਾਂ ਦੇ ਘਟ ਕੇ 1.08 ਹੈਕਟੇਅਰ ਰਹਿ ਜਾਣ ਨਾਲ ਉਤਪਾਦਨ ਤੇ ਆਧੁਨਿਕਤਾ ਦੋਵੇਂ ਪ੍ਰਭਾਵਿਤ ਹੋਏ ਹਨ। ਖੇਤੀਬਾੜੀ ਖੋਜ ਤੇ ਵਿਕਾਸ ਵਿਚ ਭਾਰਤ ਦਾ ਖਰਚਾ ਦੋ ਦਹਾਕਿਆਂ ਤੋਂ ਖੇਤੀ ਦੇ ਕੁੱਲ ਘਰੇਲੂ ਉਤਪਾਦ ਦਾ ਸਿਰਫ਼ 0.4 ਫ਼ੀਸਦੀ ਹੈ, ਜਦਕਿ ਇਜ਼ਰਾਇਲ, ਅਮਰੀਕਾ ਤੇ ਨੀਦਰਲੈਂਡ ਜਿਹੇ ਵਿਕਸਿਤ ਦੇਸ਼ ਖੇਤੀ ’ਤੇ 1 ਤੋਂ 3 ਫ਼ੀਸਦੀ ਤੱਕ ਖਰਚ ਕਰਦੇ ਹਨ। ਜੇ ਖੇਤੀਬਾੜੀ ’ਚ ਨਵੀਨਤਾ-ਅਧਾਰਿਤ ਉਤਪਾਦਨ ’ਚ ਤੇਜ਼ੀ ਨਾਲ ਵਾਧਾ ਨਾ ਹੋਇਆ ਤਾਂ ਕਿਸਾਨ ਦੀ ਆਮਦਨ ਨਾਲ ਸਿਰਫ਼ ਪਰਿਵਾਰ ਦਾ ਗੁਜ਼ਾਰਾ ਹੀ ਹੋ ਸਕੇਗਾ, ਪਰ ਹੋਰ ਖੇਤਰਾਂ ’ਚ ਆਰਥਿਕਤਾ ਤੇਜ਼ੀ ਨਾਲ ਅੱਗੇ ਵਧਦੀ ਰਹੇਗੀ।

ਸਹਾਇਤਾ ਤੋਂ ਉਤਪਾਦਕਤਾ ਵੱਲ

ਭਾਰਤ ਦੀ ਮੌਜੂਦਾ ਖੇਤੀਬਾੜੀ ਨੀਤੀ ਇਨਪੁੱਟ/ਨਿਵੇਸ਼ ਸਹਾਇਤਾ ’ਤੇ ਬਹੁਤ ਨਿਰਭਰ ਹੈ। ਇਸ ਸਮੇਂ ਖਾਦਾਂ, ਬਿਜਲੀ, ਸਿੰਚਾਈ, ਪੀ.ਐਮ.ਕਿਸਾਨ ਸਨਮਾਨ ਨਿਧੀ, ਪੀ.ਐਮ. ਫਸਲ ਬੀਮਾ ਯੋਜਨਾ ਅਤੇ ਖਰੀਦ ਕਾਰਜਾਂ ’ਤੇ ਸਾਲਾਨਾ 4 ਲੱਖ ਕਰੋੜ ਰੁਪਏ ਖਰਚੇ ਜਾਂਦੇ ਹਨ। ਪਰ ਇਹ ਸਭ ਉਪਰਾਲੇ ਲੰਬੇ ਸਮੇਂ ਦੀ ਉਤਪਾਦਕਤਾ ਤੇ ਟਿਕਾਊਪਣ ਨੂੰ ਯਕੀਨੀ ਬਣਾਉਣ ਲਈ ਨਾਕਾਫ਼ੀ ਹਨ। ਜੇ ਇਸ ਖਰਚੇ ਦਾ ਇੱਕ ਤਿਹਾਈ ਵੀ ਖੋਜ, ਮਾਰਗਦਰਸ਼ਨ ਸੇਵਾਵਾਂ ਤੇ ਬੁਨਿਆਦੀ ਢਾਂਚੇ ’ਤੇ ਖਰਚਿਆ ਜਾਵੇ ਤਾਂ ਇਸ ਨਾਲ ਵੱਡੇ ਆਰਥਿਕ ਲਾਭ ਮਿਲ ਸਕਦੇ ਹਨ। ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਬਜਾਏ ਪ੍ਰਭਾਵਸ਼ਾਲੀ ਪਾਣੀ ਪ੍ਰਬੰਧਨ ਪ੍ਰਣਾਲੀਆਂ ਦੀ ਲੋੜ ਹੈ।

ਤਕਨੀਕੀ ਛਾਲ: ਗੁੰਮ ਹੋਈ ਕ੍ਰਾਂਤੀ

ਦੁਨੀਆ ਦੇ ਖੇਤੀਬਾੜੀ ’ਚ ਮੋਹਰੀ ਦੇਸ਼ ਵਿੱਤੀ ਮਦਦ ਨਾਲ ਨਹੀਂ, ਸਗੋਂ ਵਿਗਿਆਨ, ਤਕਨਾਲੋਜੀ ਤੇ ਸੰਸਥਾਗਤ ਸੁਧਾਰਾਂ ਨਾਲ ਖੁਸ਼ਹਾਲ ਹੋਏ ਹਨ। ਇਜ਼ਰਾਈਲ ਨੇ ਘੱਟ ਵਰਖਾ ਵਾਲੇ ਵਾਤਾਵਰਣ ’ਚ ਵੀ ਸੂਖਮ ਸਿੰਚਾਈ ਤੇ ਪਾਣੀ ਬੱਚਤ ਤਕਨਾਲੋਜੀ ਨਾਲ ਵਿਸ਼ਵ ਦੀ ਅਗਵਾਈ ਕੀਤੀ ਹੈ। ਹਰਿਆਣਾ ਤੋਂ ਵੀ ਛੋਟਾ ਦੇਸ਼ ਨੀਦਰਲੈਂਡ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਖੇਤੀ ਨਿਰਯਾਤਕ ਦੇਸ਼ ਬਣ ਗਿਆ ਹੈ ਇਹ ਸਭ ਸਰਕਾਰੀ-ਨਿੱਜੀ ਖੋਜ, ਡਾਟਾ-ਅਧਾਰਿਤ ਖੇਤੀ ਤੇ ਆਧੁਨਿਕ ਗ੍ਰੀਨਹਾਊਸ ਤਕਨਾਲੋਜੀ ਨਾਲ ਸੰਭਵ ਹੋਇਆ ਹੈ। ਚੀਨ ਨੇ ਨਿਸ਼ਾਨਾਬੱਧ ਖੋਜ ਤੇ ਡਿਜੀਟਲ ਮਾਰਗਦਰਸ਼ਨ ਨਾਲ ਪਿੰਡਾਂ ਤੇ ਸ਼ਹਿਰਾਂ ਦਰਮਿਆਨ ਆਮਦਨ ਦਾ ਪਾੜਾ ਖ਼ਤਮ ਕਰ ਲਿਆ ਹੈ। ਭਾਰਤ ’ਚ ਵੀ ਖੇਤੀ-ਤਕਨਾਲੋਜੀ ਨਾਲ ਜੁੜੀਆਂ ਕੰਪਨੀਆਂ ਡਰੋਨ ਨਾਲ ਛਿੜਕਾਅ, ਮਿੱਟੀ ਨਕਸ਼ੇ, ਖੇਤ-ਲਾਜਿਸਟਿਕਸ ਤੇ ਡਿਜੀਟਲ ਬਾਜ਼ਾਰ ਇਕ ਨਵੀਂ ਦਿਸ਼ਾ ਨੂੰ ਦਰਸਾਉਂਦੀਆਂ ਹਨ। ਖੇਤੀ ਬੁਨਿਆਦੀ ਢਾਂਚਾ ਫੰਡ, ਖੇਤੀ ਲਈ ਡਿਜੀਟਲ ਤੇ ਡਰੋਨ ਯੋਜਨਾ ਅਹਿਮ ਪਹਿਲ ਹੈ ਪਰ ਨਾਕਾਫ਼ੀ ਹਨ। ਭਾਰਤ ਨੂੰ ਆਪਣੀ ਖੇਤੀ ਨੂੰ ਮੁੜ ਪਰਿਭਾਸ਼ਿਤ ਕਰਨ ਲਈ ਫ਼ੌਰੀ ਤੇ ਦ੍ਰਿੜ੍ਹ ਕਾਰਵਾਈ ਦੀ ਲੋੜ ਹੈ, ਨਹੀਂ ਤਾਂ ਕਿਸਾਨ ਹੋਰ ਪਿੱਛੇ ਰਹਿ ਜਾਣਗੇ। ਸਾਨੂੰ ਮੰਜ਼ਿਲ ਹਾਸਿਲ ਕਰਨ ਵਾਲੇ ਦੇਸ਼ਾਂ ਤੋਂ ਸਿੱਖਣ ਦੀ ਲੋੜ ਹੈ। ਜਪਾਨ ਨੇ 60ਵੇਂ ਦੇ ਦਹਾਕੇ ਵਿਚ ਪਿੰਡਾਂ ਦੇ ਵਿਕਾਸ ਦੀ ਦਿਸ਼ਾ-ਜਨਤਕ ਸਾਖਰਤਾ, ਗ੍ਰਾਮੀਣ ਸਹਿਕਾਰੀ ਕਮੇਟੀਆਂ ਤੇ ਮਕੈਨਿਕੀ ਖੇਤੀ ਨਾਲ ਕੀਤੀ ਸੀ। ਦੱਖਣ ਕੋਰੀਆ ਦੀ ‘ਨਵੇਂ ਪਿੰਡ ਮੁਹਿੰਮ’ ਨੇ 70 ਦੇ ਦਹਾਕੇ ਵਿੱਚ ਖੇਤੀ ਪਿੰਡਾਂ ਦੀ ਤਸਵੀਰ ਬਦਲ ਦਿੱਤੀ ਸੀ। ਸਾਡੇ ‘ਵਿਕਸਿਤ ਭਾਰਤ’ ਲਈ ਪਿੰਡ ਸਿਰਫ਼ ਲਾਭਪਾਤਰੀ ਨਹੀਂ, ਸਗੋਂ ਵਿਕਾਸ ਦੇ ਲਖਾਇਕ ਬਣ ਸਕਦੇ ਹਨ, ਕਿਸਾਨਾਂ ਦੀ ਆਮਦਨ ਵਧਾਉਣ ਲਈ ਸਥਿਰ ਨੀਤੀਆਂ ਦੀ ਲੋੜ ਹੈ।

ਪਿੰਡ ਉਤਪਾਦਕ ਲਈ ਨਵਾਂ ਸਮਝੌਤਾ

2047 ਤੱਕ ਭਾਰਤ ਦੇ ਕਰਮਚਾਰੀ ਵਰਗ ਦੇ ਵਧੇਰੇ ਜਵਾਨ ਹੋਣ ਤੇ ਸ਼ਹਿਰੀਆਂ ਦੇ ਡਿਜ਼ੀਟਲੀ ਸਾਖਰ ਹੋਣ ਦੀ ਉਮੀਦ ਹੈ। ਪਰ ਜਦੋਂ ਤੱਕ ਅਸੀਂ ਸੰਰਚਨਾਤਮਕ ਸੁਧਾਰਾਂ ਰਾਹੀਂ ਪਿੰਡਾਂ ਨੂੰ ਉਤਪਾਦਕ ਸਮਰੱਥ ਨਹੀਂ ਬਣਾਉਂਦੇਇਹ ਪਾੜਾ ਵਧਦਾ ਜਾਵੇਗਾ। 4 ਮੁੱਖ ਉਪਾਅ ਖੇਤੀਬਾੜੀ ਦ੍ਰਿਸ਼ ਨੂੰ ਬਦਲ ਸਕਦੇ ਹਨ:

1. ਰਾਸ਼ਟਰੀ ਫ਼ਸਲ ਨੁਕਸਾਨ ਮੁਆਵਜ਼ਾ ਯੋਜਨਾ: ਹੌਲੀ ਤੇ ਵਿਵਾਦਿਤ ਬੀਮੇ ਦੇ ਦਾਅਵਿਆਂ ’ਤੇ ਨਿਰਭਰ ਰਹਿਣ ਦੀ ਬਜਾਏ ਜ਼ਿਲ੍ਹਾ ਪੱਧਰ ’ਤੇ ਚਲਾਈ ਜਾਣ ਵਾਲੀ ਇਕ ਪਾਰਦਰਸ਼ੀ ਯੋਜਨਾ-ਆਧਾਰਿਤ ਮੁਆਵਜ਼ਾ ਪ੍ਰਣਾਲੀ ਹੜ੍ਹ, ਸੋਕੇ ਜਾਂ ਕੀੜਿਆਂ ਦੇ ਹਮਲੇ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਤੁਰੰਤ ਰਾਹਤ ਦੇ ਸਕਦੀ ਹੈ। ਪੀ.ਐਮ. ਫਸਲ ਬੀਮਾ ਯੋਜਨਾ ਸਿਰਫ਼ 5 ਕਰੋੜ ਕਿਸਾਨਾਂ ਨੂੰ ਬੀਮਾ ਪ੍ਰਦਾਨ ਕਰਦੀ ਹੈ, ਪਰ ਦਾਅਵਿਆਂ ਦੇ ਦੇਰ ਨਾਲ ਪ੍ਰੀਮੀਅਮ ਸਾਂਝੇਦਾਰੀ ’ਤੇ ਵਿਵਾਦਾਂ ਨੇ ਇਸ ਯੋਜਨਾ ’ਤੇ ਕਿਸਾਨਾਂ ਦੇ ਭਰੋਸੇ ਨੂੰ ਘਟਾਇਆ ਹੈ। ਇੱਕ ਸਮਰਪਿਤ ਮੁਆਵਜ਼ਾ ਪ੍ਰਣਾਲੀ ਇਸ ਭਰੋਸੇ ਨੂੰ ਮੁੜ ਬਹਾਲ ਕਰਕੇ ਸਮੇਂ ਸਿਰ ਮਦਦ ਨੂੰ ਯਕੀਨੀ ਬਣਾ ਸਕਦੀ ਹੈ।

2. ਖੇਤੀਬਾੜੀ ਖੋਜ ਵਿੱਚ ਨਿਵੇਸ਼-ਭਾਰਤ ਦਾ ਖੇਤੀਬਾੜੀ ਖੋਜ ਖਰਚਾ 2023 24 ਲਈ 9 ਹਜ਼ਾਰ ਕਰੋੜ ਰੁਪਏ ਸੀ, ਜੋ ਨਵੀਨਤਾ-ਆਧਾਰਿਤ ਵਿਕਾਸ ਨੂੰ ਬਣਾਈ ਰੱਖਣ ਲਈ ਲੋੜੀਂਦੇ ਰਕਮ ਦੇ ਅੱਧੇ ਤੋਂ ਵੀ ਘੱਟ ਹੈ। ਇਸ ਨਿਵੇਸ਼ ਨੂੰ ਖੇਤੀਬਾੜੀ ਘਰੇਲੂ ਉਤਪਾਦ ਦੇ ਘੱਟੋ-ਘੱਟ 1 ਫ਼ੀਸਦੀ ਤੱਕ ਵਧਾਉਣ ਨਾਲ ਸੋਕਾ-ਰੋਧੀ ਫ਼ਸਲਾਂ, ਜੈਵਿਕ-ਖਾਦਾਂ, ਮੌਸਮ ਆਧਾਰਿਤ ਬੀਜਾਂ ਤੇ ਕਟਾਈ ਬਾਅਦ ਦੀਆਂ ਤਕਨਾਲੋਜੀਆਂ ਵਿੱਚ ਅਸਰਦਾਰ ਪ੍ਰਗਤੀ ਕੀਤੀ ਜਾ ਸਕਦੀ ਹੈ।

3. ਸੰਸਥਾਗਤ ਤੇ ਬਾਜ਼ਾਰ ਸੁਧਾਰ- ਖਿੰਡਰੀ ਹੋਈ ਜ਼ਮੀਨੀ ਮਲਕੀਅਤ ਤੇ ਕਮਜ਼ੋਰ ਮੁੱਲ ਲੜੀਆਂ ਖੇਤੀ ਲਈ ਬੁਨਿਆਦੀ ਰੁਕਾਵਟਾਂ ਹਨ। (ਬਾਕੀ ਸਫ਼ਾ 27 ’ਤੇ)

ਖੇਤੀ ਦੇ ਵਿਕਾਸ ਲਈ ਜੈਵਿਕ ਖਾਦਾਂ ਦੀ ਵਰਤੋਂ ਹੋਵੇ

ਡਾ.ਸ.ਸ. ਛੀਨਾ

ਕਿਸਾਨੀ ਪ੍ਰੇਸ਼ਾਨੀਆਂ ਵਧਣ ਦਾ ਵੱਡਾ ਕਾਰਨ ਦਿਨੋ-ਦਿਨ ਕਿਸਾਨੀ ਕਰਜ਼ੇ ਵਧਣਾ, ਹੜਤਾਲਾਂ, ਮੁਜ਼ਾਹਰੇ ਤੇ ਆਮਦਨ ਤੇ ਖਰਚ ਵਿੱਚ ਵਧਦਾ ਪਾੜਾ ਹੈ । ਖੇਤੀ ਖੋਜ ਵਿੱਚ ਵੱਡੀ ਵਜ੍ਹਾ ਸਾਹਮਣੇ ਆਈ ਹੈ ਕਿ ਕਿਸਾਨ ਦੇ ਹਿੱਸੇ ਦੀ ਵਾਹੀਯੋਗ ਜ਼ਮੀਨ ਭਾਵ ਖੇਤੀ/ਜੋਤਾਂ ਦੇ ਆਕਾਰ ਛੋਟੇ ਹੁੰਦੇ ਜਾ ਰਹੇ ਹਨ ਤੇ ਰਸਾਇਣਾਂ/ਖਾਦਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਪ੍ਰਸਿੱਧ ਅਰਥ ਸ਼ਾਸਤਰੀ ਡਾਕਟਰ ਜੀ.ਐੱਸ. ਭੱਲਾ ਨੇ 2007 ਵਿੱਚ ਖੋਜ ਕਰਕੇ ਇੱਕ ਪੁਸਤਕ ‘ਭਾਰਤ ਦੀ ਖੇਤੀ ਸੁਤੰਤਰਤਾ ਤੋਂ ਬਾਅਦ’ ਲਿਖੀ ਸੀ, ਜਿਸ ਵਿੱਚ ਉਨ੍ਹਾਂ ਸਿੱਟਾ ਕੱਢਿਆ ਸੀ ਕਿ ਜਿਹੜੀ ਜੋਤ 15 ਏਕੜ ਤੋਂ ਘੱਟ ਹੈ ਉਹ ਕਿਫਾਇਤੀ ਜੋਤ ਨਹੀਂ ਅਤੇ ਕਿਸਾਨ ਉਸ ਜੋਤ ਦੀ ਆਮਦਨ ਨਾਲ ਆਪਣੇ ਘਰ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦਾ, ਪਰ ਦੇਸ਼ ਭਰ ਦੀਆਂ 95 ਫ਼ੀਸਦੀ ਜੋਤਾਂ 15 ਏਕੜ ਤੋਂ ਘੱਟ ਹਨ। 1960 ਤੋਂ ਬਾਅਦ ਲਗਾਤਾਰ ਸੰਘਣੀ ਖੇਤੀ ਰਸਾਇਣਾਂ ਦੀ ਵਰਤੋਂ ’ਤੇ ਨਿਰਭਰ ਹੈ, ਖੇਤੀ ’ਤੇ ਘੱਟ ਪ੍ਰਾਪਤੀਆਂ ਦਾ ਨਿਯਮ ਲਾਗੂ ਹੁੰਦਾ ਹੈ, ਮਤਲਬ ਰਸਾਇਣਕ ਖਾਦ ਦੀ ਪਹਿਲੀ ਬੋਰੀ ਨਾਲ ਜਿੰਨੀ ਉਪਜ ਵਧਦੀ ਹੈ ਦੂਸਰੀ ਨਾਲ ਓਨੀ ਨਹੀਂ ਵਧਦੀ ਹੈ। ਮੰਨ ਲਓ ਇੱਕ ਖੇਤ ਵਿੱਚ 6 ਬੋਰੀਆਂ ਖਾਦ ਪਾਈ ਗਈ ਤਾਂ ਅਗਲੇ ਸਾਲ 7 ਫਿਰ 8 ਅਤੇ ਹੋਰ ਵਧਦੀ ਜਾਵੇਗੀ, ਪਰ ਧਰਤੀ ਦੀ ਉਪਜਾਊ ਸ਼ਕਤੀ ਹੋਰ ਵਧਣ ਦੀ ਬਜਾਏ ਘਟਦੀ ਜਾਂਦੀ ਹੈ। ਮੈਨੂੰ 2009-10 ’ਚ ਇੰਡੀਅਨ ਕੌਂਸਿਲ ਆਫ ਸੋਸ਼ਲ ਸਾਇੰਸ ਰਿਸਰਚ ਸੈਂਟਰ ਨਵੀਂ ਦਿੱਲੀ ਵਲੋਂ ‘ਜੈਵਿਕ ਖੇਤੀ ਤੇ ਰਸਾਇਣਕ ਖੇਤੀ ਦੀ ਆਰਥਿਕਤਾ ਦਾ ਮੁੱਲਾਂਕਣ’ ਵਿਸ਼ੇ ਬਾਰੇ ਇੱਕ ਪ੍ਰੋਜੈਕਟ ਦਿੱਤਾ ਗਿਆ ਸੀ, ਜਿਸ ਦੀ ਖੋਜ ਲਈ ਮੈਂ ਦੋ ਫਾਰਮ ਇੱਕ ਪਿੰਗਲਵਾੜਾ ਸੰਸਥਾ ਅੰਮਿਤਸਰ ਵੱਲੋਂ ਚਲਾਇਆ ਜਾਂਦਾ ਧੀਰੇਕੋਟ ਪਿੰਡ ਦਾ ਫਾਰਮ ਅਤੇ ਇੱਕ ਭੋਗਪੁਰ ਦੇ ਨਜ਼ਦੀਕ ਪਿੰਡ ਦੇ ਫਾਰਮ ਨੂੰ ਲਿਆ। ਇਹ ਦੋਵੇਂ ਫਾਰਮ ਰਸਾਇਣ ਫਾਰਮਾਂ ਦੇ ਮੁਕਾਬਲੇ ਕਾਫੀ ਜ਼ਿਆਦਾ ਉਪਜ ਲੈ ਰਹੇ ਸਨ, ਜਦਕਿ ਇਨ੍ਹਾਂ ਦਾ ਰਸਾਇਣਕ ਖਾਦਾਂ ’ਤੇ ਕੋਈ ਖਰਚ ਨਹੀਂ ਸੀ। ਭੋਗਪੁਰ ਵਾਲੇ ਫਾਰਮ ਦੀ ਵਿਲੱਖਣ ਗੱਲ ਇਹ ਸੀ ਕਿ ਉਹ ਆਲੂਆਂ ਦੀ 150 ਕੁਇੰਟਲ ਪ੍ਰਤੀ ਏਕੜ ਉਪਜ ਦਿੰਦਾ ਸੀ, ਜਦਕਿ ਰਸਾਇਣਕ ਫਾਰਮਾਂ ਵਿੱਚ ਉਪਜ 100 ਕੁ ਕੁਇੰਟਲ ਪ੍ਰਤੀ ਏਕੜ ਹੀ ਹੁੰਦੀ ਹੈ। ਇਸੇ ਤਰ੍ਹਾਂ ਉਹ ਗੰਨੇ ਦੀ 450 ਕੁਇੰਟਲ ਪ੍ਰਤੀ ਏਕੜ ਉਪਜ ਸੀ, ਜਦੋਂ ਕਿ ਰਸਾਇਣਕ ਫਾਰਮਾਂ ਦੀ ਉਸ ਸਮੇਂ 300 ਕੁ ਕੁਇੰਟਲ ਪ੍ਰਤੀ ਏਕੜ ਉਪਜ ਹੁੰਦੀ ਸੀ। ਇਸ ਫਾਰਮ ਵਾਲੇ ਖੇਤਾਂ ਵਿੱਚ ਮੁਰਗੀਆਂ ਦੀਆਂ ਵਿੱਠਾਂ ਦੀ ਖਾਦ ਪਾਉਂਦੇ ਸਨ, ਇਸ ਗੱਲ ਨੇ ਮੈਨੂੰ ਬਹੁਤ ਉਤਸ਼ਾਹਿਤ ਕੀਤਾ ਤਾਂ ਮੈਂ ਇਹ ਗੱਲ ਦੱਸਣ ਲਈ ਉਚੇਚਾ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਦੇ ਡਾਇਰੈਕਟਰ ਐਕਸਟੈਂਸ਼ਨ ਨੂੰ ਮਿਲਿਆ। ਪਰ ਉਸ ਦਾ ਕਹਿਣਾ ਸੀ ਕਿ ਮੁਰਗੀਆਂ ਦੀ ਖਾਦ ਵਾਲੀ ਉਪਜ ਜੈਵਿਕ ਨਹੀਂ ਰਹਿ ਜਾਂਦੀ, ਕਿਉਂਕਿ ਉਨ੍ਹਾਂ ਨੂੰ ਟੀਕੇ ਲੱਗਦੇ ਹਨ ਪਰ, ਅਜਿਹੇ ਟੀਕੇ ਤਾਂ ਮੱਝਾਂ, ਗਊਆਂ ਨੂੰ ਵੀ ਲੱਗਦੇ ਹਨ।

ਪਰ ਇਸ ਸੰਬੰਧੀ ਕੋਈ ਖੋਜ ਸਾਹਮਣੇ ਨਹੀਂ ਆਈ ਕਿ ਜਿਸ ਵਿੱਚ ਇਹ ਸਾਬਤ ਹੁੰਦਾ ਹੋਵੇ ਕਿ ਮੁਰਗੀਆਂ ਦੀ ਖਾਦ 4-5 ਮਹੀਨੇ ਬਾਅਦ ਵਰਤਣ ’ਤੇ ਉਨ੍ਹਾਂ ਵਿੱਚ ਟੀਕਿਆਂ ਦੀ ਰਸਾਇਣ ਰਹਿ ਜਾਂਦੀ ਹੋਵੇ ਅਤੇ ਨਾ ਹੀ ਮੱਝਾਂ, ਗਊਆਂ ਦੇ ਗੋਹੇ ਦੀ ਖਾਦ ਬਾਰੇ ਅਜਿਹੀ ਕੋਈ ਖੋਜ ਆਮ ਲੋਕਾਂ ਦੇ ਸਾਹਮਣੇ ਆਈ ਹੈ। ਜੇ ਰਹਿ ਵੀ ਜਾਂਦੀ ਹੋਵੇਗੀ ਤਾਂ ਉਹ ਖਾਦ ਦੇ ਬਰਾਬਰ ਘਾਤਕ ਨਹੀਂ ਹੋਵੇਗੀ। ਜੈਵਿਕ ਖੇਤੀ ਸੰਬੰਧੀ ਹੋਰ ਸ਼ੰਕਾਵਾਂ ਨੂੰ ਦੂਰ ਕਰਨ ਲਈ ਖੇਤੀ ਖੋਜ ਕੇਂਦਰਾਂ ਤੇ ਯੂਨੀਵਰਸਿਟੀਆਂ ਨੂੰ ਖੋਜ ਕਰਨੀ ਚਾਹੀਦੀ ਹੈ। ਇਹ ਖੋਜ ਵੀ ਹੋਣੀ ਚਾਹੀਦੀ ਹੈ ਕਿ ਜੈਵਿਕ ਵਸਤੂਆਂ ਨਾਲ ਤਿਆਰ ਅਜਿਹੀ ਖਾਦ ਬਣਾਈ ਜਾਵੇ, ਜੋ ਰਸਾਇਣਕ ਖਾਦ ਤੋਂ ਜ਼ਿਆਦਾ ਉਪਜ ਦੇਣ ਯੋਗ ਹੋਵੇ। ਭਾਵੇਂ ਜੈਵਿਕ ਖਾਦਾਂ ਤਾਂ ਮਿਲਦੀਆਂ ਹਨ ਪਰ ਉਨ੍ਹਾਂ ਬਾਰੇ ਪ੍ਰਚਾਰ ਨਹੀਂ ਹੋ ਰਿਹਾ, ਜਿਸ ਦੀ ਬਹੁਤ ਲੋੜ ਹੈ, ਕਿਉਂਕਿ ਖੇਤੀ ਨੂੰ ਉਨ੍ਹਾਂ ਰਸਾਇਣ ਤੋਂ ਮੁਕਤ ਕਰਵਾਉਣ ਦੀ ਲੋੜ ਹੈ ਜੋ ਭੂਮੀ ਦੀ ਸ਼ਕਤੀ ਨੂੰ ਘਟਾ ਰਹੇ ਹਨ। ਬਹੁਤੇ ਰਸਾਇਣ ਪੰਜਾਬ ਤੇ ਹਰਿਆਣਾ ਜਿਹੇ ਪਾਣੀ ਦੀ ਬਹੁਤਾਤ ਵਾਲੇ ਸੂਬਿਆਂ ਵਿੱਚ ਵਰਤੇ ਜਾਂਦੇ ਹਨ, ਜਿੱਥੇ ਪਾਣੀ ਦਾ ਪੱਧਰ ਨੀਂਵਾ ਹੁੰਦਾ ਜਾ ਰਿਹਾ ਹੈ ਅਤੇ ਕਈ ਥਾਵਾਂ ’ਤੇ ਤਾਂ ਪਾਣੀ ਪੀਣ ਯੋਗ ਵੀ ਨਹੀਂ ਰਿਹਾ। ਪਾਣੀ ਸੰਬੰਧੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਪਾਣੀ ਦੀ ਸਤ੍ਹਾ ਦੀਆਂ ਤਿੰਨ ਪੱਧਰਾਂ ਹਨ, ਇੱਕ ਉਹ ਪੱਧਰ ਸੀ ਜਦੋਂ ਪੰਜਾਬ ਵਿੱਚ ਪਾਣੀ 8-10 ਫੁੱਟ ਡੂੰਘਾਈ ’ਤੇ ਮਿਲ ਜਾਂਦਾ ਸੀ। ਹੁਣ ਜਦੋਂ ਇਹ ਪਹਿਲੀ ਪੱਧਰ ਖ਼ਤਮ ਹੋ ਗਈ ਤਾਂ ਦੂਸਰੀ ਪੱਧਰ ਤੋਂ ਪਾਣੀ ਕੱਢਣ ਲਈ ਜ਼ਮੀਨ ਵਿੱਚ ਡੂੰਘੇ ਬੋਰ ਕਰਨੇ ਪਏ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਮੋਟਰਾਂ ਨਾਲ ਪਾਣੀ ਕੱਢਦੇ ਜਾਣ ਨਾਲ ਪਾਣੀ ਦੀ ਦੂਸਰੀ ਪੱਧਰ ਵੀ ਖ਼ਤਮ ਹੋ ਗਈ ਹੈ। ਹੁਣ ਪੰਜਾਬ ਤੇ ਹਰਿਆਣਾ ਵਿੱਚ ਪਾਣੀ ਦੀ ਤੀਸਰੀ ਪੱਧਰ ਤੋਂ ਡੂੰਘੇ ਸਬਮਰਸੀਬਲ ਪੰਪਾਂ ਨਾਲ ਪਾਣੀ ਕੱਢਿਆ ਜਾ ਰਿਹਾ ਹੈ, ਪਰ ਜਦੋਂ ਇਸ ਪੱਧਰ ਤੋਂ ਵੀ ਪਾਣੀ ਖ਼ਤਮ ਹੋ ਗਿਆ ਤਾਂ ਫਿਰ ਕੀ ਬਣੇਗਾ ? ਇਹ ਸੋਚ ਕੇ ਵੀ ਡਰ ਲੱਗਦਾ ਹੈ ਜੈਵਿਕ ਖੋਜ ਨਾਲ ਜੁੜਿਆ ਇੱਕ ਹੋਰ ਵਿਸ਼ਾ-ਦਾਲਾਂ ਤੇ ਤੇਲ ਬੀਜਾਂ ਦੀ ਖੇਤੀ ਬਾਰੇ ਹੈ, ਜਿਸ ਲਈ ਭਾਰਤ ਵਿਦੇਸ਼ਾਂ ’ਤੇ ਨਿਰਭਰ ਹੈ ਤੇ ਹਰ ਸਾਲ ਲੱਖਾਂ ਕਰੋੜਾਂ ਰੁਪਏ ਦੀ ਦਰਾਮਦ ਕਰਦਾ ਹੈ। ਦਾਲਾਂ ਤੇ ਤੇਲ ਬੀਜ ਦੋਹਾਂ ਵਿੱਚ ਰਸਾਇਣ ਵੀ ਘੱਟ ਵਰਤੇ ਜਾਂਦੇ ਹਨ ਤੇ ਪਾਣੀ ਦੀ ਲੋੜ ਵੀ ਘੱਟ ਪੈਂਦੀ ਹੈ। ਪਰ ਫ਼ਸਲੀ ਚੱਕਰ ਬਹੁਤ ਸੀਮਤ ਹੋ ਗਿਆ ਹੈ, ਜਿਵੇਂ ਪੰਜਾਬ ਤੇ ਹਰਿਆਣਾ ਸਿਰਫ਼ ਕਣਕ ਝੋਨੇ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ, ਜਦਕਿ ਇੱਥੇ ਹਰ ਤਰ੍ਹਾਂ ਦੀਆਂ ਫ਼ਸਲਾਂ ਦੀ ਉਪਜ ਬੜੀ ਆਸਾਨੀ ਨਾਲ ਹੋ ਸਕਦੀ ਹੈ। ਇਸੇ ਤਰ੍ਹਾਂ ਹੀ ਭਾਰਤ ਦੇ ਹੋਰ ਪ੍ਰਾਂਤਾਂ ਵਿੱਚ ਵੀ ਇਹ ਫ਼ਸਲਾਂ ਪਤਾ ਨਹੀਂ, ਕਿਉਂ ਨਹੀਂ ਬੀਜੀਆਂ ਜਾਂਦੀਆਂ। ਸ਼ਾਇਦ ਇੱਕ ਹੀ ਵੱਡਾ ਕਾਰਨ ਇਨ੍ਹਾਂ ਦੇ ਮੰਡੀਕਰਨ ਦੀ ਬੇਯਕੀਨੀ ਹੈ, ਇਸ ਬੇਯਕੀਨੀ ਨੂੰ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਦੂਰ ਕਰਨਾ ਚਾਹੀਦਾ ਹੈ, ਤਾਂ ਜੋ ਖੇਤੀ ਪ੍ਰਧਾਨ ਦੇਸ਼ ਆਤਮ-ਨਿਰਭਰ ਹੋ ਸਕੇ। ਦਾਲਾਂ ਤੇ ਤੇਲ ਬੀਜਾਂ ਦੀ ਖੇਤੀ ਲਈ ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ ਵੀ ਨਹੀਂ ਹੁੰਦੀ। ਇਹ ਵਿਸ਼ਾ ਵੀ ਖੋਜ ਦੀ ਮੰਗ ਕਰਦਾ ਹੈ ਕਿ ਉਹ ਹੋਰ ਕਿਹੜੀਆਂ ਫ਼ਸਲਾਂ ਹਨ, ਜਿਨ੍ਹਾਂ ਲਈ ਸੀਮਤ ਰਸਾਇਣ ਵਰਤ ਕੇ ਜਾਂ ਉਨ੍ਹਾਂ ਦੇ ਬਦਲ ਵਜੋਂ ਜੈਵਿਕ ਖਾਦ ਦੀ ਵਰਤੋਂ ਨਾਲ ਉਨੀ ਹੀ ਫ਼ਸਲ ਦੀ ਉਪਜ ਲਈ ਜਾ ਸਕਦੀ ਹੋਵੇ। ਖੋਜ ਦਾ ਮੁੱਖ ਕੇਂਦਰ ਰਸਾਇਣਕ ਖਾਦਾਂ ਦੇ ਬਰਾਬਰ ਜੈਵਿਕ ਖਾਦਾਂ ਬਣਾਉਣੀਆਂ ਤੇ ਜਿਹੜੀਆਂ ਫ਼ਸਲਾਂ ਬੀਜੀਆਂ ਨਹੀਂ ਜਾਂਦੀਆਂ ਉਨ੍ਹਾਂ ਲਈ ਪਹਿਲ ਕਰਨਾ ਹੈ। (ਬਾਕੀ ਸਫ਼ਾ 27 ’ਤੇ)

ਸਾਡੇ ਕੋਲ ਇੱਕ ਹੀ ਧਰਤੀ ਹੈ...

ਡਾ. ਸ਼ਿਆਮ ਸੁੰਦਰ ਦੀਪਤੀ

ਧਰਤੀ ਨੂੰ ਹੋਂਦ ਵਿੱਚ ਆਏ ਕਈ ਲੱਖ ਸਾਲ ਹੋ ਗਏ। ਲੱਖਾਂ ਸਾਲ ਹੋਣ ਨੂੰ ਆਏ, ਇਸ ਧਰਤੀ 'ਤੇ ਜੀਵਾਂ ਦੀ ਹੋਂਦ ਬਣੀ, ਵਿਕਸਤ ਹੋਈ। ਮਨੁੱਖੀ ਜੀਵਨ ਦੀ ਸ਼ੁਰੂਆਤ ਹੋਏ ਨੂੰ ਵੀ ਕਈ ਹਜ਼ਾਰਾਂ ਸਾਲ ਹੋ ਗਏ। ਮਨੁੱਖ ਨੂੰ ਸਮਾਜ ਬਣਾ ਕੇ, ਮਿਲ ਕੇ ਰਹਿਣ ਨੂੰ ਵੀ ਹਜ਼ਾਰਾਂ ਸਾਲ ਹੋ ਗਏ ਹਨ। ਮਨੁੱਖ ਨੇ ਇਸ ਧਰਤੀ ਦੇ ਪੈਦਾਵਾਰੀ ਅਮਲ ਨੂੰ ਜਾਣਿਆ ਤੇ ਸਮਝਿਆ ਅਤੇ ਖ਼ੁਦ ਇਹ ਕਾਰਜ ਕਰ ਕੇ ਖ਼ੁਦ ਨੂੰ ਕੁਦਰਤ ਦੇ ਹਾਣ ਦਾ ਕੀਤਾ। ਕਈ ਸਾਲਾਂ ਤੋਂ ਇਸ ਧਰਤੀ, ਇਸ ਮਨੁੱਖ ਦੇ ਜੀਵਨ, ਉਸ ਦੇ ਉਦੇਸ਼ਾਂ ਨੂੰ ਲੈ ਕੇ ਬੁੱਧੀਜੀਵੀਆਂ, ਦਾਰਸ਼ਨਿਕਾਂ ਨੇ ਗ੍ਰੰਥ ਰਚੇ। ਜਦੋਂ ਅਸੀਂ ਵਿਸ਼ਵ ਯੁੱਧਾਂ ਵਿੱਚ ਤਬਾਹੀ ਦੇਖੀ; ਸਾਡੇ ਸਾਹਮਣੇ ਹੀ ਯੂਐੱਨਓ ਬਣੀ ਅਤੇ ਅਸੀਂ ਮਨੁੱਖੀ ਜੀਵਨ ਦਾ ਘਾਣ ਹੁੰਦੇ ਮਾਹੌਲ ਦੇ ਗਵਾਹ ਬਣੇ।

ਇਸੇ ਯੂਐੱਨਓ ਤਹਿਤ ਪੰਜਾਹ ਸਾਲ ਪਹਿਲਾਂ 1972 ਵਿੱਚ ਵਾਤਾਵਰਣ ਦੀ ਹਾਲਤ ਬਾਰੇ ਸਟਾਕਹੋਮ (ਸਵੀਡਨ) ਵਿੱਚ ਕਾਨਫਰੰਸ ਹੋਈ। ਵਾਤਾਵਰਣ ਦੀ ਫ਼ਿਕਰ ਨੂੰ ਲੈ ਕੇ ਬਣੀ ਸੰਸਥਾ ਨੇ ਇਸ ਸਾਲ ਵਾਤਾਵਰਣ ਦਿਵਸ ਮੌਕੇ ਇਹ ਨੁਕਤਾ ਉਭਾਰਿਆ ਹੈ: ਸਾਡੇ ਕੋਲ ਇਕ ਹੀ ਧਰਤੀ ਹੈ। ਇਹ ਗੱਲ ਸਮਝਣ ਅਤੇ ਉਭਾਰਨ ਵਿੱਚ ਇੰਨੇ ਸਾਲ ਲੱਗ ਗਏ ਜਾਂ ਕੁਝ ਕੁ ਲਾਲਚੀ ਅਨਸਰਾਂ ਨੇ ਜਾਣਬੁੱਝ ਕੇ ਇਸ ਵੱਲ ਧਿਆਨ ਨਹੀਂ ਦੇਣ ਦਿੱਤਾ ਜਾਂ ਜਿਸ ਕਿਸੇ ਨੇ ਧਿਆਨ ਦਿਵਾਉਣ ਦਾ ਯਤਨ ਵੀ ਕੀਤਾ, ਉਸ ਦੀ ਆਵਾਜ਼ ਦਬਾ ਦਿੱਤੀ ਗਈ।

ਸਟਾਕਹੋਮ ਵਿੱਚ 2003 ਵਿੱਚ ਜਨਮੀ ਬੱਚੀ ਗਰੇਟਾ ਥਨਬਰਗ ਅਜੇ ਸਕੂਲ ਵਿੱਚ ਪੜ੍ਹਦੀ ਸੀ ਕਿ ਆਪਣੇ ਸਾਥੀਆਂ ਨਾਲ ਸੜਕਾਂ 'ਤੇ ਉੱਤਰ ਆਈ। ਉਸ ਨੇ ਮੁਹਿੰਮ ਵਿੱਢੀ: ਫਰਾਈਡੇ ਫਾਰ ਫਿਊਚਰ – ਭਵਿੱਖ ਲਈ ਸ਼ੁੱਕਰਵਾਰ। ਦੁਨੀਆ ਭਰ ਦੇ ਲੋਕਾਂ ਨੇ ਇਸ ਵੱਲ ਧਿਆਨ ਦਿੱਤਾ। ਇਸ ਲੜਕੀ ਦੀ ਆਵਾਜ਼ ਯੂਐੱਨਓ ਤੋਂ ਵੱਧ ਵੀ ਵਾਤਾਵਰਣ ਪ੍ਰੇਮੀਆਂ ਤੱਕ ਪਹੁੰਚੀ।

ਉਸ ਨੂੰ ਕਿਹਾ ਗਿਆ– ਤੂੰ ਵਿਦਿਆਰਥਣ ਹੈਂ, ਤੇਰੇ ਪੜ੍ਹਾਈ ਦੇ ਦਿਨ ਨੇ; ਪੜ੍ਹ, ਆਪਣਾ ਕੈਰੀਅਰ ਬਣਾ। ਉਸ ਦਾ ਜਵਾਬ ਸੀ– ਪੜ੍ਹ ਕੇ, ਕੈਰੀਅਰ ਬਣਾ ਕੇ ਕੀ ਕਰਨਾ ਹੈ, ਜਦੋਂ ਇਹ ਧਰਤੀ ਹੀ ਨਹੀਂ ਰਹਿਣੀ। ਇਸ ਦੀ ਉਮਰ ਹੁਣ ਕੁਝ ਕੁ ਸਾਲ ਹੀ ਹੈ। ਹੁਣ ਧਰਤੀ ਬਚਾਉਣੀ ਜ਼ਰੂਰੀ ਹੈ, ਨਾ ਕਿ ਕੈਰੀਅਰ ਜਾਂ ਪੜ੍ਹਾਈ।

ਉਂਝ ਕੱਲ੍ਹ ਵਾਲਾ ਵਿਕਾਸ, ਵਾਤਾਵਰਣ ਦੀ ਬਰਬਾਦੀ ਕਰ ਰਿਹਾ ਹੈ। ਇੱਥੇ ਉਸ ਬੱਚੀ ਵਾਲੀ ਸੋਚ ਚਾਹੀਦੀ ਹੈ, ਕੋਈ ਉੱਠ ਕੇ ਕਹੇ– ਅਜਿਹੇ ਵਿਕਾਸ ਦਾ ਕਰਨਾ ਹੀ ਕੀ ਹੈ ਜੋ ਸਾਡੇ ਜੀਵਨ ਲਈ ਖ਼ਤਰਾ ਬਣ ਰਿਹਾ ਹੋਵੇ। ਦਰਅਸਲ, ਦੁਨੀਆ ਭਰ ਦੇ ਜੋ ਵੀ ਦੇਸ਼ ਵਾਤਾਵਰਣ ਨਾਲ ਸਬੰਧਿਤ ਸੰਮੇਲਨਾਂ ਵਿੱਚ ਹਿੱਸਾ ਲੈਂਦੇ ਹਨ, ਉਹ ਸਰਮਾਏਦਾਰੀ ਅਤੇ ਸਨਅਤ ਨੂੰ ਸਾਹਮਣੇ ਰੱਖ ਕੇ ਫੈਸਲੇ ਕਰਦੇ ਹਨ। ਸਨਅਤੀ ਵਿਕਾਸ ਨੂੰ ਹੀ ਵਿਕਾਸ ਦਾ ਪੈਮਾਨਾ ਮੰਨਿਆ ਜਾਂਦਾ ਹੈ। ਇਸੇ ਨੂੰ ਜੀਡੀਪੀ, ਦੇਸ਼ ਵਿੱਚ ਹੋ ਰਹੇ ਆਰਥਿਕ ਵਾਧੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਸੇ ਵਿੱਚੋਂ ਹੀ ਵਾਤਾਵਰਣ ਵਿਗਿਆਨੀਆਂ ਨੇ ਇਹ ਗੱਲ ਉਭਾਰੀ ਕਿ ਵਿਕਾਸ ਨੂੰ ਵਾਤਾਵਰਣ ਦੇ ਟਿਕਾਊ ਪ੍ਰਸੰਗ ਵਿੱਚ ਲਿਆ ਜਾਵੇ। ਸਨਅਤ ਨਾਲ ਵਾਤਾਵਰਣ ਦੇ ਹੋ ਰਹੇ ਨੁਕਸਾਨ ਨੂੰ ਵਾਤਾਵਰਣ ਦੀ ਭਰਪਾਈ ਨਾਲ ਜੋੜਿਆ ਜਾਵੇ।

ਮਸਲਨ, ਜੇ ਸੜਕਾਂ ਦੀ ਲੋੜ ਹੈ ਤੇ ਦਰੱਖਤਾਂ ਕੱਟਣੇ ਪੈਣੇ ਹਨ ਤਾਂ ਗਿਣਤੀ ਮੁਤਾਬਿਕ ਦਰੱਖਤ ਲਗਾਏ ਵੀ ਜਾਣ ਪਰ ਬਹੁਤਾ ਨੁਕਸਾਨ ਤਾਂ ਸਨਅਤਾਂ, ਫੈਕਟਰੀਆਂ ਵਿੱਚੋਂ ਨਿਕਲਦੇ ਧੂੰਏ ਨਾਲ ਜੁੜਦਾ ਹੈ। ਇਸ ਦਾ ਇੱਕ ਹੋਰ ਵੱਡਾ ਜ਼ਰੀਆ ਵਾਹਨ ਹਨ।

ਹੁਣ ਵਾਤਾਵਰਣ ਵਿਗਿਆਨੀ ਜਿਨ੍ਹਾਂ ਤੱਥਾਂ ਬਾਰੇ ਸੁਚੇਤ ਕਰ ਰਹੇ ਹਨ, ਉਹ ਧਰਤੀ ਦਾ ਵਧ ਰਿਹਾ ਤਾਪਮਾਨ ਅਤੇ ਕਾਰਬਨ ਦੀ ਮਾਤਰਾ ਹਨ। ਇਨ੍ਹਾਂ ਦੇ ਅਸਰ ਨਾਲ ਆਲਮੀ ਤਪਸ਼ (ਗਲੋਬਲ ਵਾਰਮਿੰਗ) ਦਾ ਵਾਧਾ, ਗਲੇਸ਼ੀਅਰ ਪਿਘਲਣੇ, ਮੌਸਮ ਵਿੱਚ ਬੇਤਰਤੀਬੀ ਤੇ ਤਬਦੀਲੀ, ਸਮੁੰਦਰ ਦੇ ਪਾਣੀ ਦਾ ਉਪਰ ਚੜ੍ਹਨਾ, ਸਮੁੰਦਰੀ ਕਿਨਾਰਿਆਂ 'ਤੇ ਰਹਿੰਦੇ ਲੋਕਾਂ ਉੱਤੇ ਮੰਡਰਾ ਰਿਹਾ ਖ਼ਤਰਾ ਅਤੇ ਛੋਟੇ-ਛੋਟੇ ਟਾਪੂਆਂ ਦਾ ਸਮੁੰਦਰ ਵਿੱਚ ਡੁੱਬਣ ਆਦਿ ਦੀ ਚਿਤਾਵਨੀ ਨਾਲ ਵਾਹ ਪੈ ਰਿਹਾ ਹੈ।

ਹੁਣ ਕਾਰਬਨ ਅਤੇ ਤਾਪਮਾਨ ਲਈ ਟੀਚੇ ਮਿੱਥੇ ਜਾ ਰਹੇ ਹਨ; ਕਿਹਾ ਜਾ ਰਿਹਾ ਹੈ ਕਿ ਧਰਤੀ ਦਾ ਦੋ ਡਿਗਰੀ ਤਾਪਮਾਨ ਵਧਣਾ ਤਬਾਹੀ ਦਾ ਸੂਚਕ ਹੈ ਤੇ ਅਸੀਂ ਤਕਰੀਬਨ 1.5 ਡਿਗਰੀ ਵਾਧੇ ਨੇੜੇ ਪੁੱਜ ਗਏ ਹਾਂ। ਹੁਣ ਵਾਪਸੀ ਦੇ ਰਾਹ ਤਲਾਸ਼ੇ ਜਾ ਰਹੇ ਹਨ। ਤਪਸ਼ ਅਤੇ ਕਾਰਬਨ ਡਾਇਅਕਸਾਇਡ ਦੀ ਮਾਤਰਾ ਆਪਸ ਵਿੱਚ ਜੁੜੇ ਹੋਏ ਹਨ। ਵਿਕਸਿਤ ਸਨਅਤੀ ਦੇਸ਼ ਇਸ ਵਾਧੇ ਵਿੱਚ ਵੱਧ ਹਿੱਸਾ ਪਾ ਰਹੇ ਹਨ।

ਯੂਐੱਨਓ ਉਦੋਂ ਹਰਕਤ ਵਿੱਚ ਤਾਂ ਆਈ, ਜਦੋਂ ਵਿਕਸਿਤ ਅਮੀਰ ਦੇਸ਼ਾਂ ਨੂੰ ਵਾਤਾਵਰਨ ਦੇ ਵਿਗਾੜ ਦਾ ਸੇਕ ਪਹੁੰਚਿਆ, ਨਹੀਂ ਤਾਂ ਉਹ ਸਮਝਦੇ ਸੀ ਕਿ ਇਹ ਗਰੀਬ ਦੇਸ਼ਾਂ ਦਾ ਮਸਲਾ ਹੈ। ਇਹ ਭੁਲੇਖਾ ਹੁਣ ਮੁੱਕ ਗਿਆ ਹੈ ਕਿ ਸ਼ਹਿਰ ਤਾਂ ਛੱਡੋ, ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਵਾਤਾਵਰਨ ਬਰਬਾਦੀ ਦੀ ਕੋਈ ਵੀ ਘਟਨਾ ਵਾਪਰੇਗੀ, ਉਸ ਦਾ ਅਸਰ ਸਾਰੀ ਦੁਨੀਆ ਨੂੰ ਭੁਗਤਣਾ ਪਵੇਗਾ, ਭਾਵੇਂ ਉਹ ਉੱਤਰੀ ਧਰੁਵ 'ਤੇ ਹੋਵੇ ਤੇ ਭਾਵੇਂ ਹਿਮਾਲਾ ਪਰਬਤ 'ਤੇ। ਉਂਝ ਤਾਂ ਹੁਣ ਵੀ ਕਾਫ਼ੀ ਦੇਰ ਹੋ ਗਈ ਹੈ, ਪਰ ਜੇ ਅਸੀਂ ਹੁਣ ਵੀ ਨਾ ਸੰਭਲੇ ਤਾਂ ਇਹ ਧਰਤੀ ਜੀਵਨ ਵਿਹੂਣੀ ਹੋਣ ਵਿੱਚ ਦੇਰ ਨਹੀਂ ਲੱਗਣੀ।

ਹਵਾ ਪ੍ਰਦੂਸ਼ਣ ਰੋਕਣ ਲਈ ਕੀਤੇ ਜਾਣ ਵੱਡੇ ਉਪਰਾਲੇ

ਵੱਖ-ਵੱਖ ਅਧਿਐਨ ਇਹ ਦਰਸਾ ਚੁੱਕੇ ਹਨ ਕਿ ਹਵਾ ਪ੍ਰਦੂਸ਼ਣ ਦੇ ਕਾਰਨਾਂ ਵਿੱਚ ਪਰਾਲੀ ਨੂੰ ਸਾੜਨ ਤੋਂ ਇਲਾਵਾ ਮੋਟਰ-ਗੱਡੀਆਂ 'ਚੋਂ ਧੂੰਏਂ ਦੀ ਨਿਕਾਸੀ ਅਤੇ ਸੜਕਾਂ ਤੇ ਨਿਰਮਾਣ ਥਾਵਾਂ ਤੋਂ ਉੱਡਦੀ ਧੂੜ ਵੀ ਸ਼ਾਮਲ ਹੈ। ਨਿਸ਼ਚਤ ਤੌਰ 'ਤੇ ਪਰਾਲੀ ਸਾੜੇ ਜਾਣ ਦੇ ਰੁਝਾਨ ਨੂੰ ਰੋਕਣਾ ਚਾਹੀਦਾ ਹੈ ਪਰ ਇਹ ਉਦੋਂ ਹੀ ਸੰਭਵ ਹੈ ਜਦੋਂ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਟਰੈਫਿਕ ਜਾਮ ਕਾਰਨ ਵਾਹਨਾਂ ਤੋਂ ਵਾਧੂ ਜ਼ਹਿਰੀਲੀਆਂ ਨਿਕਾਸੀਆਂ ਨਾ ਹੋ ਸਕਣ ਅਤੇ ਸੜਕਾਂ ਅਤੇ ਨਿਰਮਾਣ ਸਥਾਨਾਂ ਤੋਂ ਧੂੜ ਦੇ ਗੁਬਾਰ ਨਾ ਉੱਡ ਸਕਣ।

ਹਵਾ ਪ੍ਰਦੂਸ਼ਣ ਵਿੱਚ ਵਾਹਨਾਂ ਤੋਂ ਜ਼ਹਿਰੀਲੇ ਧੂੰਏਂ ਦੀ ਨਿਕਾਸੀ ਅਤੇ ਧੂੜ ਦਾ ਯੋਗਦਾਨ ਪਰਾਲੀ ਤੋਂ ਵੀ ਵੱਧ ਹੈ। ਬਰਸਾਤ ਦੇ ਮੌਸਮ ਵਿੱਚ ਤਾਂ ਸੜਕਾਂ ਅਤੇ ਨਿਰਮਾਣ ਸਥਾਨਾਂ ਤੋਂ ਧੂੜ ਉੱਡਣੀ ਘੱਟ ਹੋ ਜਾਂਦੀ ਹੈ ਪਰ ਵਾਹਨਾਂ 'ਚੋਂ ਨਿਕਾਸੀ ਵਧਾਉਣ ਵਾਲੇ ਟਰੈਫਿਕ ਜਾਮ ਸਾਲ ਭਰ ਦੀ ਸਮੱਸਿਆ ਹਨ। ਇਸੇ ਕਾਰਨ ਉੱਤਰੀ ਭਾਰਤ ਦੇ ਇੱਕ ਵੱਡੇ ਹਿੱਸੇ ਵਿੱਚ ਸਰਦੀਆਂ ਤੋਂ ਇਲਾਵਾ ਵੀ ਹਵਾ ਦੀ ਗੁਣਵੱਤਾ ਦਾ ਪੱਧਰ ਖ਼ਰਾਬ ਰਹਿੰਦਾ ਹੈ।

ਸਮੱਸਿਆ ਇਹ ਹੈ ਕਿ ਜਦੋਂ ਹਵਾ ਦੀ ਗੁਣਵੱਤਾ ਥੋੜ੍ਹੀ ਬਿਹਤਰ ਹੁੰਦੀ ਹੈ ਤਾਂ ਹਵਾ ਪ੍ਰਦੂਸ਼ਣ ਰੋਕੂ ਏਜੰਸੀਆਂ, ਸਰਕਾਰਾਂ ਅਤੇ ਸੁਪਰੀਮ ਕੋਰਟ ਲਈ ਹਵਾ ਦਾ ਪ੍ਰਦੂਸ਼ਣ ਕੋਈ ਸਮੱਸਿਆ ਨਹੀਂ ਰਹਿੰਦੀ। ਇਸੇ ਰਵੱਈਏ ਕਾਰਨ ਦਹਾਕਿਆਂ ਬਾਅਦ ਵੀ ਹਵਾ ਪ੍ਰਦੂਸ਼ਣ ਤੋਂ ਛੁਟਕਾਰਾ ਨਹੀਂ ਮਿਲ ਰਿਹਾ ਹੈ।

ਸੁਪਰੀਮ ਕੋਰਟ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਵਾ ਪ੍ਰਦੂਸ਼ਣ ਤੋਂ ਮੁਕਤੀ ਉਦੋਂ ਹੀ ਮਿਲੇਗੀ ਜਦੋਂ ਇਸ ਨਾਲ ਨਿਪਟਣ ਦੇ ਉਪਾਅ ਸਾਰਾ ਸਾਲ ਕੀਤੇ ਜਾਣਗੇ ਅਤੇ ਹਵਾ ਪ੍ਰਦੂਸ਼ਣ ਨੂੰ ਵਧਾਉਣ ਵਾਲੇ ਸਾਰੇ ਕਾਰਨਾਂ ਦੇ ਨਿਵਾਰਨ 'ਤੇ ਜ਼ੋਰ ਦਿੱਤਾ ਜਾਵੇਗਾ। ਸੁਪਰੀਮ ਕੋਰਟ ਨੂੰ ਦਿੱਲੀ-ਐੱਨਸੀਆਰ ਦੇ ਨਾਲ-ਨਾਲ ਬਾਕੀ ਦੇਸ਼ ਦੇ ਵਾਤਾਵਰਣ ਦੀ ਵੀ ਚਿੰਤਾ ਕਰਨੀ ਚਾਹੀਦੀ ਹੈ। ਇਸ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਹਵਾ ਤਦ ਵੀ ਜ਼ਹਿਰੀਲੀ ਰਹਿੰਦੀ ਹੈ ਜਦੋਂ ਪਰਾਲੀ ਨੂੰ ਸਾੜਨ ਦਾ ਕੰਮ ਬੰਦ ਹੋ ਜਾਂਦਾ ਹੈ।

ਇਹ ਰਵੱਈਆ ਠੀਕ ਨਹੀਂ ਹੈ ਕਿ ਸਰਦੀਆਂ ਦੀ ਆਮਦ 'ਤੇ ਪਰਾਲੀ ਸਾੜਨ ਦੀ ਚਿੰਤਾ ਕੀਤੀ ਜਾਵੇ ਅਤੇ ਦਿਵਾਲੀ 'ਤੇ ਪਟਾਕਿਆਂ ਦੇ ਇਸਤੇਮਾਲ ਦੀ। ਇਸ ਰਵੱਈਏ ਵਿੱਚ ਸੁਧਾਰ ਦੇ ਨਾਲ-ਨਾਲ ਇਹ ਵੀ ਸਮਝਣਾ ਚਾਹੀਦਾ ਹੈ ਕਿ ਜਦੋਂ ਹਵਾ ਪ੍ਰਦੂਸ਼ਣ ਗੰਭੀਰ ਰੂਪ ਧਾਰ ਲੈਂਦਾ ਹੈ ਤਦ ਇਸ ਨਾਲ ਨਿਪਟਣ ਵਾਸਤੇ ਕੀਤੇ ਜਾਂਦੇ ਤੁਰਤ-ਫੁਰਤ ਉਪਾਅ ਨਾਕਾਫ਼ੀ ਸਾਬਿਤ ਹੁੰਦੇ ਹਨ। ਇਸੇ ਕਾਰਨ ਹਵਾ ਦੀ ਗੁਣਵੱਤਾ ਦੀ ਸਹੀ ਹਾਲਤ ਨੂੰ ਲੁਕਾਇਆ ਜਾਂਦਾ ਹੈ।

ਸਹੀ ਤਾਂ ਇਹੋ ਹੋਵੇਗਾ ਕਿ ਸੁਪਰੀਮ ਕੋਰਟ ਹਵਾ ਪ੍ਰਦੂਸ਼ਣ ਲਈ ਜ਼ਿੰਮੇਵਾਰ ਸਾਰੇ ਕਾਰਨਾਂ ਦੇ ਹੱਲ ਵਾਲੇ ਉਪਾਵਾਂ 'ਤੇ ਧਿਆਨ ਦੇਵੇ ਅਤੇ ਸਰਕਾਰਾਂ ਨੂੰ ਇਸ ਲਈ ਪਾਬੰਦ ਕਰੇ ਕਿ ਉਹ ਸਬੰਧਤ ਏਜੰਸੀਆਂ ਨੂੰ ਜਵਾਬਦੇਹ ਬਣਾਉਣ। ਉਨ੍ਹਾਂ ਨੂੰ ਨਾ ਸਿਰਫ਼ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਸੜਕਾਂ ਅਤੇ ਨਿਰਮਾਣ ਸਥਾਨਾਂ ਤੋਂ ਧੂੜ ਨਾ ਉੱਡੇ ਸਗੋਂ ਇਹ ਵੀ ਕਿ ਆਵਾਜਾਈ ਸਰਲ ਬਣੀ ਰਹੇ ਤਾਂ ਜੋ ਵਾਹਨ ਰੇਂਗਣ ਲਈ ਮਜਬੂਰ ਨਾ ਹੋਣ।

ਕੋਈ ਨਹੀਂ ਕਰ ਸਕਦਾ ਪੰਜਾਬ ਦੀਆਂ ਰੀਸਾਂ

ਡਾ.ਅਮਰਜੀਤ ਟਾਂਡਾ

ਪੰਜਾਬ ਦੀਆਂ ਰੀਸਾਂ ਕਰਨਾ ਕਿਸੇ ਹੋਰ ਧਰਤੀ ਲਈ ਸੰਭਵ ਨਹੀਂ। ਇਸ ਮਿੱਟੀ ਦੇ ਰੰਗਾਂ, ਸੁਗੰਧਾਂ, ਬੋਲ-ਬਾਣੀ ਅਤੇ ਜੀਵਨ ਢੰਗ ਵਿੱਚ ਇੱਕ ਅਜਿਹਾ ਖਿਚਾਅ ਹੈ ਜੋ ਕਿਤੇ ਹੋਰ ਨਹੀਂ ਮਿਲਦਾ। ਪੰਜਾਬ ਸਿਰਫ਼ ਇੱਕ ਭੂਗੋਲਕ ਖੇਤਰ ਨਹੀਂ, ਸਗੋਂ ਇੱਕ ਜੀਵਨ-ਦਰਸ਼ਨ ਹੈ-ਖੁੱਲ੍ਹ ਦਿਲੀ, ਮਿਹਮਾਨ-ਨਿਵਾਜ਼ੀ ਤੇ ਬੇਮਿਸਾਲ ਹੌਸਲੇ ਦਾ ਪ੍ਰਤੀਕ ਹੈ।

ਪੰਜਾਬੀ ਵਿਰਾਸਤ ਵਿੱਚ ਗਿੱਧਾ ਤੇ ਭੰਗੜਾ ਐਵੇਂ ਹੀ ਨਹੀਂ ਗੂੰਜਦੇ, ਇਹ ਇੱਥੋਂ ਦੀ ਮਿੱਟੀ ਦੀ ਧੜਕਣ ਹਨ। ਇੱਥੋਂ ਦੇ ਤਿਉਹਾਰ ਲੋਹੜੀ, ਵਿਸਾਖੀ, ਤੀਜ ਸਿਰਫ਼ ਰਿਵਾਜ ਨਹੀਂ ਸਗੋਂ ਜ਼ਿੰਦਗੀ ਦੇ ਰਾਗ ਹਨ। ਹਰ ਗਲੀ-ਮੁਹੱਲੇ ਦਾ ਰੰਗ, ਹਰ ਧੁਨ ਤੇ ਹਰ ਰਸਮ ਵਿੱਚ ਅਜਿਹੀ ਰੂਹਾਨੀ ਤਾਜ਼ਗੀ ਹੈ ਜੋ ਕਿਸੇ ਹੋਰ ਸੱਭਿਆਚਾਰ ਨਾਲ ਤੁਲਨਾ ਨਹੀਂ ਕਰ ਸਕਦਾ।

ਪੰਜਾਬੀ ਸੁਭਾਅ ਦੀ ਸਭ ਤੋਂ ਵੱਡੀ ਖਾਸੀਅਤ ਹੈ ਉਸ ਦੀ ਖੁੱਲ੍ਹ-ਦਿਲੀ। ਪੰਜਾਬੀ ਹਰ ਵੇਲੇ ਵੰਡਣ ਤੇ ਜਿਉਣ ਵਿੱਚ ਵਿਸ਼ਵਾਸ ਰੱਖਦੇ ਹਨ। ਕਿਸੇ ਦੇ ਨਾਲ ਰੋਟੀ-ਸਾਂਝਾ ਕਰਨਾ ਜਾਂ ਬਾਹਰੋਂ ਆਏ ਨੂੰ ਘਰ ਵਿੱਚ ਬਿਠਾਉਣਾ, ਇਹ ਰਿਵਾਜ ਹੀ ਨਹੀਂ ਸਗੋਂ ਰਗਾਂ ਵਿੱਚ ਵਗਦੇ ਖ਼ੂਨ ਦੇ ਸੁਭਾਅ ਦਾ ਹਿੱਸਾ ਹੈ।

ਪੰਜਾਬ ਮਿਹਨਤੀ ਕਿਸਾਨਾਂ ਦੀ ਧਰਤੀ ਹੈ। ਹਲ਼ ਜੋਤਦਾ ਕਿਸਾਨ ਸਿਰਫ਼ ਅੰਨ ਹੀ ਨਹੀਂ ਪੈਦਾ ਕਰਦਾ, ਸਗੋਂ ਰੋਜ਼ਮਰਾ ਦੀ ਜ਼ਿੰਦਗੀ ਲਈ ਆਸ ਤੇ ਭਰੋਸਾ ਵੀ ਬੀਜਦਾ ਹੈ। ਇਹੋ ਕਾਰਨ ਹੈ ਕਿ ਪੰਜਾਬ ਦੀ ਚੋਖੀ ਧਰਤੀ ਨੂੰ 'ਭਾਰਤ ਦੀ ਅੰਨ ਟੋਕਰੀ' ਕਿਹਾ ਜਾਂਦਾ ਹੈ।

ਚਾਹੇ ਗੱਲ ਹੋਏ ਹਲ਼ ਚਲਾਉਣ ਦੀ, ਯੁੱਧ ਭੂਮੀ ਵਿੱਚ ਖੜ੍ਹਨ ਦੀ ਜਾਂ ਵਿਦੇਸ਼ਾਂ ਵਿੱਚ ਨਵੀਂ ਰਾਹ ਬਣਾਉਣ ਦੀ ਪੰਜਾਬੀ ਹਮੇਸ਼ਾਂ ਅੱਗੇ ਰਹੇ ਹਨ। ਮੁਸੀਬਤਾਂ ਆਉਣ 'ਤੇ ਅਡਿੱਗ ਰਹਿਣਾ ਤੇ ਖੁਸ਼ਮਿਜਾਜ਼ੀ ਨਾਲ ਜੀਵਨ ਜਿਉਣਾ ਪੰਜਾਬੀ ਮਨੁੱਖ ਦੀ ਸਭ ਤੋਂ ਵੱਡੀ ਪਛਾਣ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਪੰਜਾਬ ਦੀਆਂ ਰੀਸਾਂ ਕਰਨਾ ਕਿਸੇ ਹੋਰ ਲਈ ਸੰਭਵ ਨਹੀਂ। ਇਹ ਧਰਤੀ ਆਪਣੇ ਆਪ ਵਿੱਚ ਇੱਕ ਚਮਤਕਾਰ ਹੈ, ਜਿੱਥੇ ਰਾਗ, ਰੰਗ, ਮੌਜ ਤੇ ਮਿਲਾਪ ਹੀ ਜੀਵਨ ਦਾ ਅਸਲ ਸਿਰਜਣਹਾਰ ਬਣਦੇ ਹਨ।

ਪੰਜਾਬ ਦੀਆਂ ਰੀਸਾਂ ਕੋਈ ਨਹੀਂ ਕਰ ਸਕਦਾ ਕਿਉਂਕਿ ਇਸ ਧਰਤੀ ਦੀ ਵਡਿਆਈ ਹਰ ਪੱਖੋਂ ਬੇਮਿਸਾਲ ਹੈ। ਪੰਜਾਬ ਸਿਰਫ਼ ਇੱਕ ਸੂਬਾ ਨਹੀਂ, ਸਗੋਂ ਸੱਭਿਆਚਾਰ, ਪਿਆਰ ਤੇ ਹੌਸਲੇ ਦਾ ਅਜਿਹਾ ਚਿਰਾਗ ਹੈ ਜੋ ਸੰਸਾਰ ਦੇ ਕਿਸੇ ਹੋਰ ਹਿੱਸੇ ਵਿੱਚ ਨਹੀਂ ਜਲਦਾ। ਜਿਸ ਮਿੱਟੀ ਨੇ ਗੁਰੂਆਂ ਦੀ ਬਾਣੀ ਰਚੀ, ਜਿੱਥੇ ਸੂਰਮੇ ਜਨਮੇ, ਜਿੱਥੇ ਖੁੱਲ੍ਹੇ ਹੱਥ ਨਾਲ ਲੰਗਰ ਵੰਡੇ ਜਾਂਦੇ ਹਨ, ਉੱਥੋਂ ਦੀ ਬਰਾਬਰੀ ਕਰਨਾ ਕਿਸੇ ਲਈ ਵੀ ਆਸਾਨ ਨਹੀਂ।

ਪੰਜਾਬ ਦੇ ਲੋਕ-ਨਾਚ, ਗੀਤ ਅਤੇ ਮੇਲੇ-ਤਿਉਹਾਰ ਲੋਕਾਂ ਦੇ ਰੂਹਾਨੀ ਸੁਭਾਅ ਨੂੰ ਦਰਸਾਉਂਦੇ ਹਨ। ਭੰਗੜਾ ਸਿਰਫ਼ ਨਾਚ ਨਹੀਂ, ਖ਼ੁਸ਼ੀ ਦਾ ਧਮਾਕਾ ਹੈ। ਗਿੱਧਾ ਸਿਰਫ਼ ਔਰਤਾਂ ਦਾ ਨਾਚ ਨਹੀਂ, ਸਗੋਂ ਉਨ੍ਹਾਂ ਦੀ ਖੁੱਲ੍ਹੀ ਅਪਣੱਤ ਅਤੇ ਉਤਸ਼ਾਹ ਦਾ ਪ੍ਰਗਟਾਵਾ ਹੈ। ਇਨ੍ਹਾਂ ਵਿੱਚ ਜੋ ਸਾਦਗੀ ਹੈ, ਉਹ ਕਿਸੇ ਹੋਰ ਜਗ੍ਹਾ ਲੱਭਣੀ ਮੁਸ਼ਕਲ ਹੈ।

ਪੰਜਾਬੀ ਬੰਦੇ ਆਪਣੀ ਖੁੱਲ੍ਹ-ਦਿਲੀ ਲਈ ਮਸ਼ਹੂਰ ਹਨ। ਗ਼ਰੀਬ ਜਾਂ ਅਮੀਰ ਹੋਵੋ, ਹਰ ਕੋਲੋਂ ਤੁਹਾਨੂੰ ਚਾਹ ਦਾ ਪਿਆਰ ਜ਼ਰੂਰ ਮਿਲੇਗਾ।

ਪੰਜਾਬ ਨੇ ਸੰਸਾਰ ਨੂੰ ਦੱਸਿਆ ਹੈ ਕਿ ਕਿਸਾਨ ਦੀ ਮਿਹਨਤ ਨਾਲ ਕਿਸ ਤਰ੍ਹਾਂ ਮਿੱਟੀ ਸੋਨਾ ਉਗਲਦੀ ਹੈ। ਇਸੇ ਧਰਤੀ ਨੇ ਸ਼ਹੀਦਾਂ ਨੂੰ ਜਨਮ ਦਿੱਤਾ ਜੋ ਦੇਸ਼ ਦੀ ਆਜ਼ਾਦੀ ਤੇ ਇੱਜ਼ਤ ਲਈ ਹੱਸਦੇ-ਹੱਸਦੇ ਕੁਰਬਾਨ ਹੋ ਗਏ। ਇਸੇ ਕਾਰਨ ਪੰਜਾਬੀ ਹੌਸਲੇ ਦੀ ਮਿਸਾਲ ਹਨ।

ਜਿੱਥੇ ਵੀ ਪੰਜਾਬੀ ਜਾਂਦਾ ਹੈ, ਆਪਣੀ ਖ਼ੁਸ਼ੀ ਤੇ ਮਹਿਮਾਨ-ਨਿਵਾਜ਼ੀ ਨਾਲ ਉਸ ਥਾਂ ਨੂੰ ਪੰਜਾਬ ਹੀ ਬਣਾ ਲੈਂਦਾ ਹੈ। ਚਾਹੇ ਕੈਨੇਡਾ ਹੋਵੇ, ਆਸਟ੍ਰੇਲੀਆ ਜਾਂ ਇੰਗਲੈਂਡ ਪੰਜਾਬੀ ਮੇਲੇ, ਗੁਰਦੁਆਰੇ ਤੇ ਰਹਿਤ ਮਰਿਆਦਾ ਅਤੇ ਰਿਵਾਜ ਹਰ ਜਗ੍ਹਾ ਆਪਣੀ ਵੱਖਰੀ ਪਛਾਣ ਬਣਾਉਂਦੇ ਹਨ। ਫਿਰ ਵੀ, ਉਹ ਮੂਲ ਪੰਜਾਬ ਨਾਲੋਂ ਕਿਤੇ ਘੱਟ ਹੀ ਲੱਗਦੇ ਹਨ ਕਿਉਂਕਿ ਮਿੱਟੀ ਦੀ ਸੁਗੰਧ ਕਿਸੇ ਹੋਰ ਦੇਸ਼ ਵਿੱਚ ਨਹੀਂ ਮਿਲਦੀ।

ਇਸੇ ਲਈ ਕਹਿਣਾ ਠੀਕ ਹੈ ਕਿ ਪੰਜਾਬ ਦੀਆਂ ਰੀਸਾਂ ਕੋਈ ਨਹੀਂ ਕਰ ਸਕਦਾ। ਇਹ ਧਰਤੀ ਪਿਆਰ ਦਾ ਦਰਿਆ ਹੈ, ਹੌਸਲੇ ਦਾ ਚਿਰਾਗ ਹੈ ਅਤੇ ਖੁੱਲ੍ਹੇ ਦਿਲ ਦੀ ਬੇਮਿਸਾਲ ਉਦਾਹਰਨ ਹੈ। ਪੰਜਾਬ ਨਾਮ ਹੀ ਜਦੋਂ ਲਿਆ ਜਾਂਦਾ ਹੈ ਤਾਂ ਸਾਡੇ ਦਿਲਾਂ ਵਿੱਚ ਇੱਕ ਅਜਿਹਾ ਸੁਰਤਰੰਗ ਖਿੜਦਾ ਹੈ ਜੋ ਕਿਸੇ ਹੋਰ ਜਗ੍ਹਾ ਦੇ ਨਾਲ ਤੁਲਨਾ ਨਹੀਂ ਕਰਦਾ। ਪੰਜਾਬ ਸਿਰਫ਼ ਭੂਗੋਲਕ ਖੇਤਰ ਨਹੀਂ, ਸਗੋਂ ਇੱਕ ਜੀਵਨ-ਦਰਸ਼ਨ ਹੈ, ਜਿਸ ਦੀ ਰੂਹ ਵਿੱਚ ਖੁੱਲ੍ਹ-ਦਿਲੀ, ਮਹਿਮਾਨ-ਨਿਵਾਜ਼ੀ, ਮਿਹਨਤ, ਸੱਭਿਆਚਾਰ ਅਤੇ ਰਿਵਾਜਾਂ ਦਾ ਬੇਮਿਸਾਲ ਮਿਲਾਪ ਹੈ।

ਪੰਜਾਬੀ ਸੱਭਿਆਚਾਰ ਇੱਕ ਅਜਿਹਾ ਸੰਗੀਤਮਈ ਅਤੇ ਰੰਗੀਲਾ ਜਹਾਨ ਹੈ ਜਿੱਥੇ ਹਰ ਤਿਉਹਾਰ, ਹਰ ਰਿਵਾਜ ਇੱਕ ਕਹਾਣੀ ਸੁਣਾਉਂਦਾ ਹੈ। ਝੂਮਦੇ ਗੀਤ, ਧਮਾਕੇਦਾਰ ਭੰਗੜਾ ਤੇ ਗਿੱਧਾ ਜੋ ਔਰਤਾਂ ਦੀ ਸ਼ਕਤੀ ਅਤੇ ਖ਼ੁਸ਼ੀ ਨੂੰ ਦਰਸਾਉਂਦਾ ਹੈ, ਇਹ ਸਭ ਕੁਝ ਪੰਜਾਬੀ ਹਮਦਰਦੀ ਅਤੇ ਮਨੁੱਖਤਾ ਨੂੰ ਪ੍ਰਗਟ ਕਰਦਾ ਹੈ। ਲੋਹੜੀ 'ਤੇ ਮੱਖਣ ਵਾਲੀ ਲੱਸੀ ਪੀਣਾ ਅਤੇ ਲੋਹੜੀ ਬਾਲ਼ ਕੇ ਗਿੱਧਾ ਪਾਉਣਾ, ਇਹ ਸਭ ਕੁਝ ਪੰਜਾਬੀ ਮਿੱਟੀ ਦੀ ਖੁਸ਼ਬੂ ਹੈ ਜੋ ਦੁਨੀਆ ਵਿੱਚ ਨਹੀਂ ਮਿਲਦੀ। ਇਹੋ ਇਸ ਸੱਭਿਆਚਾਰ ਦਾ ਅਨੋਖਾਪਣ ਹੈ ਜੋ ਪੰਜਾਬ ਨੂੰ ਦੁਨੀਆ ਦੇ ਹੋਰ ਹਿੱਸਿਆਂ ਤੋਂ ਵੱਖਰਾ ਬਣਾ ਦਿੰਦਾ ਹੈ।ਪੰਜਾਬੀ ਮਨੁੱਖ ਦੀ ਖਾਸੀਅਤ ਹੈ ਉਸ ਦੀ ਬੇਹੱਦ ਖੁੱਲ੍ਹ-ਦਿਲੀ। ਜਿੱਥੇ ਹੋਰ ਥਾਂ ਦੇ ਲੋਕ ਅਕਸਰ ਆਪਣੇ ਹੀ ਦਾਇਰੇ ਵਿੱਚ ਰੁਕੇ ਰਹਿੰਦੇ ਹਨ, ਪੰਜਾਬੀ ਹਮੇਸ਼ਾਂ ਦਿਲ ਖੋਲ੍ਹ ਕੇ ਦੁਨੀਆ ਨੂੰ ਬੁਲਾਉਂਦੇ ਹਨ। ਇੱਥੇ ਇੱਕ ਗ਼ੈਰ ਮਨੁੱਖ ਨੂੰ ਵੀ ਘਰ ਵਾਂਗ ਸਤਿਕਾਰ ਮਿਲਦਾ ਹੈ। ਸਿੱਖਾਂ ਦੇ ਲੰਗਰ ਦੀ ਪ੍ਰਥਾ ਮਹਾਨਤਾ ਦੀ ਮਿਸਾਲ ਹੈ ਜੋ ਹਰ ਪਾਸੇ ਖੁੱਲ੍ਹ ਦਿਲੀ ਅਤੇ ਮਨੁੱਖਤਾ ਦਾ ਸੱਦਾ ਦਿੰਦੀ ਹੈ। ਅੰਨ ਦੇ ਨਾਲ-ਨਾਲ ਖ਼ੁਸ਼ੀ ਅਤੇ ਪਿਆਰ ਵੀ ਵੰਡਿਆ ਜਾਂਦਾ ਹੈ। ਇਸ ਖੁੱਲ੍ਹ-ਦਿਲੀ ਅਤੇ ਮਹਿਮਾਨ-ਨਿਵਾਜ਼ੀ ਨੇ ਸਦੀਆਂ ਤੋਂ ਪੰਜਾਬ ਨੂੰ ਇੱਕ ਅਜਿਹੀ ਧਰਤੀ ਬਣਾਇਆ ਹੈ ਜੋ ਕਿਸੇ ਹੋਰ ਸੱਭਿਆਚਾਰ ਜਾਂ ਦੇਸ਼ ਨਾਲੋਂ ਬਹੁਤ ਵੱਖਰੀ ਤੇ ਅਦਭੁੱਤ ਹੈ।

ਪੰਜਾਬੀ ਨਿਰਸੰਦੇਹ ਆਪਣੇ ਹੌਸਲੇ ਅਤੇ ਮਜ਼ਬੂਤੀ ਲਈ ਪਛਾਣੇ ਜਾਂਦੇ ਹਨ। ਇੱਥੋਂ ਦੀ ਜ਼ਮੀਨ ਨੇ ਸੂਰਮਿਆਂ ਨੂੰ ਜਨਮ ਦਿੱਤਾ ਜੋ ਜੰਗਾਂ ਜਿੱਤ ਕੇ ਜਾਂ ਸੱਚਾਈ ਲਈ ਕੁਰਬਾਨ ਹੋ ਕੇ ਇਤਿਹਾਸ ਬਣਾ ਚੁੱਕੇ ਹਨ। ਇਹੀ ਹੌਸਲਾ ਪੰਜਾਬੀ ਦੀ ਸਭ ਤੋਂ ਵੱਡੀ ਵਿਰਾਸਤ ਹੈ।

ਚਾਹੇ ਪੈਰਾਂ ਹੇਠ ਧਰਤੀ ਹੋਵੇ ਜਾਂ ਦਿਮਾਗ਼ ਵਿੱਚ ਖੁਆਬ, ਪੰਜਾਬੀ ਹਰ ਮੌਕੇ 'ਤੇ ਮਜ਼ਬੂਤੀ ਨਾਲ ਜੂਝਦਾ ਹੈ। ਸਾਡੇ ਇੱਥੇ ਕਿਸੇ ਨੂੰ ਹਾਰ ਮੰਨਣ ਦੀ ਆਦਤ ਨਹੀਂ। ਹੌਸਲੇ ਅਤੇ ਹਿੰਮਤ ਦਾ ਇਹ ਸੁਮੇਲ ਇਸ ਧਰਤੀ ਨੂੰ ਬੇਮਿਸਾਲ ਬਣਾਉਂਦਾ ਹੈ।

ਕਿੱਕਰਾਂ ਦੇ ਫੁੱਲਾਂ ਦੀ.....

ਜੋਗਿੰਦਰ ਕੌਰ ਅਗਨੀਹੋਤਰੀ

ਕੁਦਰਤ ਆਪਣੇ ਆਪ ਵਿੱਚ ਸੰਪੂਰਨ ਹੈ। ਇਸ ਦੇ ਬਗ਼ੈਰ ਪੱਤਾ ਵੀ ਨਹੀਂ ਝੂਲ ਸਕਦਾ । ਇਸਦੀ ਸਿਰਜੀ ਹੋਈ ਹਰ ਚੀਜ਼ ਕੀਮਤੀ ਹੈ। ਰੇਤ ਦਾ ਕਿਣਕਾ ਵੀ ਤੇ ਸੋਨਾ ਵੀ। ਜੜ੍ਹੀਆਂ ਬੂਟੀਆਂ ਅਤੇ ਰੁੱਖ ਬਹੁਤ ਕੀਮਤੀ ਹਨ ਅਤੇ ਮਨੁੱਖ ਦੇ ਜੀਵਨ ਵਿੱਚ ਇਨ੍ਹਾਂ ਦਾ ਅਹਿਮ ਸਥਾਨ ਹੈ। ਪਰਖੀਆਂ ਹੋਈਆਂ ਜੜ੍ਹੀਆਂ ਬੂਟੀਆਂ ਨੂੰ ਮਨੁੱਖ ਵਰਤਦਾ ਆ ਰਿਹਾ ਹੈ। ਰੁੱਤ ਦੇ ਮੇਵਿਆਂ ਦਾ ਅਨੰਦ ਵੀ ਮਨੁੱਖ ਲੈ ਰਿਹਾ ਹੈ। ਰੁੱਖਾਂ ਦੇ ਸਾਨੂੰ ਅਨੇਕਾਂ ਫ਼ਾਇਦੇ ਹਨ। ਸਭ ਤੋਂ ਪਹਿਲਾਂ ਤਾਂ ਰੁੱਖ ਸਾਨੂੰ ਜੀਵਨ ਦਾਨ ਦਿੰਦੇ ਹਨ ਕਿਉਂਕਿ ਰੁੱਖਾਂ ਤੋਂ ਹੀ ਸਾਨੂੰ ਆਕਸੀਜਨ ਪ੍ਰਾਪਤ ਹੁੰਦੀ ਹੈ ਅਤੇ ਇਹ ਕਾਰਬਨ ਡਾਈਆਕਸਾਈਡ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ। ਰੁੱਖ ਸਾਨੂੰ ਛਾਂ ਦਿੰਦੇ ਹਨ। ਇਨ੍ਹਾਂ ਤੋਂ ਸਾਨੂੰ ਫਲ ਵੀ ਪ੍ਰਾਪਤ ਹੁੰਦੇ ਹਨ ਅਤੇ ਫੁੱਲਾਂ ਦੀ ਸੁਗੰਧੀ ਵੀ ਪ੍ਰਾਪਤ ਹੁੰਦੀ ਹੈ। ਰੁੱਖਾਂ ਤੋਂ ਸਾਨੂੰ ਲੱਕੜੀ ਪ੍ਰਾਪਤ ਹੁੰਦੀ ਹੈ , ਜਿਸ ਨਾਲ ਘਰ ਵਿਚ ਵਰਤਿਆ ਜਾਣੋ ਵਾਲਾ ਸਾਜ਼ੋ-ਸਮਾਨ ਵੀ ਬਣਦਾ ਹੈ। ਭੋਜਨ ਬਣਾਉਣ ਲਈ ਬਾਲਣ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਹਰ ਰੁੱਖ ਦਾ ਬੀਜ ਹੁੰਦਾ ਹੈ ਜਿਸ ਤੋਂ ਅਨੇਕਾਂ ਰੁੱਖ ਪੈਦਾ ਹੁੰਦੇ ਹਨ। ਹਰ ਰੁੱਖ ਦੇ ਉੱਤੇ ਫਲ ਲੱਗਦੇ ਹਨ ਪ੍ਰੰਤੂ ਪਰਖ ਤੋਂ ਬਗ਼ੈਰ ਉਸ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਅਤੇ ਪਰਖ ਨਾਲ ਹੀ ਉਸ ਦੀ ਕੀਮਤ ਬਹੁਮੁੱਲੀ ਵੀ ਹੋ ਜਾਂਦੀ ਹੈ।

ਲੋਕ ਗੀਤਾਂ ਵਿੱਚ ਕਿੱਕਰ ਦਾ ਜ਼ਿਕਰ

ਲੋਕ ਗੀਤਾਂ ਵਿੱਚ ਕਿੱਕਰ ਦਾ ਜ਼ਿਕਰ ਆਮ ਹੀ ਆਉਂਦਾ ਹੈ। ਕਿੱਕਰ ਨਾਲ ਜੋੜੇ ਕਈ ਮੁਹਾਵਰੇ ਵੀ ਹਨ ਜਿਵੇਂ 'ਕਿੱਕਰ ਦੇ ਫੁੱਲਾਂ ਵਰਗਾ', 'ਰੋਹੀ ਦੀ ਕਿੱਕਰ ਵਰਗਾ' ਆਦਿ। ਕਿੱਕਰ ਦੇ ਫੁੱਲ ਇੰਨੇ ਹਲਕੇ ਹੁੰਦੇ ਹਨ ਕਿ ਹਵਾ ਦੇ ਬੁੱਲੇ ਦੇ ਆਉਂਦਿਆਂ ਹੀ ਉਹ ਧਰਤੀ 'ਤੇ ਡਿੱਗ ਪੈਂਦੇ ਹਨ, ਜਿਨ੍ਹਾਂ ਦੀ ਕੀਮਤ ਕੁਝ ਵੀ ਨਹੀਂ ਹੁੰਦੀ। ਇਸ ਕਰਕੇ ਹੀ ਜਦੋਂ ਇੱਕ ਮੁਟਿਆਰ ਦਾ ਪ੍ਰੇਮ ਅਸਫਲ ਹੋ ਜਾਵੇ ਜਾਂ ਉਸਦਾ ਪ੍ਰੇਮੀ ਉਸ ਨੂੰ ਛੇਤੀ-ਛੇਤੀ ਨਾ ਮਿਲੇ ਤਾਂ ਉਹ ਉਸ ਨੂੰ ਇੰਜ ਉਲਾਂਭਾ ਦਿੰਦੀ ਹੈ-

'ਕਿੱਕਰ ਦੇ ਫੁੱਲਾਂ ਦੀ,
ਕੌਣ ਕਰੇਂਦਾ ਰਾਖੀ, ਵੇ ਅੜਿਆ'

ਬੇਸ਼ੱਕ ਕਿੱਕਰ ਦਾ ਛਿੱਲਕਾ ਕਾਲਾ ਹੁੰਦਾ ਹੈ ਪਰ ਇਹ ਮਨੁੱਖ ਦਾ ਮੂੰਹ ਤਰੋ-ਤਾਜ਼ਾ ਕਰ ਦਿੰਦਾ ਹੈ ਕਿਉਂਕਿ ਇਸਦੇ ਚੱਬਣ ਨਾਲ ਮੂੰਹ ਦੀ ਸਫ਼ਾਈ ਹੋ ਜਾਂਦੀ ਹੈ, ਜਿਸ ਨਾਲ ਅਨੇਕ ਬਿਮਾਰੀਆਂ ਦੂਰ ਹੁੰਦੀਆਂ ਹਨ। ਦਾਤਣ ਕਰਨ ਨਾਲ ਦੰਦ ਵੀ ਚਿੱਟੇ ਹੁੰਦੇ ਹਨ ਅਤੇ ਮਜ਼ਬੂਤ ਵੀ। ਅਜਿਹੇ ਗੁਣਾਂ ਦੇ ਹੁੰਦੇ ਹੋਏ ਵੀ ਕਾਲੇ ਰੰਗ ਕਾਰਨ ਕਿੱਕਰ ਨਾਲ ਕੁੜੀ ਆਪਣੇ ਕਾਲੇ ਰੰਗ ਦੇ ਵਰ ਦੀ ਤੁਲਨਾ ਕਰਦੀ ਹੈ।

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ,
ਬਾਪੂ ਦੇ ਪਸੰਦ ਆ ਗਿਆ।

ਘਰ ਵਿੱਚ ਵਰਤਣਯੋਗ ਲੱਕੜ ਦੀਆਂ ਚੀਜ਼ਾਂ ਲਈ ਕਿੱਕਰ ਦੀ ਲੱਕੜ ਵੀ ਵਰਤੀ ਜਾਂਦੀ ਹੈ ਜਿਵੇਂ ਮੰਜੇ ਦੀਆਂ ਵਾਹੀਆਂ, ਸੇਰਵੇ, ਪਾਵੇ ਆਦਿ। ਘਰੇਲੂ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਥਾਪਾ, ਗਿੜਗਣ, ਪਟੜੀ-ਪਟੜਾ ਤੋਂ ਬਿਨਾਂ ਅਨੇਕ ਹੋਰ ਵਸਤਾਂ ਇਸ ਦੀ ਲੱਕੜ ਦੀਆਂ ਬਣਾਈਆਂ ਜਾਂਦੀਆਂ ਹਨ। ਅੱਜ ਤੋਂ ਕਈ ਸਾਲ ਪਹਿਲਾਂ ਪੁਰਾਣੇ ਘਰਾਂ ਵਿੱਚ ਕਿੱਕਰ ਦੀਆਂ ਲਟੈਣਾਂ ਆਮ ਦੇਖੀਆਂ ਜਾਂਦੀਆਂ ਸਨ ਪਰ ਕੱਚੇ ਘਰਾਂ ਦੇ ਖ਼ਤਮ ਹੋਣ ਨਾਲ ਲਟੈਣਾਂ ਵੀ ਖ਼ਤਮ ਹੋ ਗਈਆਂ ਹਨ। ਤਾਣੀ ਤੰਦ ਜਾਂ ਦਰੀਆਂ ਦਾ ਨਸਵਾਰੀ ਸੂਟ ਰੰਗਣ ਵੇਲੇ ਵੀ ਕਿੱਕਰ ਦੇ ਸੱਕ ਨੂੰ ਉਬਾਲ ਕੇ ਉਸ ਦਾ ਪਾਹ ਦਿੱਤਾ ਜਾਂਦਾ ਹੈ ਤਾਂ ਕਿ ਰੰਗ ਵਧੀਆ ਚੜ੍ਹ ਜਾਵੇ। ਫੁਲਕਾਰੀਆਂ ਅਤੇ ਬਾਗ਼ ਤਿਆਰ ਕਰਨ ਲਈ ਖੱਦਰ ਨੂੰ ਵੀ ਪਾਹ ਦੇ ਕੇ ਹੀ ਰੰਗਿਆ ਜਾਂਦਾ ਹੈ। ਕਿੱਕਰ 'ਤੇ ਲੱਗੇ ਤੁੱਕਿਆਂ ਦਾ ਆਚਾਰ ਵੀ ਵੱਖ-ਵੱਖ ਢੰਗਾਂ ਨਾਲ ਪਾਇਆ ਜਾਂਦਾ ਹੈ, ਉਬਾਲ ਕੇ ਵੀ ਅਤੇ ਤਲ ਕੇ ਵੀ। ਤੁੱਕਿਆਂ ਨੂੰ ਸੁਕਾ ਕੇ ਚੰਗੀ ਤਰ੍ਹਾਂ ਪੀਸ ਕੇ ਉਸ ਵਿਚ ਫਟਕੜੀ ਪਾ ਕੇ ਦੰਦਾਂ ਦਾ ਮੰਜਨ ਵੀ ਬਣਾਇਆ ਜਾਂਦਾ ਹੈ, ਇਸ ਨਾਲ ਦੰਦਾਂ ਦੀਆਂ ਕਈ ਬਿਮਾਰੀਆਂ ਦੂਰ ਹੁੰਦੀਆਂ ਹਨ। ਸਾਡੇ ਸੱਭਿਆਚਾਰ ਵਿੱਚ ਵਿਅਕਤੀਆਂ ਦੇ ਗੁਣਾਂ ਤੇ ਔਗੁਣਾਂ ਦੀ ਤੁਲਨਾ ਰੁੱਖਾਂ ਦੇ ਫਲਾਂ ਨਾਲ ਵੀ ਕੀਤੀ ਜਾਂਦੀ ਹੈ ਜਾਂ ਇੰਝ ਕਹਿ ਲਵੋ ਕਿ ਵਿਅਕਤੀਆਂ ਦੇ ਚੰਗੇ ਅਤੇ ਮਾੜੇ ਕੰਮਾਂ ਦਾ ਫਲ ਕੀ ਉਸ ਨੂੰ ਮਿਲਦਾ ਹੈ। ਭਗਤੀ ਮਾਰਗ 'ਤੇ ਚੱਲਦੇ ਸਮੇਂ ਅਜਿਹੀਆਂ ਉਦਾਹਰਨਾਂ ਕੀਰਤਨ ਰਾਹੀਂ ਮਨੁੱਖ ਨੂੰ ਦਿੱਤੀਆਂ ਜਾਂਦੀਆਂ ਹਨ।

'ਕਿੱਥੋਂ ਭਾਲਦਾ ਬਜੋਗੀ ਦਾਖਾਂ
ਕਿੱਕਰਾਂ ਦੇ ਬੀਜ, ਬੀਜ ਕੇ।'

ਇਸ ਦਾ ਮਤਲਬ ਹੈ ਕਿ ਕਿੱਕਰ ਅਤੇ ਦਾਖ ਦੇ ਰੁੱਖ ਵਿੱਚ ਬਹੁਤ ਫ਼ਰਕ ਹੈ ਕਿਉਂਕਿ ਕਿੱਕਰ ਉੱਤੇ ਤੁੱਕੇ ਹੀ ਲੱਗਣਗੇ ਜਦਕਿ ਦਾਖ ਦੇ ਰੁੱਖ ਉੱਤੇ ਦਾਖਾਂ। ਖੇਤਾਂ ਵਿੱਚ ਕੰਮ ਕਰਦੇ ਕਿਸਾਨ ਨੂੰ ਜਦੋਂ ਰੱਬ ਯਾਦ ਆਉਂਦਾ ਹੈ ਤਾਂ ਉਹ ਰੱਬ ਦਾ ਨਾਂ ਲੈਂਦਾ ਹੈ ਕਿਉਂਕਿ ਰੱਬ ਨਾਲ ਮਨੁੱਖ ਦਾ ਅਧਿਆਤਮਕ ਰਿਸ਼ਤਾ ਹੈ । ਕਿੱਕਰ ਦੇ ਰੁੱਖ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਦੇਖਣ 'ਤੇ ਸਾਨੂੰ ਇਸ ਦੀ ਕੀਮਤ ਦਾ ਪਤਾ ਲੱਗਦਾ ਹੈ ਕਿ ਇਹ ਕੁਦਰਤ ਦੇ ਖ਼ਜ਼ਾਨੇ ਦਾ ਇੱਕ ਕੀਮਤੀ ਹੀਰਾ ਹੈ। ਇਸ ਨੂੰ ਸੰਭਾਲਣ ਦੀ ਜ਼ਰੂਰਤ ਹੈ ਕਿਉਂਕਿ ਅੱਜਕੱਲ੍ਹ ਇਸ ਅਣਮੁੱਲੇ ਦਰੱਖ਼ਤ ਦੀ ਹੋਂਦ ਖ਼ਤਰੇ ਵਿੱਚ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

12 ਦਸੰਬਰ 1920 'ਤੇ ਵਿਸ਼ੇਸ਼

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ



29 ਮਾਰਚ 1849 ਨੂੰ ਅੰਗਰੇਜ਼ਾਂ ਦਾ ਪੰਜਾਬ 'ਤੇ ਰਾਜ ਹੋ ਗਿਆ। ਅੰਮ੍ਰਿਤਸਰ ਅਕਾਲ ਤਖ਼ਤ ਸਾਹਿਬ, ਤਰਨ ਤਾਰਨ ਅਤੇ ਹੋਰ ਵੀ ਪ੍ਰਸਿੱਧ ਗੁਰਦੁਆਰੇ ਅੰਗਰੇਜ਼ਾਂ ਦੇ ਪ੍ਰਬੰਧ ਹੇਠ ਆ ਗਏ। ਅੰਗਰੇਜ਼ੀ ਹਕੂਮਤ ਦੀ ਸ਼ਹਿ 'ਤੇ ਗੁਰਧਾਮਾਂ 'ਤੇ ਮਹੰਤਾਂ ਦਾ ਕਬਜ਼ਾ ਸੀ। ਉਹ ਗੁਰ ਮਰਿਆਦਾ ਦੇ ਉਲਟ ਮਨਮਾਨੀਆਂ ਕਰਦੇ। ਗੁਰਧਾਮਾਂ ਨੂੰ ਅਯਾਸ਼ੀ ਦੇ ਅੱਡੇ ਬਣਾ ਕੇ ਆਪਣੀ ਨਿੱਜੀ ਜਾਇਦਾਦ ਸਮਝਦੇ। ਗੁਰਦੁਆਰਿਆਂ ਦੇ ਸੁਧਾਰ ਲਈ 'ਸਿੰਘ ਸਭਾ ਲਹਿਰ' ਨੇ ਸਿੱਖਾਂ ਨੂੰ ਹਲੂਣਿਆਂ ਅਤੇ ਗੁਰ ਮਰਿਆਦਾ ਬਹਾਲ ਕਰਨ ਦੇ ਯਤਨ ਆਰੰਭੇ। ਫ਼ਿਰ ਖ਼ਾਲਸਾ ਦੀਵਾਨ, ਚੀਫ਼ ਖਾਲਸਾ ਦੀਵਾਨ ਅਤੇ ਅਕਾਲੀ ਲਹਿਰਾਂ ਹੋਂਦ ਵਿੱਚ ਆਈਆਂ। ਪੰਥ ਵਿੱਚ ਜਾਗ੍ਰਿਤੀ ਆਉਣ ਦਾ ਮੁੱਢ ਬੱਝਾ।

ਇਹ ਵੀ ਮਹਿਸੂਸ ਕੀਤਾ ਗਿਆ ਕਿ ਗੁਰਦੁਆਰਾ ਸੁਧਾਰ ਲਈ ਇੱਕ ਸਾਂਝੀ ਪ੍ਰਤੀਨਿਧ ਕਮੇਟੀ ਬਣਾਈ ਜਾਵੇ। ਨਵੰਬਰ 15,1920 ਨੂੰ ਹੋਣ ਵਾਲੇ ਪੰਥਕ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋਇਆ ਕਿ ਚਹੁੰ ਤਖ਼ਤਾਂ, ਗੁਰਦੁਆਰਿਆਂ, ਜਥੇਬੰਦੀਆਂ, ਸਿੱਖ ਰਿਆਸਤਾਂ, ਖ਼ਾਲਸਾ ਕਾਲਜ, ਸਕੂਲਾਂ, ਫ਼ੌਜੀਆਂ, ਨਿਹੰਗ ਜਥੇਬੰਦੀਆਂ ਆਪਣੇ ਪ੍ਰਤੀਨਿਧ ਭੇਜਣ। ਮਿਥੀ ਤਰੀਕ ਤੋਂ ਦੋ ਦਿਨ ਪਹਿਲਾਂ ਸਰਕਾਰ ਨੇ 36 ਪ੍ਰਤੀਨਿਧਾਂ ਦੀ ਕਮੇਟੀ ਬਣਾ ਲਈ। ਸ੍ਰ.ਹਰਬੰਸ ਸਿੰਘ ਅਟਾਰੀ ਪ੍ਰਧਾਨ ਨਿਯੁਕਤ ਹੋਏ। ਨਵੰਬਰ 15-16 ਦੇ ਇਕੱਠ ਵਿੱਚ ਜੋ ਸ਼ਾਮਲ ਹੋਏ, ਉਹਨਾਂ ਨੇ ਫ਼ੈਸਲਾ ਕੀਤਾ ਕਿ 175 ਸਿੰਘਾਂ ਦੀ ਕਮੇਟੀ ਬਣਾਈ ਜਾਵੇ। ਜਿਸ ਦਾ ਨਾਉਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਵੇ। ਸਰਕਾਰ ਦੇ ਨਿਯੁਕਤ 36 ਮੈਂਬਰ ਵੀ ਸ਼ਾਮਲ ਹੋਏ।

ਪਹਿਲਾ ਸਮਾਗਮ 12 ਦਸੰਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਇਆ। ਕਮੇਟੀ ਦੇ ਅਹੁਦੇਦਾਰ ਚੁਣੇ ਗਏ। ਨਿਯਮ ਤਿਆਰ ਕਰਨ ਲਈ ਕਮੇਟੀ ਬਣਾਈ ਗਈ। ਅਪ੍ਰੈਲ 30,1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਜ ਹੋਈ। ਜੁਲਾਈ 1921 ਵਿੱਚ ਵੋਟਾਂ ਪਾ ਕੇ ਨਵੀਂ ਕਮੇਟੀ ਦੀ ਚੋਣ ਹੋਈ। ਇਸ ਨਾਲ ਕਮੇਟੀ ਮੁਕੰਮਲ ਦਾ ਸਮਾਗਮ 27 ਅਗਸਤ 1921 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਇਆ। ਤਦ 31 ਮੈਂਬਰਾਂ ਦੀ ਅੰਤ੍ਰਿਗ ਕਮੇਟੀ ਬਣਾਈ ਗਈ। ਸ੍ਰ. ਖੜਕ ਸਿੰਘ ਜੀ ਰਈਸ, ਸਿਆਲਕੋਟ ਪ੍ਰਧਾਨ, ਸ੍ਰ. ਸੁੰਦਰ ਸਿੰਘ ਜੀ ਰਾਮਗੜ੍ਹੀਆ ਮੀਤ ਪ੍ਰਧਾਨ, ਸ੍ਰ. ਬਹਾਦਰ ਮਹਿਤਾਬ ਸਿੰਘ ਜੀ ਬੈਰਿਸਟਰ ਸਕੱਤਰ ਨਿਯੁਕਤ ਹੋਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸੁਧਾਰ ਦਾ ਕੰਮ ਬੜੀ ਸ਼ਿੱਦਤ ਨਾਲ ਸ਼ੁਰੂ ਕੀਤਾ। ਜਿਹੜੇ ਗੁਰਦੁਆਰੇ ਕਮੇਟੀ ਹੇਠ ਆ ਗਏ, ਉਹਨਾਂ ਦੇ ਮਹੰਤਾਂ ਨੂੰ ਗੁਜ਼ਾਰੇ ਲਈ ਤਨਖਾਹ ਅਤੇ ਰਿਹਾਇਸ਼ ਦਿੱਤੇ ਗਏ। ਜਿਸ ਨਾਲ ਚੋਹਲਾ ਸਾਹਿਬ , ਖਡੂਰ ਸਾਹਿਬ, ਬਾਬਾ ਬਕਾਲਾ, ਏਮਨਾਬਾਦ, ਗੁਰੂ ਕਾ ਬਾਗ, ਸੱਚਾ ਸੌਦਾ, ਪੰਜਾ ਸਾਹਿਬ, ਭਾਈ ਜੋਗਾ ਪਸ਼ੋਰ, ਸਮਾਧ ਅਕਾਲੀ ਫ਼ੂਲਾ ਸਿੰਘ ਆਦਿ। ਆਰੰਭੇ ਕਾਰਜਾਂ ਦੀ ਕਾਰਵਾਈ ਚਲਾਉਣ ਲਈ ਸਹਾਇਤਾ ਦੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਜਥੇਬੰਦੀ ਬਣੀ। ਗੁਰਦੁਆਰਿਆਂ ਦੇ ਮਹੱਤਵ ਅਤੇ ਮਰਿਆਦਾ ਨੂੰ ਬਹਾਲ ਕਰਨ ਦਾ ਕੰਮ ਜਾਰੀ ਰਿਹਾ।

ਗੁਰਦੁਆਰਾ ਤਰਨ ਤਾਰਨ ਨੂੰ ਆਜ਼ਾਦ ਕਰਵਾਉਣ ਲਈ ਭਾਈ ਹਜ਼ਾਰਾ ਸਿੰਘ ਤੇ ਭਾਈ ਹੁਕਮ ਸਿੰਘ ਜੀ ਸ਼ਹੀਦੀ ਪਾ ਗਏ। ਤਦ 17 ਸਿੰਘ ਜ਼ਖ਼ਮੀ ਹੋਏ। ਸਾਕਾ ਨਨਕਾਣਾ ਸਾਹਿਬ ਵਿੱਚ ਮਹੰਤ ਨਰਾਇਣ ਦਾਸ ਦੇ ਗੁੰਡਿਆਂ ਨੇ ਭਾਈ ਲਛਮਣ ਸਿੰਘ ਜੀ ਨੂੰ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਵਿੱਚ ਬੈਠਿਆ ਸ਼ਹੀਦ ਕਰ ਦਿੱਤਾ ਗਿਆ। ਗੁਰੂ ਗਰੰਥ ਸਾਹਿਬ ਜੀ ਦੀ ਬੀੜ 'ਤੇ ਵੀ ਗੋਲੀਆਂ ਲੱਗੀਆਂ।

ਕਈ ਸਿੰਘ ਜਿਉਂਦੇ ਸਾੜੇ ਗਏ ਤੇ ਸਿੰਘ ਸ਼ਹੀਦੀਆਂ ਪਾ ਗਏ। ਹੋਰ ਵੀ ਗੁਰਦੁਆਰੇ ਆਜ਼ਾਦ ਕਰ ਲਏ ਗਏ ਜਿਵੇਂ ਮਾਲ ਜੀ ਸਾਹਿਬ, ਕਿਆਰ ਸਾਹਿਬ ਅਤੇ ਬਾਲ ਲੀਲ੍ਹਾ ਸਾਹਿਬ।

ਚਾਬੀਆਂ ਦਾ ਮੋਰਚਾ ਅਤੇ ਕ੍ਰਿਪਾਨ ਦਾ ਮੋਰਚਾ ਵਿੱਚ ਸਿੰਘਾਂ ਨੇ ਸਫ਼ਲਤਾ ਪਾਈ। ਮੋਰਚਾ ਗੁਰੂ ਕਾ ਬਾਗ ਵਿੱਚ ਸਿੰਘਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਜਨਤਕ ਮੋਰਚਿਆਂ ਦਾ ਰਾਹ ਖੁੱਲ੍ਹਿਆ। ਇਸ ਮੋਰਚੇ ਵਿੱਚ 5604 ਸਿੰਘ ਗ੍ਰਿਫ਼ਤਾਰ ਹੋਏ। ਜਿੰਨਾਂ ਵਿੱਚ 35 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ 200 ਫ਼ੌਜੀ ਪੈਂਨਸ਼ਨੀਏ ਸਨ। ਸਿੰਘਾਂ ਦੇ ਹਠ ਅੱਗੇ ਸਰਕਾਰ ਨੂੰ ਝੁਕਣਾ ਪਿਆ। ਬੰਦੀ ਸਿੰਘਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਪੰਜਾ ਸਾਹਿਬ ਸਾਕੇ ਵਿੱਚ ਅੰਦੋਲਨਾਂ ਵਿੱਚ ਗ੍ਰਿਫ਼ਤਾਰ ਕਰਕੇ ਲਿਜਾ ਰਹੇ ਫ਼ੌਜੀਆਂ ਨੂੰ ਲੰਗਰ ਛਕਾਉਣ ਲਈ ਸਾਕਾ ਪੰਜਾ ਸਾਹਿਬ ਵਾਪਰਿਆ। ਜਿਸ ਵਿੱਚ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਨੇ ਗੱਡੀ ਰੋਕ ਕੇ ਇੰਜਣ ਹੇਠ ਦਰੜੇ ਗਿਆਂ ਨੇ ਸ਼ਹੀਦੀਆਂ ਪਾਈਆਂ। ਲਾਹੌਰ ਦੇ ਪ੍ਰਸਿੱਧ ਗੁਰਦੁਆਰਾ ਭਾਈ ਫ਼ੇਰੂ ਦੇ ਕਬਜ਼ੇ ਲਈ ਕਾਨੂੰਨੀ ਲੜਾਈ ਲੜਨੀ ਪਈ। ਮਹਾਰਾਜਾ ਰਿਪੁਦਮਨ ਸਿੰਘ ਜੀ ਦੇ ਗੱਦੀਓਂ ਲਾਹੇ ਜਾਣ ਦੇ ਵਿਰੋਧ ਵਿੱਚ 'ਜੈਤੋ ਦਾ ਮੋਰਚਾ' ਲੱਗਾ। ਜਥਿਆਂ ਨੂੰ ਗ੍ਰਿਫ਼ਤਾਰ ਕਰਕੇ ਕੁੱਟਮਾਰ ਕੀਤੀ ਜਾਂਦੀ ਫ਼ਿਰ ਦੂਰ ਲਿਜਾ ਕੇ ਛੱਡ ਆਉਂਦੇ। ਇਸ ਵਿੱਚ 40-50 ਸਿੰਘ ਜ਼ਖ਼ਮੀ ਹੋਏ। ਬਾਕੀ ਸਿੰਘ ਸ਼ਹੀਦ ਹੋਏ। ਕੈਦੀਆਂ ਨੂੰ ਬੇਰਹਿਮੀ ਨਾਲ ਕੁੱਟਿਆ ਜਾਂਦਾ। ਲਗਭਗ 200 ਸਿੰਘ ਨਾਭਾ ਜੇਲ੍ਹ ਵਿੱਚ ਸ਼ਹੀਦ ਹੋਏ। ਸੂਰਬੀਰਾਂ ਨੇ ਅਣਮਨੁੱਖੀ ਤਸ਼ੱਦਦ ਦੇ ਕਸ਼ਟ ਸਹੇ। ਜੁਲਾਈ 27, 1925 ਨੂੰ ਕੈਦੀ ਰਿਹਾਅ ਕੀਤੇ ਗਏ।

ਸਿੰਘਾਂ ਦਾ ਹਠ ਅਤੇ ਜੋਸ਼ ਵੇਖ ਕੇ ਅੰਗਰੇਜ਼ੀ ਹਕੂਮਤ ਨੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਸੰਗਤਾਂ ਨੂੰ ਸੌਂਪਣ ਲਈ ਕਾਨੂੰਨ ਨੰਬਰ 8, 1925 ਪਾਸ ਹੋਇਆ। ਗੁਰਦੁਆਰਿਆਂ ਦਾ ਪ੍ਰਬੰਧ 23 ਨਵੰਬਰ 1926 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਿਲਿਆ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ।

'ਪੁੱਤ ਵੰਡਾਉਣ ਜ਼ਮੀਨਾਂ, ਧੀਆਂ ...'

-ਮੋਹਨ ਸ਼ਰਮਾ

ਉਸ ਦੇ ਦੋ ਧੀਆਂ ਸਨ। ਦੋਨੋਂ ਹੀ ਉਸ ਦੇ ਸਾਹੀਂ ਜਿਉਂਦੀਆਂ। ਪਤਨੀ ਭਾਵੇਂ ਕਦੇ-ਕਦੇ ਘਰ ਪੁੱਤਰ ਨਾ ਹੋਣ ਕਾਰਨ ਝੋਰਾ ਕਰਦੀ। ਰੱਬ ਅੱਗੇ ਪੁੱਤਰ ਦੀ ਦਾਤ ਲਈ ਅਰਦਾਸਾਂ ਵੀ ਕਰਦੀ। ਪਰ ਉਹ ਪਤਨੀ ਦੀ ਚਿੰਤਾਂ ਨੂੰ ਹਾਸੇ 'ਚ ਟਾਲਦਿਆਂ ਕਹਿੰਦਾ 'ਆਪਣੇ ਲਈ ਧੀਆਂ ਹੀ ਪੁੱਤਰਾਂ ਤੋਂ ਘੱਟ ਨਹੀਂ। ਤੂੰ ਵੇਖਦੀ ਨਹੀਂ ਪੁੱਤਾਂ ਵਾਲਿਆਂ ਦੇ ਹਾਲ ਨੂੰ। ਮਾਂ-ਬਾਪ ਦੇ ਗਲ ਗੂਠਾ ਦੇਣ ਤਕ ਜਾਂਦੇ ਨੇ। ਕਿਸੇ ਭਾਗਾਂ ਵਾਲਿਆਂ ਦਾ ਪੁੱਤ ਹੀ ਸੁਲੱਗ ਨਿਕਲਦੈ। ਰੋਜ਼ ਸੁਣਦੇ ਹਾਂ ਪੁੱਤਾਂ ਵਾਲਿਆਂ ਦੇ ਦੁੱਖ। ਹੁਣ ਤਾਂ ਸਰਵਣ ਪੁੱਤਾਂ ਦੀਆਂ ਬਹਿੰਗੀਆਂ ਵੀ ਉਦਾਸ ਨੇ। ਅੱਜਕੱਲ੍ਹ ਦੇ ਮੁੰਡੇ-ਖੁੰਡੇ ਮਾਂ-ਬਾਪ ਦੇ ਪੈਰੀਂ ਹੱਥ ਨਹੀਂ ਲਾਉਂਦੇ, ਸਗੋਂ ਗਰਦਨਾਂ 'ਚ ਹੱਥ ਪਾਉਂਦੇ ਨੇ। ਬਿਰਧ ਆਸ਼ਰਮ ਔਲਾਦਾਂ ਦੀ ਬੇਰੁਖੀ, ਨਿਰਾਦਰ ਅਤੇ ਤੰਗ ਪ੍ਰੇਸ਼ਾਨ ਹੋਏ ਬਜ਼ੁਰਗਾਂ ਨੂੰ ਸਾਂਭਣ ਲਈ ਹੀ ਤਾਂ ਥਾਂ-ਥਾਂ ਖੁੱਲ੍ਹ ਰਹੇ ਨੇ।'

'ਨਹੀਂ ਜੀ, ਦਰਅਸਲ ਔਰਤ ਉਨ੍ਹੀ ਦੇਰ ਆਪਣੇ-ਆਪ ਨੂੰ ਸੰਪੂਰਨ ਨਹੀਂ ਸਮਝਦੀ ਜਦੋਂ ਤਕ ਉਸ ਦੀ ਕੁੱਖੋਂ ਪੁੱਤਰ ਨਾ ਜੰਮੇ। ਧੀਆਂ ਤਾਂ ਬੇਗਾਨਾ ਧੰਨ ਨੇ। ਦਿਨਾਂ 'ਚ ਮੁਟਿਆਰ ਹੋ ਕੇ ਬਿਗਾਨੇ ਘਰ ਜਾ ਵਸਦੀਆਂ ਨੇ। ਐਵੇਂ ਤਾਂ ਨਹੀਂ ਧੀਆਂ ਨੂੰ ਬਿਗਾਨਾ ਧਨ ਕਿਹਾ ਜਾਂਦਾ।' ਉਸ ਨੇ ਵਿਹੜੇ ਵਿੱਚ ਖੇਡਦੀਆਂ ਧੀਆਂ ਵੱਲ ਵਿਹੰਦਿਆਂ ਹੌਕਾ ਭਰ ਕੇ ਗੱਲ ਨੂੰ ਅਗਾਂਹ ਤੋਰਿਆ 'ਨਾਲੇ ਜੀ, ਧੀਆਂ ਪਾਲਣੀਆਂ ਔਖੀਆਂ ਨਹੀਂ, ਸੰਭਾਲਣੀਆਂ ਔਖੀਆਂ ਨੇ।'

ਉਸ ਨੇ ਉਸ ਦੀ ਗੱਲ ਕਟਦਿਆਂ ਕਿਹਾ 'ਹੁਣ ਜ਼ਮਾਨਾ ਬਦਲ ਗਿਆ ਹੈ। ਮਾਪੇ ਮੁੰਡਿਆਂ ਦੀ ਤਰ੍ਹਾਂ ਧੀਆਂ ਦੀ ਲੋਹੜੀ ਮੰਨਾਉਂਦੇ ਨੇ। ਧੀਆਂ ਤਾਂ ਲੱਛਮੀ ਦਾ ਰੂਪ ਹੁੰਦੀਆਂ ਨੇ। ਮਾਪਿਆਂ ਦੀ ਜਿੰਨ੍ਹੀ ਸੇਵਾ ਕਰਦੀਆਂ ਨੇ, ਪੁੱਤ ਤਾਂ ਉਸ ਦੇ ਪਾਸਕੂ ਵੀ ਨਹੀਂ।' ਫਿਰ ਵੀ ਜੀ, ਧੀਆਂ ਵਾਲੇ ਘਰ ਤਾਂ ਹਰ ਵੇਲੇ ਡਰ ਦਾ ਪਰਛਾਵਾਂ ਰਹਿੰਦੈ। ਦਰਿੰਦਿਆਂ ਦੀਆਂ ਭੈੜੀਆਂ ਨਜ਼ਰਾਂ ਤੋਂ ਬਚਾ ਕੇ ਰੱਖਣਾ ਬੜਾ ਮੁਸ਼ਕਿਲ ਹੈ। ਭਾਵੇਂ ਹਾਲਾਂ ਨਿਆਣੀਆਂ ਨੇ ਪਰ ਮੈਂ ਤਾਂ ਇਨ੍ਹਾਂ ਦਾ ਭੋਰਾ ਵਿਸਾਹ ਨਹੀਂ ਖਾਂਦੀ। ਇਕੱਲਿਆਂ ਇਨ੍ਹਾਂ ਨੂੰ ਘਰ ਛੱਡ ਕੇ ਕਿਤੇ ਜਾਣ ਨੂੰ ਵੀ ਰੂਹ ਨਹੀਂ ਕਰਦੀ।

ਬਾਪ ਨੇ ਧੀਆਂ ਦਾ ਡਟ ਕੇ ਪੱਖ ਲੈਂਦਿਆਂ ਫਿਰ ਗੱਲਾਂ ਦੀ ਲੜੀ ਨੂੰ ਅਗਾਂਹ ਤੋਰਿਆ। 'ਬਾਹਰੋਂ ਕੰਮ ਤੋਂ ਥੱਕਿਆ ਹਾਰਿਆ ਜਦੋਂ ਘਰ ਪਰਤਦਾਂ ਤਾਂ ਸੱਚ ਮੰਨੀ, ਜਦੋਂ ਇਹ ਦੋਨੋਂ ਭੱਜ ਕੇ ਮੈਨੂੰ ਲਿਪਟ ਜਾਂਦੀਆਂ ਨੇ ਤਾਂ ਮੇਰਾ ਸਾਰਾ ਥਕੇਵਾਂ ਲਹਿ ਜਾਦੈਂ। ਇਉਂ ਲੱਗਦੈ ਜਿਵੇਂ ਦੁਨੀਆ ਦੀ ਸਾਰੀ ਦੌਲਤ ਮੇਰੀ ਝੋਲੀ 'ਚ ਪੈ ਗਈ ਹੋਵੇ। ਹਾਲਾਂ ਇਨ੍ਹਾਂ ਦੀ ਉਮਰ ਹੀ ਕੀ ਹੈ? ਛੋਟੀ ਰੇਸ਼ਮਾ ਛੇ ਸਾਲ ਦੀ ਅਤੇ ਪ੍ਰੀਤਮਾ ਅੱਠ ਸਾਲ ਦੀ। ਦੋਨੋਂ ਧੀਆਂ ਬੜੀਆਂ ਸੁਲੱਗ ਨੇ। ਕੱਲ ਮੈਂ ਸਕੂਲ ਗਿਆ ਸੀ। ਮਾਸਟਰ ਜੀ ਦੋਨਾਂ ਦੀਆਂ ਤਾਰੀਫਾਂ ਕਰਦੇ ਨਹੀਂ ਸੀ ਥੱਕਦੇ। ਸੱਚੀਂ ਬੜਾ ਮਨ ਖੁਸ਼ ਹੋਇਆ।'

'ਫਿਰ ਵੀ ਜੀ, ਜੇ ਰੱਬ ਧੀਆਂ ਦੀ ਪਿੱਠ ਢੱਕਣ ਲਈ ਪੁੱਤ ਦੇ ਦੇਵੇ।' ਮਾਂ ਵਾਰ-ਵਾਰ ਪੁੱਤਰ ਪ੍ਰਾਪਤੀ ਲਈ ਤਰਲਾ ਲੈ ਰਹੀ ਸੀ।

'ਲੈ ਫਿਰ ਸੁਣ, ਜਦੋਂ ਆਪਣੇ ਦੂਜੀ ਕੁੜੀ ਹੋਈ ਸੀ ਨਾ। ਮੈਂ ਮਾਯੂਸ ਜਿਹਾ ਹਸਪਤਾਲ ਦੇ ਬਾਹਰ ਖੜਾ ਸੀ। ਤੇਰੇ ਉਦਾਸ ਚਿਹਰੇ ਦਾ ਅਸਰ ਮੇਰੇ 'ਤੇ ਵੀ ਹੋ ਗਿਆ ਸੀ। ਮੈਨੂੰ ਨਿਢਾਲ ਜਿਹਾ ਵੇਖ ਕੇ ਪਰਲੇ ਵਿਹੜੇ ਦਾ ਉਜਾਗਰ ਮੇਰੇ ਕੋਲ ਆ ਗਿਆ। ਮੇਰੀ ਉਦਾਸੀ ਦਾ ਸਬੰਧ ਪੁੱਛਣ 'ਤੇ ਉਸ ਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਿਹਾ 'ਮੇਰਾ ਪਲਿਆ-ਪਲਾਇਆ 16 ਸਾਲਾਂ ਦਾ ਮੁੰਡਾ ਤੇਰੀ ਝੋਲੀ ਪਾਉਣ ਨੂੰ ਤਿਆਰ ਹਾਂ। ਨਾਲ ਪੰਜਾਹ ਹਜ਼ਾਰ ਰੁਪਿਆ ਵੀ ਦੇ ਦੂੰ। ਸਾਲੇ ਨੇ ਸਾਡੀ ਤਾਂ ਜੂਨ ਔਖੀ ਕਰ ਰੱਖੀ ਐ। ਨਿੱਤ ਕੋਈ ਨਾ ਕੋਈ ਉਧਮੂਲ ਖੜਾ ਰੱਖਦੈ। ਰੋਜ਼ ਦੋ-ਤਿੰਨ ਉਲਾਂਭੇ ਆ ਜਾਂਦੇ ਨੇ। ਮੇਰੇ ਅਤੇ ਤੇਰੀ ਭਰਜਾਈ ਨਾਲ ਸਿੱਧੇ ਮੂੰਹ ਗੱਲ ਹੀ ਨਹੀਂ ਕਰਦਾ। ਹੁਣ ਤੋਂ ਹੀ ਨਸ਼ਿਆਂ ਵੱਲ ਵੀ ਮੂੰਹ ਮਾਰਨ ਲੱਗ ਗਿਆ। ਪੋਟਾ-ਪੋਟਾ ਦੁਖੀ ਹਾਂ ਅਸੀਂ।'

'ਅਜਿਹੀ ਔਲਾਦ ਨਾਲੋਂ ਤਾਂ ਊਂਈ ਚੰਗਾ। ਇਹੋ ਜਿਹੀ ਔਲਾਦ ਕੀ ਰਗੜ ਕੇ ਫੋੜੇ ਤੇ ਲਾਉਂਣੀ ਐ।' ਇਹ ਕਹਿੰਦਿਆਂ ਉਹ ਪਰਨੇ ਦੇ ਨਾਲ-ਨਾਲ ਆਪਣੇ ਅੱਥਰੂ ਪੂੰਝਣ ਲੱਗ ਪਿਆ। ਮੇਰੇ ਦੋਨੋਂ ਹੱਥ ਦਿਲਾਸੇ ਲਈ ਉਸ ਦੇ ਮੋਢੇ ਤੇ ਚਲੇ ਗਏ।' ਫਿਰ ਉਸ ਨੇ ਗਲਾ ਸਾਫ਼ ਕਰਦਿਆਂ ਗੱਲ ਨੂੰ ਅਗਾਂਹ ਤੋਰਿਆ।

'ਅੱਜ ਕੱਲ ਇਕੱਲੇ-ਇਕੱਲੇ ਪੁੱਤ ਨੇ। ਚਾਰ ਖੁੱਡਾਂ ਵੇਚ ਕੇ ਉਨ੍ਹਾਂ ਨੇ ਵਿਦੇਸ਼ਾਂ ਨੂੰ ਜਾਣ ਦਾ ਰਾਹ ਫੜਿਆ ਹੋਇਐ। ਪਿੱਛੇ ਰਹਿ ਜਾਂਦੇ ਨੇ ਇਕੱਲੇ ਮਾਂ-ਬਾਪ। ਕਈ ਵਾਰੀਂ ਤਾਂ ਉਹ ਮਾਂ-ਬਾਪ ਦੇ ਗੁਜ਼ਰ ਜਾਣ 'ਤੇ ਮੋਢਾ ਦੇਣ ਲਈ ਵੀ ਨਹੀਂ ਆਉਂਦੇ। ਕਹਿ ਦਿੰਦੇ ਨੇ ਜੌਬ ਤੋਂ ਛੁੱਟੀ ਨਹੀਂ ਮਿਲਦੀ। ਫਿਰ ਕਿਸੇ ਰਿਸ਼ਤੇਦਾਰ ਨੂੰ ਸੁਨੇਹਾ ਦਿੰਦੇ ਨੇ। ਭੋਗ ਪਾ ਦਿਉ, ਖਰਚਾ ਮੈਂ ਭੇਜ ਦਿਆਂਗਾ।' ਇਹ ਕਹਿੰਦਿਆਂ ਉਹ ਉਦਾਸ ਹੋ ਗਿਆ। ਉਦਾਸੀ ਦਾ ਬੁੱਲਾਂ ਉਸ ਦੀ ਪਤਨੀ ਵੱਲ ਵੀ ਚਲਾ ਗਿਆ ਸੀ। ਦੋਨੋਂ ਧੀਆਂ ਹਾਲਾਂ ਸਕੂਲੋਂ ਨਹੀਂ ਸੀ ਪਰਤੀਆਂ। ਉਸ ਨੇ ਮੰਨ ਲਿਆ ਸੀ ਕਿ ਆਪਣੀ ਪਤਨੀ ਦੇ ਮਨ ਅੰਦਰ ਪੁੱਤਰ ਪ੍ਰਾਪਤੀ ਦੇ ਝੋਰੇ ਨੂੰ ਉਹ ਅੱਜ ਦੂਰ ਕਰ ਕੇ ਰਹੇਗਾ। ਉਸ ਨੇ ਗੰਭੀਰ ਹੋ ਕੇ ਪਤਨੀ ਵੱਲ ਵਿਹੰਦਿਆਂ ਕਿਹਾ 'ਹਾਲਾਂ ਕੁਝ ਦਿਨ ਪਹਿਲਾਂ ਹੀ ਇਕਲੌਤਾ ਪੁੱਤ ਆਪਣੀ ਮਾਂ ਦੀਆਂ ਹੱਡੀਆਂ ਪਸਲੀਆਂ ਤੋੜ ਕੇ ਉਸ ਨੂੰ ਗੱਠੜੀ 'ਚ ਬੰਨ ਕੇ ਨਹਿਰ ਵਿੱਚ ਸੁੱਟਣ ਜਾ ਰਿਹਾ ਸੀ। ਪੰਚਾਇਤ ਮੈਂਬਰ ਨੂੰ ਪਤਾ ਲੱਗ ਗਿਆ। ਉਸ ਨੇ ਥਾਣੇ ਇਤਲਾਹ ਦਿੱਤੀ। ਪੁਲਿਸ ਨੇ ਉਸ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ। ਬਜ਼ੁਰਗ ਮਾਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਹੈ ਅਤੇ ਉਹ ਜ਼ਿੰਦਗੀ ਮੌਤ ਦੀ ਜੰਗ ਲੜ ਰਹੀ ਹੈ।'

'ਡੁੱਬ ਜਾਣੇ ਨੇ ਜਨਮ ਦਾਤੀ ਨਾਲ ਅਜਿਹਾ ਜੁਲਮ ਕਿਉਂ ਕੀਤਾ?'

'ਇਸ ਲਈ ਕਿ ਉਹ ਉਸ ਨੂੰ ਨਸ਼ੇ ਕਰਨ ਤੋਂ ਵਰਜਦੀ ਸੀ ਅਤੇ ਪੁੱਤ ਰੋਜ਼ ਦੀ ਟੋਕਾ-ਟਾਕੀ ਤੋਂ ਤੰਗ ਆ ਗਿਆ ਸੀ।'

'ਵਾਹਿਗੁਰੂ , ਵਾਹਿਗੁਰੂ ਕਹਿੰਦਿਆਂ ਉਸ ਦੀ ਪਤਨੀ ਨੇ ਉੱਪਰ ਵੱਲ ਹੱਥ ਜੋੜ ਦਿੱਤੇ।'

'ਹੁਣ ਤਾਂ ਜ਼ਮਾਨੇ ਨੂੰ ਊਂਈ ਅੱਗ ਲੱਗੀ ਪਈ ਐ। ਬਾਪ ਦਵਾਈ ਲਈ ਡੁਚਕਦੈ। ਪੁੱਤ ਨੂੰ ਤਰਲੇ ਨਾਲ ਦਵਾਈ ਲਿਆਉਣ ਲਈ ਕਹਿੰਦੈ। ਪਰ ਭਲਾ ਉਸ ਦੇ ਕੋਲ ਵਿਹਲ ਕਿੱਥੇ। ਹਾਂ, ਪਿੱਛੋਂ ਬੁੜ੍ਹੇ ਦੇ ਭੋਗ 'ਤੇ ਆਪਣੀ ਬੱਲ੍ਹੇ-ਬੱਲ੍ਹੇ ਕਰਵਾਉਣ ਲਈ ਹਜ਼ਾਰਾਂ ਰੁਪਏ ਖਰਚ ਕਰ ਦੇਵੇਗਾ। ਸ਼ਰਧਾਂਜਲੀਆਂ ਸਮੇਂ ਬੁਲਾਰੇ ਗੁਜ਼ਰਨ ਵਾਲੇ ਬਜ਼ੁਰਗ ਦਾ ਮਾੜਾ-ਮੋਟਾ ਅਫ਼ਸੋਸ ਕਰ ਕੇ ਪੁੱਤ ਦਾ ਗੁਣਗਾਣ ਕਰਦਿਆਂ ਉਸ ਨੂੰ ਸਰਵਣ ਪੁੱਤ ਕਹਿਣ 'ਚ ਕੋਈ ਕਸਰ ਨਹੀਂ ਛੱਡਦੇ।'

ਕੁਝ ਪਲਾਂ ਦੀ ਖਾਮੋਸ਼ੀ ਤੋਂ ਬਾਅਦ ਉਸ ਨੇ ਪਤਨੀ ਨੂੰ ਮੁਖਾਤਿਬ ਹੁੰਦਿਆਂ ਰਾਮ ਕਹਾਣੀ ਨੂੰ ਅਗਾਂਹ ਤੋਰਦਿਆਂ ਕਿਹਾ 'ਰਾਇਮੰਡ ਕੱਪੜੇ ਦਾ ਵੱਡਾ ਵਪਾਰੀ ਜਿਸ ਨੇ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਆਪਣਾ ਹਵਾਈ ਜਹਾਜ਼ ਰੱਖਿਆ ਹੋਇਆ ਸੀ। ਇਸ ਵੇਲੇ ਕਿਰਾਏ ਦੇ ਮਕਾਨ 'ਚ ਰਹਿ ਰਿਹਾ ਹੈ। ਉਸ ਦੇ ਪੁੱਤ ਨੇ ਸਾਰੀ ਜਾਇਦਾਦ 'ਤੇ ਕਬਜ਼ਾ ਕਰ ਕੇ ਬਾਪ ਨੂੰ ਘਰੋਂ ਕੱਢ ਦਿੱਤਾ ਹੈ। ਇਸ ਤਰ੍ਹਾਂ ਹੀ ਹਾਈ ਕੋਰਟ ਦੇ ਰਿਟਾਇਰਡ ਚੀਫ਼ ਜਸਟਿਸ ਨੇ ਆਪਣੇ ਇਕਲੌਤੇ ਪੁੱਤ ਦੀਆਂ ਕਮੀਨੀਆਂ ਹਰਕਤਾਂ ਤੋਂ ਦੁਖੀ ਹੋ ਕੇ ਹਾਈ ਕੋਰਟ 'ਚ ਆਪਣੀ ਅਤੇ ਪਤਨੀ ਦੀ ਰੱਖਿਆ ਲਈ ਅਪੀਲ ਕੀਤੀ ਸੀ। ਇਹੋ ਜਿਹੇ ਵਿਅਕਤੀ ਤਾਂ ਦੁਹਾਈ ਪਾ ਕੇ ਕਹਿੰਦੇ ਨੇ ਕਿ ਅਸੀਂ ਅਜਿਹੀ ਔਲਾਦ ਨਾਲੋਂ ਔਤ ਹੀ ਚੰਗੇ ਸੀ।' ਹੁਣ ਉਸ ਦੀ ਪਤਨੀ ਚੁੱਪ ਕਰ ਗਈ ਸੀ। ਉਸ ਨੇ ਇਹ ਦ੍ਰਿੜ ਸੰਕਲਪ ਕਰ ਲਿਆ ਕਿ ਉਹ ਮੁੜ ਕੇ ਪੁੱਤਰ ਪ੍ਰਾਪਤੀ ਵਾਲਾ ਜ਼ਿਕਰ ਨਹੀਂ ਕਰੇਗੀ।

ਦੋਨੋਂ ਲੜਕੀਆਂ ਪੜ੍ਹਾਈ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ 'ਚ ਵੀ ਮੋਹਰੀ ਭੂਮਿਕਾ ਨਿਭਾਉਂਦੀਆਂਸਨ। ਪੌੜੀ-ਦਰ-ਪੌੜੀ ਚੜਦਿਆਂ ਉਨ੍ਹਾਂ ਦੋਨਾਂ ਨੇ ਅੱਗੜ-ਪਿੱਛੜ ਸਕੂਲ ਦੀ ਪੜ੍ਹਾਈ ਪੂਰੀ ਕਰ ਲਈ।

ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਨੂੰ ਉਚੇਰੀ ਪੜ੍ਹਾਈ ਲਈ ਕਾਲਜ ਦਾਖਲ ਕਰਵਾ ਦਿੱਤਾ। ਪੜਾਈ 'ਚ ਹੁਸ਼ਿਆਰ ਹੋਣ ਕਾਰਨ ਦੋਨੋਂ ਭੈਣਾਂ ਬੀ.ਐਡ ਕਰਨ ਉਪਰੰਤ ਵੱਖ-ਵੱਖ ਸਰਕਾਰੀ ਸਕੂਲਾਂ 'ਚ ਅਧਿਆਪਕ ਲੱਗ ਗਈਆਂ। ਘਰ ਦੀਆਂ ਜਿੰਮੇਵਾਰੀਆਂ, ਮਾਪਿਆਂ ਦੀ ਸੰਭਾਲ ਅਤੇ ਪਰਿਵਾਰ ਦੀ ਇੱਜ਼ਤ ਨੂੰ ਬਚਾਈ ਰੱਖਣ 'ਚ ਵੀ ਉਹ ਕੋਈ ਕਸਰ ਨਹੀਂ ਸੀ ਰੱਖਦੀਆਂ। ਹੁਣ ਤਾਂ ਮਾਂ ਵੀ ਕਹਿਣ ਲੱਗ ਪਈ ਸੀ ਕਿ ਮੇਰੀਆਂ ਧੀਆਂ ਤਾਂ ਪੁੱਤਾਂ ਨਾਲੋਂ ਵੀ ਦੋ ਕਦਮ ਅੱਗੇ ਨੇ।

ਯੋਗ ਸਮਾਂ ਆਉਣ 'ਤੇ ਦੋਨਾਂ ਧੀਆਂ ਦਾ ਚੰਗੇ ਵਰ੍ਹ ਲੱਭ ਕੇ ਵਿਆਹ ਵੀ ਕਰ ਦਿੱਤਾ। ਡੋਲੀ ਚੜ੍ਹਣ ਵੇਲੇ ਭੁੱਬੀਂ ਰੋਂਦਿਆਂ ਉਨ੍ਹਾਂ ਨੇ ਮਾਂ-ਬਾਪ ਦੇ ਗਲ ਲੱਗਦਿਆਂ ਗੱਚ ਭਰ ਕੇ ਕਿਹਾ 'ਕਦੇ ਆਪਣੇ-ਆਪ ਨੂੰ ਇਕੱਲਿਆਂ ਮਹਿਸੂਸ ਨਾ ਕਰਨਾ। ਤੁਹਾਡੇ ਲੱਗਿਆ ਕੰਡਾ ਵੀ ਸਾਨੂੰ ਪੀੜ ਦੇਵੇਗਾ। ਤੁਹਾਡੀ ਦਿੱਤੀ ਸਿੱਖਿਆ ਤੇ ਪੂਰੀ ਤਰ੍ਹਾਂ ਅਮਲ ਕਰਨਾ ਸਾਡਾ ਫਰਜ਼ ਹੈ। ਜਦੋਂ ਵੀ ਲੋੜ ਪਈ, ਤੁਹਾਡੇ ਅੱਧੇ ਬੋਲ ਤੇ ਭੱਜੀਆਂ ਆਵਾਂਗੀਆਂ।'

ਦੋਨੋਂ ਭੈਣਾਂ ਆਪਣੇ-ਆਪਣੇ ਸਹੁਰੇ ਘਰ ਰੰਗੀ ਵਸਦੀਆਂ ਸਨ। ਇੱਕ ਦਿਨ ਦੋਨਾਂ ਧੀਆਂ ਨੂੰ ਉਨ੍ਹਾਂ ਦੀ ਮਾਂ ਦਾ ਸੁਨੇਹਾ ਮਿਲਿਆ 'ਥੋਡਾ ਡੈਡੀ ਖਾਸਾ ਢਿੱਲੈ। ਖਾਧਾ-ਪੀਤਾ ਹਜ਼ਮ ਵੀ ਨਹੀਂ ਹੁੰਦਾ। ਚੱਜ ਨਾਲ ਰੋਟੀ ਵੀ ਨਹੀਂ ਖਾਂਦੈ। ਦੋਨੋਂ ਧੀਆਂ ਸੁਣਕੇ ਭੱਜੀਆਂ ਆਈਆਂ। ਡਾਕਟਰਾਂ ਨੂੰ ਚੈੱਕਅੱਪ ਕਰਵਾਇਆ। ਦੱਸੇ ਟੈਸਟ ਕਰਵਾਏ। ਉਦੋਂ ਉਹ ਅੰਤਾਂ ਦੀਆਂ ਮਾਯੂਸ ਹੋ ਗਈਆਂ ਜਦੋ ਡਾਕਟਰ ਨੇ ਦੱਸਿਆ ਕਿ ਇਨ੍ਹਾਂ ਦੀਆਂ ਦੋਨੋਂ ਕਿਡਨੀਆਂ ਖ਼ਰਾਬ ਹੋ ਗਈਆਂ ਨੇ। ਇੱਕ ਕਿਡਨੀ ਬਦਲਣ ਲਈ ਕਿਸੇ ਹੋਰ ਦੀ ਕਿਡਨੀ ਲਾਉਣੀ ਪਵੇਗੀ।

ਭਾਰੀ ਖਰਚ ਸਬੰਧੀ ਵੀ ਦੱਸ ਦਿੱਤਾ। ਦੋਨੋਂ ਭੈਣਾਂ ਆਪਣੇ ਬਾਬਲ ਦੀ ਜ਼ਿੰਦਗੀ ਦੇ ਖ਼ਤਰੇ ਨੂੰ ਭਾਂਪਦਿਆਂ ਇੱਕ ਵਾਰ ਤਾਂ ਸੁੰਨ੍ਹ ਹੋ ਗਈਆਂ। ਅੱਥਰੂਆਂ ਭਿੱਜੀ ਆਵਾਜ਼ 'ਚ ਧੀਆਂ ਨੇ ਆਪਣੇ ਪਤੀਆਂ ਅਤੇ ਸਹੁਰੇ ਪਰਿਵਾਰਾਂ ਨੂੰ ਦੱਸਿਆ। ਦੋਨਾਂ ਦੇ ਪਤੀ ਵੀ ਹਸਪਤਾਲ ਪੁੱਜ ਗਏ। ਦੋਨਾਂ ਨੇ ਆਪਣੇ-ਆਪਣੇ ਪਤੀਆਂ ਨੂੰ ਖੂਨ ਦੇ ਅੱਥਰੂ ਕੇਰਦਿਆਂ ਕਿਹਾ 'ਸਾਡਾ ਬਾਬਲ ਸਾਡਾ ਜੀਵਨ ਹੈ। ਸਾਡੇ ਲਈ ਆਪਣੀ ਜ਼ਿੰਦਗੀ ਵਾਰ ਕੇ ਵੀ ਇਨ੍ਹਾਂ ਨੂੰ ਬਚਾਉਣਾ ਸ਼ੁਭ ਕਰਮ ਹੋਵੇਗਾ। ਅਸੀਂ ਇਨ੍ਹਾਂ ਬਿਨਾਂ...।' ਦੋਨਾਂ ਦੇ ਪਤੀਆਂ ਨੇ ਉਨ੍ਹਾਂ ਨੂੰ ਹੌਂਸਲਾ ਦਿੰਦਿਆਂ ਕਿਹਾ 'ਇਸ ਦੁੱਖ ਦੀ ਘੜੀ 'ਚ ਅਸੀਂ ਤੁਹਾਡੇ ਨਾਲ ਚਟਾਨ ਵਾਂਗ ਖੜ੍ਹੇ ਹਾਂ।' ਅਤੇ ਫਿਰ ਧੀਆਂ ਨੇ ਤੁਰੰਤ ਫੈਸਲਾ ਲੈਂਦਿਆਂ ਕਿਹਾ 'ਸਾਡੇ 'ਚੋਂ ਇੱਕ ਆਪਣੀ ਕਿਡਨੀ ਦਾਨ ਕਰੇਗੀ ਅਤੇ ਦੂਜੀ ਇਲਾਜ ਦਾ ਸਾਰਾ ਖਰਚਾ ਆਪਣੇ ਸਿਰ ਲਵੇਗੀ।' ਵੱਡੀ ਧੀ ਨੇ ਛੋਟੀ ਭੈਣ ਦਾ ਹੱਥ ਘੁੱਟ ਕੇ ਫੜਦਿਆਂ ਕਿਹਾ 'ਮੈਂ ਤੈਥੋਂ ਵੱਡੀ ਹਾਂ। ਬਾਬਲ ਨੂੰ ਕਿਡਨੀ ਦਾਨ ਦੇਣੀ ਮੇਰਾ ਫਰਜ਼ ਹੈ।' ਇਸ ਫੈਸਲੇ ਤੇ ਸਹੁਰੇ ਪਰਿਵਾਰ ਅਤੇ ਪਤੀਆਂ ਦੀ ਮੋਹਰ ਲੱਗ ਗਈ।

ਮਾਂ ਨੂੰ ਪਤਾ ਲੱਗਣ ਤੇ ਉਸ ਨੇ ਡਾਢੇ ਹੀ ਮੋਹ ਨਾਲ ਆਪਣੀਆਂ ਧੀਆਂ ਵੱਲ ਵੇਖਿਆ। ਇਲਾਜ ਸ਼ੁਰੂ ਹੋ ਗਿਆ। ਦੋਨਾਂ ਦੇ ਲੋੜੀਂਦੇ ਸਾਰੇ ਟੈਸਟ ਕੀਤੇ ਗਏ। ਸਾਰੇ ਟੈਸਟਾਂ ਤੋਂ ਬਾਅਦ ਲੜਕੀ ਕਿਡਨੀ ਦੇਣ ਦੇ ਯੋਗ ਪਾਈ ਗਈ। ਨਿਸ਼ਚਿਤ ਦਿਨ ਅਪਰੇਸ਼ਨ ਹੋਇਆ। ਅਪਰੇਸ਼ਨ ਥੀਏਟਰ ਤੋਂ ਬਾਹਰ ਮਾਂ, ਧੀ, ਜਵਾਈ ਅਤੇ ਹੋਰ ਰਿਸ਼ਤੇਦਾਰ ਕਾਲਜੇ ਤੇ ਹੱਥ ਧਰ ਕੇ ਅਪਰੇਸ਼ਨ ਕਾਮਯਾਬ ਹੋਣ ਦੀ ਦੁਆ ਕਰ ਰਹੇ ਸਨ। ਕਈ ਘੰਟਿਆਂ ਦੇ ਅਪਰੇਸ਼ਨ ਤੋਂ ਬਾਅਦ ਡਾਕਟਰਾਂ ਵੱਲੋਂ ਅਪਰੇਸ਼ਨ ਕਾਮਯਾਬ ਦਾ ਸੁਨੇਹਾ ਮਿਲਣ 'ਤੇ ਸਾਰਿਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਅਠਖੇਲੀਆਂ ਕਰ ਰਹੀ ਸੀ। ਤਿੰਨ ਕੁ ਮਹੀਨੇ ਉਹ ਹਸਪਤਾਲ 'ਚ ਰਹੇ। ਫਿਰ ਇਕ ਦਿਨ ਮਾਂ ਨੇ ਘਰ ਦੇ ਮੈਂਬਰਾਂ ਕੋਲ ਪ੍ਰਗਟਾਵਾ ਕੀਤਾ ਕਿ ਨਾਲ ਵਾਲੇ ਕਮਰੇ 'ਚ ਚੰਗੇ ਖਾਂਦੇ-ਪੀਂਦੇ ਘਰ ਦਾ 60 ਕੁ ਵਰ੍ਹਿਆਂ ਦਾ ਵਿਅਕਤੀ ਦੋਨੋਂ ਕਿਡਨੀਆਂ ਖਰਾਬ ਹੋਣ ਕਾਰਨ ਦਾਖਲ ਹੈ। ਦੋ ਪੁੱਤਾਂ ਦਾ ਬਾਪ ਹੈ ਉਹ। ਉਨ੍ਹਾਂ 'ਚੋਂ ਇੱਕ ਵਿਆਹਿਆ ਹੋਇਆ ਹੈ।

ਡਾਕਟਰ ਨੇ ਦੋਨਾਂ ਪੁੱਤਾਂ ਨੂੰ ਆਪਣੇ ਬਾਪ ਲਈ ਕਿਡਨੀ ਦਾ ਪ੍ਰਬੰਧ ਕਰਨ ਲਈ ਕਿਹਾ। ਦੋਨੋਂ ਭਰਾ ਜਦੋਂ ਆਪਸ 'ਚ ਇਸ ਸਬੰਧੀ ਸਲਾਹ-ਮਸ਼ਵਰਾ ਕਰਨ ਲੱਗੇ ਤਾਂ ਵੱਡੇ ਦੀ ਘਰ ਵਾਲੀ ਨੇ ਕੁਰੱਖਤ ਜਿਹੀ ਭਾਸ਼ਾ 'ਚ ਆਪਣੇ ਦਿਉਰ ਨੂੰ ਕਿਹਾ 'ਮੇਰਾ ਘਰ ਵਾਲਾ ਤਾਂ ਕਿਡਨੀ ਕਢਵਾਉਂਦਾ ਨਹੀਂ। ਜੇ ਅਪਰੇਸ਼ਨ ਸਮੇਂ ਇਸ ਨੂੰ ਕੁਝ ਹੋ ਗਿਆ ਤਾਂ ਮੈਂ ਸਾਰੀ ਉਮਰ ਰੰਡੇਪਾ ਕਿਵੇਂ ਕੱਟੂੰ? ਛੋਟਿਆ, ਤੂੰ ਹਾਲੇ ਕੁਆਰਾ ਹੈਂ। ਇਹ ਕੰਮ ਤੂੰ ਕਰ।' ਅੱਗਿਉਂ ਛੋਟਾ ਬਿਫਰ ਕੇ ਬੋਲਿਆ। ਸਾਰਾ ਪੈਸਾ ਟਕਾ ਤਾਂ ਤੁਸੀਂ ਸਾਂਭਦੇ ਰਹੇ ਹੋਂ। ਹੁਣ ਲੋੜ ਵੇਲੇ ਮੋਕ ਮਾਰਨ ਲੱਗ ਗਏ। ਜੇ ਕਿਡਨੀ ਦੇਣ ਨਾਲ ਵੱਡੇ ਨੂੰ ਕੁਝ ਹੋ ਸਕਦੈ ਤਾਂ ਮੈਨੂੰ ਕਿਉਂ ਨਹੀਂ। ਜੇ ਅਪਰੇਸ਼ਨ ਠੀਕ ਵੀ ਹੋ ਗਿਆ ਫਿਰ ਇੱਕ ਕਿਡਨੀ ਕਰ ਕੇ ਮੈਨੂੰ ਤਾਂ ਸਾਕ ਵੀ ਨਹੀਂ ਹੋਣਾ। ਮੇਰਾ ਕੋਰਾ ਜਵਾਬ ਐ। ਇੰਝ ਦੋਨਾਂ ਨੇ ਹੀ ਕਿਡਨੀ ਦੇਣ ਤੋਂ ਜਵਾਬ ਦੇ ਦਿੱਤਾ ਅਤੇ ਉਨ੍ਹਾਂ ਦਾ ਬਾਪ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ।'ਫਿਰ ਜਿਸ ਦਿਨ ਧੀਆਂ ਦੇ ਬਾਬਲ ਨੂੰ ਪੂਰੀ ਤਰ੍ਹਾਂ ਤੰਦਰੁਸਤ ਹੋਣ ਤੋਂ ਬਾਅਦ ਹਸਪਤਾਲ 'ਚੋਂ ਛੁੱਟੀ ਮਿਲੀ, ਉਸੇ ਦਿਨ ਦੋਨਾਂ ਪੁੱਤਾਂ ਦਾ ਬਾਪ ਪੁੱਤਾਂ ਦੀ ਖੁਦਗਰਜ਼ੀ, ਅਕ੍ਰਿਤਘਣਤਾ ਅਤੇ ਪਾਣੀਉਂ ਪਤਲੇ ਰਿਸ਼ਤੇ ਦੀ ਮਾਰ ਦਾ ਸ਼ਿਕਾਰ ਹੋ ਕੇ ਦਮ ਤੋੜ ਗਿਆ।ਹਸਪਤਾਲ ਦੇ ਇੱਕ ਗੇਟ ਰਾਹੀਂ ਧੀਆਂ ਆਪਣੇ ਤੰਦਰੁਸਤ ਹੋਏ ਬਾਬਲ ਨੂੰ 'ਜ਼ਿੰਦਗੀ ਜ਼ਿੰਦਾਬਾਦ' ਕਹਿੰਦਿਆਂ ਘਰ ਲੈ ਕੇ ਜਾ ਰਹੀਆਂ ਸਨ। ਸੁਹਾਗਣ ਮਾਂ ਡਾਢੇ ਹੀ ਮੋਹ ਨਾਲ ਆਪਣੀਆਂ ਪੁੱਤਾਂ ਨਾਲੋਂ ਪਿਆਰੀਆਂ ਧੀਆਂ ਵੱਲ ਵੇਖ ਰਹੀ ਸੀ। ਦੂਜੇ ਗੇਟ ਰਾਹੀਂ ਦੋ ਪੁੱਤਾਂ ਦੇ ਬਾਪ ਦੀ ਅਰਥੀ ਦੇ ਨਾਲ ਰਿਸ਼ਤਿਆਂ ਦਾ ਜਨਾਜ਼ਾ ਵੀ ਨਿਕਲ ਰਿਹਾ ਸੀ।

ਮਿੰਨੀ ਕਹਾਣੀ

ਚਪੇੜ

ਗੁਰਸ਼ਰਨ ਸਿੰਘ ਕੁਮਾਰ

ਰੋਹਿਤ ਸਾਧਾਰਨ ਪਰਿਵਾਰ ਨਾਲ ਸਬੰਧ ਰੱਖਦਾ ਸੀ, ਪਰ ਉਸ ਦੀਆਂ ਖ਼ਾਹਿਸ਼ਾਂ ਬਹੁਤ ਵੱਡੀਆਂ ਸਨ। ਉਹ ਸਭ ਨੂੰ ਆਪਣੀ ਹੈਸੀਅਤ ਤੋਂ ਉੱਚਾ ਦਿਖਾਵਾ ਕਰਦਾ ਸੀ। ਉਸ ਦੀ ਸੋਹਬਤ ਵੀ ਅਜਿਹੇ ਮੁੰਡਿਆਂ ਨਾਲ ਹੋ ਗਈ ਜੋ ਫੁਕਰੇ ਜਿਹੇ ਸਨ। ਉਹ ਹਮੇਸ਼ਾਂ ਦੂਸਰਿਆਂ ਦੇ ਪੈਸਿਆਂ ਨਾਲ ਐਸ਼ ਕਰਨਾ ਲੋਚਦੇ ਸਨ। ਹੁਣ ਉਨ੍ਹਾਂ ਨੂੰ ਇੱਕ ਹੋਰ ਭੈੜੀ ਆਦਤ ਪੈ ਗਈ ਸੀ। ਵਿਆਹਾਂ ਦੇ ਦਿਨ ਸਨ। ਉਹ ਸਾਰੇ ਸੋਹਣੇ ਕੱਪੜੇ ਪਾ ਕੇ ਬਣ ਠਣ ਕੇ ਸ਼ਾਮ ਨੂੰ ਘਰੋਂ ਨਿਕਲ ਜਾਂਦੇ ਅਤੇ ਜਿੱਥੇ ਕੋਈ ਵਿਆਹ ਦਾ ਪੰਡਾਲ ਲੱਗਾ ਹੁੰਦਾ ਉੱਥੇ ਵੜ ਜਾਂਦੇ ਅਤੇ ਇੱਕ ਵੱਖਰਾ ਮੇਜ਼ ਘੇਰ ਲੈਂਦੇ। ਵੇਟਰ ਨੂੰ ਚੰਗੇ ਟਿੱਪ ਦਾ ਲਾਲਚ ਦੇ ਕੇ ਖ਼ੂਬ ਖਾਤਰਦਾਰੀ ਕਰਾਉਂਦੇ। ਵੇਟਰ ਵਿਚਾਰੇ ਵੀ ਟਿੱਪ ਦੇ ਲਾਲਚ ਕਰ ਕੇ ਉਨ੍ਹਾਂ ਦੀ ਮੇਜ਼ 'ਤੇ ਸੇਵਾ ਵਿੱਚ ਹੀ ਰਹਿੰਦੇ। ਉਹ ਉਨ੍ਹਾਂ ਲਈ ਮੀਟ, ਮੱਛੀ ਅਤੇ ਸ਼ਰਾਬ ਦੀ ਕੋਈ ਕਮੀ ਨਾ ਰਹਿਣ ਦਿੰਦੇ। ਰੋਹਿਤ ਅਤੇ ਉਸ ਦੇ ਸਾਥੀ ਟੁੰਨ ਹੋ ਕੇ ਪੇਟ 'ਤੇ ਹੱਥ ਫੇਰਦੇ ਹੋਏ ਬਾਹਰ ਆ ਜਾਂਦੇ। ਫਿਰ ਦੂਸਰਿਆਂ ਅੱਗੇ ਸ਼ੇਖੀਆਂ ਮਾਰਦੇ, "ਸਾਡੀ ਕਿਸਮਤ 'ਚ ਮੀਟ ਮੁਰਗੇ ਖਾਣੇ ਲਿਖੇ ਹੋਏ ਨੇ। ਫਿਰ ਅਸੀਂ ਘਰ ਦੀ ਦਾਲ ਰੋਟੀ ਕਿਉਂ ਖਾਈਏ?"

ਇਸੇ ਤਰ੍ਹਾਂ ਉਨ੍ਹਾਂ ਦੇ ਦਿਨ ਸੋਹਣੇ ਬੀਤ ਰਹੇ ਸਨ। ਇੱਕ ਵਾਰੀ ਰੋਹਿਤ ਦੇ ਚਾਚੇ ਦੇ ਮੁੰਡੇ ਜੀਤ ਦਾ ਵਿਆਹ ਸੀ। ਰੋਹਿਤ ਵੀ ਬਰਾਤ ਨਾਲ ਗਿਆ। ਉਸ ਨੇ ਇੱਥੇ ਆਪਣੇ ਦੋਸਤਾਂ ਨੂੰ ਨਾਲ ਲਿਜਾਣਾ ਠੀਕ ਨਾ ਸਮਝਿਆ। ਲੜਕੀ ਵਾਲਿਆਂ ਨੇ ਬਰਾਤੀਆਂ ਦੀ ਖ਼ੂਬ ਸੇਵਾ ਕੀਤੀ। ਮੀਟ, ਮੁਰਗੇ ਅਤੇ ਸ਼ਰਾਬ ਦੀ ਖੁੱਲ੍ਹੀ ਸਪਲਾਈ ਸੀ। ਰੋਹਿਤ ਨੇ ਵੀ ਪੇਟ ਭਰ ਕੇ ਖਾਧਾ ਪੀਤਾ। ਅਚਾਨਕ ਉਸ ਨੇ ਦੇਖਿਆ ਕਿ ਖਾਣੇ ਦੇ ਇੱਕ ਕਾਊਂਟਰ 'ਤੇ ਕੁਝ ਲੋਕ ਇਕੱਠੇ ਹੋ ਗਏ ਸਨ ਅਤੇ ਸ਼ੋਰ ਵੀ ਪੈ ਰਿਹਾ ਸੀ। ਰੋਹਿਤ ਨੇ ਕੋਲ ਜਾ ਕੇ ਦੇਖਿਆ ਤਾਂ ਇੱਕ ਵੇਟਰ 15 ਕੁ ਸਾਲ ਦੇ ਬੱਚੇ ਨੂੰ ਬਾਂਹ ਮਰੋੜ ਕੇ ਪੈਲੇਸ ਦੇ ਮਾਲਕ ਦੇ ਕਮਰੇ ਵੱਲ ਲਿਜਾ ਰਿਹਾ ਸੀ। ਉਸ ਨੇ ਮਾਲਕ ਨੂੰ ਜਾ ਕੇ ਕਿਹਾ, "ਜਨਾਬ, ਇਹ ਆਵਾਰਾ ਬੱਚਾ ਨਾ ਤਾਂ ਲੜਕੀ ਵਾਲਿਆਂ ਵੱਲੋਂ ਹੈ ਅਤੇ ਨਾ ਹੀ ਲੜਕੇ ਵਾਲਿਆਂ ਵੱਲੋਂ ਅਤੇ ਇੱਥੇ ਘੁਸ ਕੇ ਖਾਣਾ ਖਾ ਰਿਹਾ ਸੀ।"

ਮਾਲਕ ਨੇ ਲੜਕੇ ਵੱਲ ਕਸਾਈ ਤਰ੍ਹਾਂ ਦੇਖਿਆ। ਵੇਟਰ ਫੇਰ ਬੋਲਿਆ, "ਜਨਾਬ, ਅਜਿਹੇ ਬੱਚੇ ਹੀ ਵਿਆਹ ਸ਼ਾਦੀਆਂ ਵਿੱਚ ਔਰਤਾਂ ਦੇ ਪਰਸ ਅਤੇ ਗਹਿਣਿਆਂ ਦੇ ਬੈਗ ਚੋਰੀ ਕਰਦੇ ਹਨ। ਜੇ ਇੱਥੇ ਵੀ ਕੁਝ ਚੋਰੀ ਹੋ ਜਾਂਦਾ ਤਾਂ ਬਦਨਾਮੀ ਤਾਂ ਸਾਡੀ ਹੋਣੀ ਸੀ।"

ਮਾਲਕ ਨੇ ਮੁੰਡੇ ਨੂੰ ਘੂਰ ਕੇ ਪੁੱਛਿਆ, "ਕਿਉਂ ਓਏ, ਤੂੰ ਲੜਕੇ ਵਾਲਿਆਂ ਵੱਲੋਂ ਹੈਂ ਜਾਂ ਲੜਕੀ ਵਾਲਿਆਂ ਵੱਲੋਂ?"

"ਜੀ ਕਿਸੇ ਵੱਲੋਂ ਨਹੀਂ।" ਲੜਕਾ ਰੋਣੀ ਆਵਾਜ਼ ਵਿੱਚ ਬੋਲਿਆ।

"ਫਿਰ ਇੱਥੇ ਚੋਰੀ ਕਰਨ ਆਇਆ ਸੀ?"

"ਜੀ ਮੈਂ ਰੋਟੀ ਖਾਣ ਆਇਆ ਸੀ।"

ਰੋਹਿਤ ਡਰ ਗਿਆ। ਉਸ ਨੇ ਅੱਗੇ ਹੋ ਕੇ ਮਾਲਕ ਨੂੰ ਕਿਹਾ, "ਜੀ ਛੱਡੋ ਪਰ੍ਹੇ, ਵਿਚਾਰਾ ਗ਼ਰੀਬ ਹੈ।"

ਮਾਲਕ ਨੇ ਰੋਹਿਤ ਵੱਲ ਕੋਈ ਧਿਆਨ ਨਾ ਦਿੱਤਾ ਤੇ ਮੁੰਡੇ ਦੀ ਗੱਲ੍ਹ 'ਤੇ ਜ਼ੋਰਦਾਰ ਚਪੇੜ ਮਾਰੀ। ਮੁੰਡੇ ਨੇ ਉੱਚੀ ਚੀਕ ਮਾਰੀ ਅਤੇ ਜ਼ਮੀਨ 'ਤੇ ਡਿੱਗ ਪਿਆ। ਰੋਹਿਤ ਦਾ ਹੱਥ ਆਪਣੇ ਆਪ ਆਪਣੀ ਗੱਲ੍ਹ 'ਤੇ ਚਲਾ ਗਿਆ। ਉਸ ਨੂੰ ਲੱਗਿਆ ਕਿ ਇਹ ਚਪੇੜ ਮੁੰਡੇ ਦੇ ਨਹੀਂ ਸਗੋਂ ਉਸ ਦੇ ਆਪਣੇ ਮੂੰਹ 'ਤੇ ਵੱਜੀ ਸੀ। ਉਹ ਉਸੇ ਸਮੇਂ ਪੰਡਾਲ ਤੋਂ ਬਾਹਰ ਨਿਕਲ ਆਇਆ ਤੇ ਸਿੱਧਾ ਆਪਣੇ ਘਰ ਨੂੰ ਹੋ ਤੁਰਿਆ। ਉਸ ਦਿਨ ਤੋਂ ਉਸ ਨੇ ਗ਼ਲਤ ਕੰਮਾਂ ਤੋਂ ਤੌਬਾ ਕਰ ਲਈ ਅਤੇ ਭੈੜੇ ਦੋਸਤਾਂ ਦੀ ਸੰਗਤ ਵੀ ਛੱਡ ਦਿੱਤੀ।

ਮੇਰੀ ਕਲਮ

ਗ਼ਜ਼ਲ

ਜਗਜੀਤ ਗੁਰਮ

ਅੰਦਰ ਦੀ ਟੁੱਟ-ਭੱਜ ਨੂੰ ਅੰਦਰ ਹੀ ਰੱਖਦਾ ਹਾਂ
ਉਂਝ ਬਾਹਰੋਂ ਮੈਂ ਬਿਲਕੁਲ ਸਾਬਤ ਦਿਸਦਾ ਹਾਂ।
ਨਾ ਮੇਰੀ ਆਹਟ ਅੱਖ ਕਿਸੇ ਦੀ ਖੋਲ੍ਹ ਦਵੇ
ਤਾਂ ਹੀ ਨ੍ਹੇਰੇ ਵਿੱਚ ਬੋਚ ਬਚਾ ਕੇ ਤੁਰਦਾ ਹਾਂ।
ਸਾਰਾ ਸਫ਼ਰ ਸੁਖਾਵਾਂ ਮੈਨੂੰ ਜਾਪਣ ਲਗਦਾ
ਜਦ ਮਾਰੂਥਲ ਉੱਤੇ ਮੈਂ ਆ ਕੇ ਵਰ੍ਹਦਾ ਹਾਂ।
ਮੈਂ ਜਿਨ੍ਹਾਂ ਦੇ ਲਈ ਸੀਸ ਕਟਾਉਂਦਾ ਹਾਂ ਆਪਣਾ
ਉਨ੍ਹਾਂ ਹੱਥੋਂ ਜਲ ਕੇ, ਕਟ ਕੇ ਫਿਰ ਮਰਦਾ ਹਾਂ।
ਹੋਰਾਂ ਨਾਲ ਕਦੇ ਉਲਝਣ ਦੀ ਗੱਲ ਹੀ ਛੱਡੋ
ਮੈਂ ਆਪਣਾ ਵੀ ਸਾਹਮਣਾ ਕਰਨੋਂ ਬਚਦਾ ਹਾਂ।
ਬਹੁਤ ਜ਼ਲੀਲ ਕਰੇ ਰੋਜ਼ਾਨਾ ਜ਼ਿੰਦਗੀ ਮੈਨੂੰ
ਜਿਉਣ ਲਈ ਹਿੱਕ ਉੱਤੇ ਕਿੰਨਾ ਕੁਝ ਜਰਦਾ ਹਾਂ।
ਨਜ਼ਰ ਸ਼ਿਕਾਰੀ ਦੀ ਫਿਰ ਮੇਰੇ ਉੱਪਰ ਰਹਿੰਦੀ
ਜਦ ਵੀ ਮੈਂ ਅੰਬਰ ਨੂੰ ਪੰਭਾਂ ਵਿੱਚ ਭਰਦਾ ਹਾਂ।



ਇਹ ਪੱਤਝੜ ਦੀ ਤੇਜ਼ ਹਵਾ, ਇਹ ਮੌਸਮ ਬੇਇਤਬਾਰੀ ਦਾ

ਇਹ ਪੱਤਝੜ ਦੀ ਤੇਜ਼ ਹਵਾ, ਇਹ ਮੌਸਮ ਬੇਇਤਬਾਰੀ ਦਾ।
ਬਿਨ ਦਸਤਕ ਟੱਪ ਔਣ ਵਰੋਲੇ, ਬੂਹਾ ਚਾਰਦੀਵਾਰੀ ਦਾ।
ਮੈਂ ਤਾਂ ਆਪਣਾ ਖ਼ੂਨ ਵਹਾ ਕੇ, ਧੋਵਾਂ ਚਿਹਰੇ ਫੁੱਲਾਂ ਦੇ,
ਮੈਂ ਕੀ ਜਾਣਾਂ, ਬਾਗੀਂ ਲੱਗੀਆਂ, ਨਜ਼ਰਾਂ ਕਿਵੇਂ ਉਤਾਰੀ ਦਾ।
ਸਿਮ੍ਰਤੀਆਂ ਵਿੱਚ ਜੰਗਲ ਵੱਸਦਾ, ਲੋਕੀਂ ਬਣੇ ਮਸ਼ੀਨਾਂ ਵਾਂਗ,
ਜਿਓਂ ਪਿੰਜਰੇ ਦਾ ਪੰਛੀ ਕੋਈ, ਸੁਪਨਾ ਲਵੇ ਉਡਾਰੀ ਦਾ।
ਮੀਂਹ , ਗਰਦਿਸ਼, ਤੂਫ਼ਾਨ, ਹਨ੍ਹੇਰੀ ਤੇਰੇ ਸਿਰ ਤੋਂ ਲੰਘੇ ਨੇ,
ਮਿੱਤਰਾ , ਫਿਰ ਵੀ ਝੰਮ ਝੰਮ ਕਰਦਾ, ਰੰਗ ਤੇਰੀ ਫੁਲਕਾਰੀ ਦਾ।
ਉਹ ਤੇ ਉਸ ਦੇ ਜੰਗਲ ਪਰਬਤ,ਦਿਲ ਦੇ ਅੰਦਰ ਰਹਿੰਦੇ ਨੇ,
ਫ਼ੁਰਸਤ ਦਾ ਹਰ ਪਲ ਪਲ ਅੱਜ ਕੱਲ੍ਹ, ਉਸ ਦੇ ਨਾਲ ਗੁਜ਼ਾਰੀ ਦਾ।

-ਸੁਰਜੀਤ ਸਖੀ

ਗ਼ਜ਼ਲ

ਡਾ. ਨਰੇਸ਼

ਚੁੱਪ ਸਿਆਣਪ ਨਹੀਂ ਸਿਆਸਤ ਹੈ।
ਜ਼ੁਲਮ ਅੰਦਰ ਖ਼ਾਮੋਸ਼ ਸ਼ਿਰਕਤ ਹੈ।
ਝੂਠ ਹਨ ਹੱਥ ਦੀਆਂ ਲਕੀਰਾਂ ਸਭ,
ਹੱਥ ਦੀ ਕਾਰ ਹੀ ਹਕੀਕਤ ਹੈ।
ਤੇਰੇ ਪੱਲੇ ਨੇ ਨੋਟ ਕਾਗਜ਼ ਦੇ,
ਮੇਰੇ ਪੱਲੇ ਕਲਮ ਦੀ ਦੌਲਤ ਹੈ।
ਜਿੱਥੇ ਦਰਕਾਰ ਹਨ ਗਵਾਹ ਨਾ ਸਬੂਤ,
ਐਸੀ ਵੀ ਉੱਤੇ ਇੱਕ ਅਦਾਲਤ ਹੈ।
ਕੌਮ ਹੈ ਸੱਖਣੀ ਜ਼ਮੀਰਾਂ ਤੋਂ,
ਇਹ ਮੇਰੇ ਦੌਰ ਦੀ ਹਕੀਕਤ ਹੈ।
ਬੰਦਗੀ ਬੇਗਰਜ਼ ਨਾ ਹੋਵੇ ਤਾਂ,
ਹਰ ਇਬਾਦਤ ਨਿਰੀ ਤਿਜਾਰਤ ਹੈ।
ਇਲਮ ਵੀ ਇਸ਼ਕ ਤੋਂ ਬਗੈਰ 'ਨਰੇਸ਼',
ਵਿੰਗੀ ਟੇਢੀ ਜਿਹੀ ਇਬਾਰਤ ਹੈ।

ਬਚੀ ਹੈ ਜੋ ਚਮਕ ਚਿਹਰੇ 'ਤੇ, ਉਹ ਮੁੜ੍ਹਕੇ ਵਿੱਚ ਹੜ੍ਹ ਜਾਂਦੀ।
ਕੜ੍ਹੇ ਜਿਉਂ ਦੁੱਧ ਹਾਰੇ ਵਿੱਚ, ਤਨਾਂ ਵਿੱਚ ਰੱਤ ਕੜ੍ਹ ਜਾਂਦੀ।
ਇਹ ਉੱਤਮ ਜੂਨ ਜੋ ਆਖਣ, ਸਜ਼ਾ ਇਹ ਨਰਕ ਦੀ ਲੱਗੇ,
ਕਲਾਵੇ ਗ਼ਮ ਸਦਾ ਭਰਦੇ, ਖੁਸ਼ੀ ਹਰ ਦੂਰ ਖੜ੍ਹ ਜਾਂਦੀ।
ਪਿਓ ਦੀ ਜਾਨ ਵਿਕ ਜਾਵੇ, ਖਰੀਦੇ ਮੁੱਠ ਮਹਿੰਦੀ ਜਦ,
ਤਲ਼ੀ ਸੀ ਤਰਸਦੀ ਜਿਸ ਨੂੰ, ਉਹ ਤਾਲ਼ੂ ਵੱਲ ਚੜ੍ਹ ਜਾਂਦੀ।
ਮਹੱਤਵ ਬਹੁਤ ਵਿੱਦਿਆ ਦਾ, ਕਿਸੇ ਵੀ ਧੀ ਧਿਆਣੀ ਲਈ,
ਲਬੇੜੇ ਹੱਥ ਨਾ ਗੋਹਾ, ਜੋ ਅੱਖਰ ਚਾਰ ਪੜ੍ਹ ਜਾਂਦੀ।
ਜੋ ਹੁੰਦੇ ਆਲਸੀ ਕਾਮੇ, ਸਮੇਂ ਦੀ ਕਦਰ ਨਾ ਕਰਦੇ,
ਜਦੋਂ ਉਹ ਕੇਰਦੇ ਦਾਣੇ, ਉਦੋਂ ਨੂੰ ਵੱਤ ਚੜ੍ਹ ਜਾਂਦੀ।
ਸੁਹੱਪਣ ਜੋ ਮਿਲ਼ੇ ਰੱਬੋਂ, ਕਰੇ ਕੀ ਰੀਸ ਉਹ ਉਸ ਦੀ,
ਮੁਲੰਮਾ ਲੱਖ ਤਨ ਉੱਤੇ, ਸੁਨਹਿਰੀ ਧਾਤ ਮੜ੍ਹ ਜਾਂਦੀ।
ਜ਼ਮਾਨਾ ਜਾਣਦੈ ਸਾਨੂੰ, ਅਸੀਂ ਜੋ ਮਾਰੀਆਂ ਮੱਲਾਂ,
ਸਰੋਤਾ ਝੂਠ ਫੜ ਲੈਂਦਾ, ਕਦੇ ਮਾਰੀ ਜੇ ਫੜ੍ਹ ਜਾਂਦੀ।

-ਹਰਮਿੰਦਰ ਸਿੰਘ ਕੋਹਾਰਵਾਲਾ

ਪੰਜਾਬ ਖਾਲੀ ਹੋ ਰਿਹਾ

ਕੇਹੀ ਅਜੋਕੀ ਸਦੀ ਹੈ, ਪੰਜਾਬ।
ਮਾਝਾ ਮਾਲਵਾ ਦੁਆਬ ਖਾਲੀ ਹੋ ਰਿਹਾ।
ਰੋਜ਼ ਪਰਵਾਸ ਕਰਦੇ ਨੇ ਢਾਈ ਸੌ ਜਵਾਨ
ਅਰਥਚਾਰੇ 'ਚੋਂ ਹਿਸਾਬ, ਖਾਲੀ ਹੋ ਰਿਹਾ।
ਖੜ੍ਹੇ ਹੋ ਰਹੇ ਨੇ ਸਵਾਲਾਂ ਦੇ ਸਵਾਲ
ਉੱਤਰ ਪੱਤਰੀ 'ਚੋਂ ਇਸਦਾ ਜਵਾਬ, ਖਾਲੀ ਹੋ ਰਿਹਾ।
ਕਾਗ਼ਜ਼ੀ ਫੁੱਲਾਂ ਦੀ ਆਮਦ ਹੋ ਗਈ
ਮਹਿਕੋਂ ਅਸਲੀ ਗੁਲਾਬ, ਖਾਲੀ ਹੋ ਰਿਹਾ।
ਚਿਹਰਿਆਂ ਤੇ ਪਿਲੱਤਣ ਛਾ ਗਈ
ਪਹਿਲਾਂ ਜੇਹਾ ਸ਼ਬਾਬ, ਖਾਲੀ ਹੋ ਰਿਹਾ।
ਸੋਚਦੇ ਸਾਂ ਬਣੇਗਾ ਰੰਗਲਾ ਪੰਜਾਬ
ਲਿਆ ਸੀ ਜੋ ਖ਼ੁਆਬ, ਖਾਲੀ ਹੋ ਰਿਹਾ।
ਝੱਲ ਨਹੀਂ ਹੋਣੀ ਕਿਵੇਂ ਵੀ ਦੋਸਤੋ
ਕਰਜ਼ਿਆਂ ਦੀ ਤਾਬ, ਖਾਲੀ ਹੋ ਰਿਹਾ।
ਦੇਖਦੇ ਹਾਂ ਕਿਵੇਂ ਉੱਥੇ ਹੋਵੇਗਾ ਖੁਸ਼ਹਾਲ
ਪੁੱਤ ਜੋ ਬਣਿਆ ਉਕਾਬ, ਖਾਲੀ ਹੋ ਰਿਹਾ।
ਕੇਹੀ ਅਜੋਕੀ ਸਦੀ ਹੈ ਪੰਜਾਬ, ਖਾਲੀ ਹੋ ਰਿਹਾ।
ਮਾਝਾ ਮਾਲਵਾ ਦੁਆਬ, ਖਾਲੀ ਹੋ ਰਿਹਾ।

-ਡਾ. ਡੀ.ਸੀ. ਵਾਤਿਸ਼

ਬਹਿਸ਼ਤ

ਮਾਸਟਰ ਬਚਿੱਤਰ ਸਿੰਘ ਜਟਾਣਾ

ਧਰਤੀ ਬਹਿਸ਼ਤ ਬਣ ਜਾਵੇ,
ਜੇ ਹੱਦਾਂ-ਸਰਹੱਦਾਂ ਮਿਟ ਜਾਵਣ।
ਨਾ ਕਿਧਰੇ ਕੋਈ ਜੰਗ ਹੋਵੇ,
ਨਾ ਹਥਿਆਰਾਂ ਦੀ ਮੰਗ ਹੋਵੇ।
ਨਾ ਕੋਈ ਮਜ਼ਹਬ ਜਾਤ ਹੋਵੇ,
ਸਰਬੱਤ ਦੇ ਭਲੇ ਦੀ ਬਾਤ ਹੋਵੇ।
ਵਖਰੇਵੇਂ ਦੀ ਨਾ ਗੱਲ ਹੋਵੇ,
ਕਿਧਰੇ ਕੋਈ ਨਾ ਛਲ ਹੋਵੇ।
ਸਭ ਧਰਮਾਂ ਦਾ ਸਤਿਕਾਰ ਹੋਵੇ,
ਕੱਟੜਤਾ ਦਾ ਨਾ ਪ੍ਰਚਾਰ ਹੋਵੇ।
ਮਨੁੱਖਾਂ ਤੇ ਰੁੱਖਾਂ ਨਾਲ ਪਿਆਰ ਹੋਵੇ,
ਧਰਤ, ਪੌਣ, ਪਾਣੀ ਦਾ ਸਤਿਕਾਰ ਹੋਵੇ।
ਜੰਗਲਾਂ ਤੇ ਫੁੱਲਾਂ ਦੀ ਮਹਿਕ ਹੋਵੇ,
ਅੰਬਰੀਂ ਪੰਛੀਆਂ ਦੀ ਚਹਿਕ ਹੋਵੇ।
ਹਰ ਬੋਲੀ ਆਬਾਦ ਹੋਵੇ,
ਨਾ ਕੋਈ ਭੇਦ-ਭਾਵ ਹੋਵੇ।
ਸ਼ਾਂਤੀ ਦਾ ਪੈਗਾਮ ਅਸਲ ਹੋਵੇ,
ਸਭ ਦਾ ਸੋਹਣਾ ਵਸਲ ਹੋਵੇ।
ਕਾਸ਼! ਜਟਾਣੇ ਫ਼ਰਿਆਦ ਪੂਰੀ ਹੋ ਜਾਵੇ,
ਜੰਗਾਂ ਮਾਰੀ ਧਰਤੀ, ਬਹਿਸ਼ਤ ਹੋ ਜਾਵੇ।

ਗ਼ਜ਼ਲ

ਜਸਵੰਤ ਜ਼ਫ਼ਰ

ਜਦ ਤੀਕਰ ਦੇਹ ਵਿੱਚ ਜਾਨ ਹੈ
ਇਮਤਿਹਾਨ ਹੀ ਇਮਤਿਹਾਨ ਹੈ
ਮੁਸ਼ਕਿਲ, ਮੁਸ਼ਕਿਲ ਨਈਂ ਹੁੰਦੀ
ਮੁਸ਼ਕਿਲ ਤਾਂ ਵਰਦਾਨ ਹੈ
ਹਰ ਇੱਕ ਦਾ ਆਪਣਾ ਆਪਣਾ
ਕਹਿਣ ਨੂੰ ਇੱਕ ਜਹਾਨ ਹੈ
ਕਿੱਦਾਂ ਚੁੱਕੀਏ ਕਿੱਥੇ ਰੱਖੀਏ
ਸਿਰ ਵਿੱਚ ਬੜਾ ਸਮਾਨ ਹੈ
ਤੀਰ-ਪੁੱਤ ਨੂੰ ਘੱਲ ਨਿਸ਼ਾਨੇ
ਕੰਬਦੀ ਮਗਰ ਕਮਾਨ ਹੈ

ਧੁੱਪ

ਓਮਕਾਰ ਸੂਦ ਬਹੋਨਾ

ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਨਿੱਘਾ ਨਿੱਘਾ ਸੁਖ ਦੇਵੇ ਇਹ ਲੱਗੇ ਕਰਮਾਂ ਵਾਲੀ ਧੁੱਪ।
ਜਦੋਂ ਸਿਆਲਾ ਚੜ੍ਹ ਆਵੇ ਤਾਂ ਠੰਢ ਦਾ ਵਧ ਜਾਏ ਜ਼ੋਰ,
ਠੁਰ ਠੁਰ ਕੰਬਣ ਸਭ ਨੂੰ ਲਾ ਦਏ ਤਕੜਾ ਜਾਂ ਕਮਜ਼ੋਰ,
ਨਿੱਘੀ ਨਿੱਘੀ ਚੜ੍ਹ ਕੇ ਸਾਡੀ ਠੰਢ ਤੋਂ ਕਰੇ ਰਖਵਾਲੀ ਧੁੱਪ।
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਹੱਥਾਂ-ਪੈਰਾਂ ਨੂੰ ਸੁੰਨ ਚੜ੍ਹਦੀ ਜਾਵੇ ਸੁਬ੍ਹਾ-ਦੁਪਹਿਰ-ਸਵੇਰੇ,
ਕੰਮ ਕਰਨ ਨੂੰ ਜੀ ਨਾ ਕਰਦਾ ਪਾਲਾ ਕਾਂਬਾ ਛੇੜੇ,
ਕੜਕ ਨਾ ਕਿਤੋਂ ਮਿਲੇ ਤਾਂ ਮਿਲਜੇ ਥੋੜ੍ਹੀ ਬਾਹਲੀ ਧੁੱਪ।
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਰਜਾਈ ਵਿੱਚ ਉਹ ਗੱਲ ਨਾ ਬਣਦੀ ਜੋ ਬਣਦੀ ਧੁੱਪ ਸਾਹਵੇਂ।
ਠਰਦਿਆਂ ਨੂੰ ਮਿਲ ਜਾਵੇ ਇਹ ਥੋੜ੍ਹੀ ਹੀ ਜਿਹੀ ਭਾਵੇਂ।
ਮੁਰਝਾਇਆ ਹੋਇਆ ਚਮਕਾ ਦਿੰਦੀ ਹੈ ਠਰੇ ਬੰਦੇ ਦਾ ਮੁੱਖ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਕੋਟੀਆਂ ਅਤੇ ਸਵੈਟਰ ਕੰਬਲ ਓੜ ਓੜ ਕੇ ਬੰਦੇ।
ਹਿੰਮਤ ਵਾਲੇ ਕਰੀ ਜਾਂਦੇ ਨੇ ਆਪਣੇ ਆਪਣੇ ਧੰਦੇ।
ਠੰਢ ਵਿੱਚ ਕੰਮ ਕਰਨ ਦਾ ਹੁੰਦਾ ਦੁੱਗਣਾ ਤਿੱਗਣਾ ਸੁੱਖ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਹੱਡੀਆਂ ਨੂੰ ਮਜ਼ਬੂਤੀ ਦਿੰਦਾ ਮਿਲਦਾ ਨਹੀਂ ਕਿਤੋਂ ਹੋਰ।
ਡੀ ਵਿਟਾਮਿਨ ਮਿਲਦਾ ਸਾਨੂੰ ਬਿਨਾਂ ਮਚਾਏ ਸ਼ੋਰ।
ਧੁੱਪ 'ਚ ਬਹਿ ਕੇ ਮਿਲਦਾ ਨਿੱਘਾ ਨਿੱਘਾ ਸੁੱਖ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਧੁੱਪ ਸੇਕਣੀ ਚੰਗੀ ਹੁੰਦੀ ਸੇਕੋ ਮੁਫ਼ਤੋ ਮੁਫ਼ਤੀ।
ਖਾਵੋ ਬਹਿ ਕੇ ਮੂੰਗਫ਼ਲੀ ਇਹ ਧੁੱਪ ਸੇਕਣ ਦੀ ਜੁਗਤੀ।
ਖਾਂਦਿਆਂ ਪੀਂਦਿਆਂ ਮਿਲਦੀ ਤਾਕਤ ਨਾਲੇ ਮਿਟਦੀ ਭੁੱਖ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਜਿੱਦਣ ਧੁੰਦ 'ਚੋਂ ਨਿਕਲੇ ਸੂਰਜ ਡਾਢਾ ਚੰਗਾ ਲੱਗੇ।
ਨਿੱਘੀ ਨਿੱਘੀ ਧੁੱਪ ਦਾ ਸੇਕਾ ਮਨਾਂ ਤਾਈਂ ਫੱਬੇ।
ਧੁੰਦ ਤੇ ਬੱਦਲ ਲੈਣ ਨਾ ਦਿੰਦੇ ਸਾਨੂੰ ਬਾਹਲੀ ਧੁੱਪ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।

ਮੇਰੇ ਕੋਲ

ਹਰਦੀਪ ਸਿੰਘ ਭੂਦਨ

ਮੇਰੇ ਕੋਲ
ਹੋਰ ਕੀ ਬਚਿਆ ਹੈ
ਤੇਰੇ ਨਾਂ ਕਰਨ ਨੂੰ
ਤੈਨੂੰ ਯਾਦ ਕਰ ਲੈਣਾ
ਚਾਰ ਅੱਖਰ ਲਿਖ
ਤੈਨੂੰ ਸਮਰਪਿਤ ਕਰ ਦੇਣਾ
ਉੱਡਦੇ ਪਰਿੰਦਿਆਂ ਦੇ ਸੰਗ
ਸਨੇਹੇ ਘੱਲ ਦੇਣਾ....
ਜੇ ਤੂੰ ਸੀ
ਤਾਂ ਮੇਰਾ ਵਜੂਦ ਸੀ
ਤੇਰੇ ਨਾਲ ਜੁੜਿਆ
ਬਹੁਤ ਕੁਝ
ਕਿਹਾ
ਅਣ ਕਿਹਾ
ਬੋਲਿਆ
ਅਣ ਬੋਲਿਆ
ਮੇਰੇ ਅੰਦਰ
ਪਿਆ ਹੈ
ਕਿਸੇ ਦੱਬੇ
ਖਜ਼ਾਨੇ ਵਾਂਗ.....

ਦੁਨੀਆ ਭਰ 'ਚ ਚਮਕ ਰਹੇ ਨੇ ਪੰਜਾਬੀ ਸਿੱਖ ਖਿਡਾਰੀ-ਹਾਕੀ ਤੋਂ ਲੈ ਕੇ ਫਾਰਮੂਲਾ 1 ਤੱਕ

ਨਸਲਵਾਦ ਦਾ ਟਾਕਰਾ ਕਰਕੇ ਸਿੱਖ ਖਿਡਾਰੀਆਂ ਨੇ ਵਿਸ਼ਵ 'ਚ ਥਾਂ ਬਣਾਈ

ਸਿੱਖ ਖਿਡਾਰੀ ਆਖਦੇ ਹਨ ਕਿ ਸਿੱਖੀ ਦੀ ਤਾਕਤ ਤੇ ਚੜ੍ਹਦੀਕਲਾ-ਅਸੀਂ ਤਾਂ ਬਿਲਡ ਡਿਫਰੰਟ ਹੀ ਹਾਂ

ਅਰਸ਼ਦੀਪ ਬੈਂਸ ਆਈਸ ਹਾਕੀ ਦਾ ਖਿਡਾਰੀ ਹੈ। ਉਹ ਨੈਸ਼ਨਲ ਹਾਕੀ ਲੀਗ ਵਿੱਚ ਵੈਨਕੂਵਰ ਕੈਨਕਸ ਲਈ ਖੇਡਦਾ ਹੈ ਅਤੇ ਪਹਿਲਾ ਪੰਜਾਬੀ ਸਿੱਖ ਹੈ ਜਿਸ ਨੇ ਨੈਸ਼ਨਲ ਹਾਕੀ ਲੀਗ ਵਿੱਚ ਗੋਲ ਕੀਤਾ ਸੀ। ਇਹ ਦੁਨੀਆਂ ਦੀ ਸਭ ਤੋਂ ਵੱਡੀ ਤੇ ਸਭ ਤੋਂ ਉੱਚ ਪੱਧਰੀ ਪ੍ਰੋਫੈਸ਼ਨਲ ਆਈਸ ਹਾਕੀ ਲੀਗ ਹੈ। ਇਸ ਵਿੱਚ ਕੁੱਲ 32 ਟੀਮਾਂ ਖੇਡਦੀਆਂ ਨੇ (31 ਅਮਰੀਕਾ ਤੇ 7 ਕੈਨੇਡਾ ਵਿੱਚੋਂ)।

ਹਰ ਸਾਲ ਦੀ ਚੈਂਪੀਅਨ ਟੀਮ ਨੂੰ ਸਟੈਨਲੀ ਕੱਪ ਮਿਲਦਾ ਹੈ, ਜਿਹੜੀ ਖੇਡਾਂ ਦੀ ਦੁਨੀਆਂ ਦੀ ਸਭ ਤੋਂ ਪੁਰਾਣੀ ਤੇ ਸਤਿਕਾਰਤ ਟਰਾਫ਼ੀ ਹੈ।

ਨੈਸ਼ਨਲ ਹਾਕੀ ਲੀਗ ਦਾ ਸੀਜ਼ਨ ਅਕਤੂਬਰ ਤੋਂ ਅਪ੍ਰੈਲ ਤੱਕ ਚੱਲਦਾ ਹੈ।

ਸਭ ਤੋਂ ਮਸ਼ਹੂਰ ਟੀਮਾਂ: ਟਰਾਂਟੋ ਮੈਪਲ ਲੀਫਸ , ਮੌਂਟਰੀਆਲ ਕੈਨੇਡੀਅਨਜ, ਵੈਨਕੂਵਰ ਕੈਨਕਸ, ਡਮਿੰਟਨ ਆਇਲਰਜ, ਬੋਸਟਨ ਬਰੁਨਜ, ਸ਼ਿਕਾਗੋ ਬਲੈਕਹਾਕਸ ਆਦਿ।

ਉਹ ਇੱਕ ਪਲ ਸੀ ਜਦੋਂ ਅਰਸ਼ਦੀਪ ਬੈਂਸ ਨੇ ਗੋਲ ਕਰਕੇ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਦਿਲ ਵਿੱਚ ਖਿਡਾਰੀ ਬਣਨ ਦਾ ਸੁਪਨਾ ਜਗਾਇਆ ਹੈ। ਵੈਨਕੂਵਰ, ਟੋਰਾਂਟੋ,

ਕੈਲਗਰੀ ਤੇ ਬਰੈਂਪਟਨ ਦੇ ਛੋਟੇ ਛੋਟੇ ਬੱਚੇ ਆਪਣੇ ਬੈਗ ਵਿੱਚ ਬੈਂਸ 88 ਵਾਲੀ ਜਰਸੀ ਪਾ ਕੇ ਹਾਕੀ ਰਿੰਕ ਅਰਥਾਤ ਬਰਫ ਵਾਲੇ ਹਾਕੀ ਮੈਦਾਨ ਵਿੱਚ ਜਾਂਦੇ ਨੇ। ਮਾਸਟਰ ਕਾਰਡ ਸੈਂਟਰ ਤੇ ਬੱਚਿਆਂ ਦੇ ਕੋਚ ਦੱਸਦੇ ਨੇ ਕਿ ਪਿਛਲੇ ਦੋ ਸਾਲਾਂ ਵਿੱਚ ਸਾਊਥ ਏਸ਼ੀਅਨ ਬੱਚਿਆਂ ਦੀ ਗਿਣਤੀ ਤਿਗੁਣੀ ਹੋ ਗਈ ਹੈ । ਅਰਸ਼ਦੀਪ ਨੇ ਸਿਰਫ਼ ਗੋਲ ਨਹੀਂ ਕੀਤਾ, ਉਸ ਨੇ ਇੱਕ ਪੂਰੀ ਪੀੜ੍ਹੀ ਨੂੰ ਯਕੀਨ ਦਿਵਾਇਆ ਕਿ ਇਹ ਖੇਡ ਸਾਡੀ ਵੀ ਹੈ ।

ਕਿਹੜੀਆਂ-ਕਿਹੜੀਆਂ ਖੇਡਾਂ ਵਿੱਚ ਸਿੱਖ ਗੱਡ ਰਹੇ ਨੇ ਝੰਡੇ ?

ਹੁਣ ਪੰਜਾਬੀ ਸਿੱਖ ਖਿਡਾਰੀ ਪੂਰੇ ਵਿਸ਼ਵ ਵਿਚ ਹਰ ਖੇਤਰ ਵਿੱਚ ਚਮਕ ਰਹੇ ਨੇ।

* ਆਈਸ ਹਾਕੀ ਵਿੱਚ ਅਰਸ਼ਦੀਪ ਸਿੰਘ ਬੈਂਸ (ਵੈਨਕੂਵਰ ਕੈਨਕਸ), ਜਸਕਰਨਪ੍ਰੀਤ ਸਿੰਘ, ਰਿਆਨ ਸਿੰਘ ਆਦਿ ਕਮਾਲ ਦਿਖਾ ਰਹੇ ਹਨ।

* ਪਹਿਲਵਾਨੀ ਖੇਤਰ ਵਿੱਚ 2022 ਕਾਮਨਵੈਲਥ ਗੇਮਜ਼ ਦੌਰਾਨ 125 ਕਿਲੋ ਫਰੀਸਟਾਈਲ ਦੇ ਸਾਰੇ ਤਿੰਨ ਤਗ਼ਮੇ ਪੰਜਾਬੀ ਮੂਲ ਦੇ ਖਿਡਾਰੀਆਂ (ਕੈਨੇਡਾ, ਭਾਰਤ ਤੇ ਪਾਕਿਸਤਾਨ) ਨੇ ਜਿੱਤੇ।

*** ਫੁੱਟਬਾਲ ਵਿੱਚ ਸਰੀਤ ਕੌਰ ਇੰਗਲੈਂਡ ਅੰਡਰ-16 ਦੀ ਪਹਿਲੀ ਸਿੱਖ ਖਿਡਾਰਨ ਬਣੀ**

ਕਪਤਾਨ; ਸਰਪ੍ਰੀਤ ਸਿੰਘ – ਨਿਊਜ਼ੀਲੈਂਡ ਲਈ ਵਿਸ਼ਵ ਕੱਪ ਫੁਟਬਾਲ ਖੇਡਣ ਵਾਲਾ ਖਿਡਾਰੀ ਹੈ।ਉਹ ਨਿਊਜ਼ੀਲੈਂਡ ਦੀ ਨੈਸ਼ਨਲ ਟੀਮ ਲਈ ਖੇਡਦਾ ਹੈ। ਉਹ ਪਹਿਲਾ ਪੰਜਾਬੀ ਸਿੱਖ ਹੈ ਜਿਸ ਨੇ ਫੀਫਾ ਵਿਸ਼ਵ ਕੱਪ ਕੁਆਲੀਫਾਈਅਰਜ਼ ਵਿੱਚ ਨਿਊਜ਼ੀਲੈਂਡ ਲਈ ਗੋਲ ਕੀਤਾ।

ਬਾਸਕਿਟਬਾਲ: ਇੰਡੀਆ ਰਾਈਜ਼ਿੰਗ ਟੀਮ (2023 ਟੀ.ਬੀ.ਟੀ.) ਜ਼ਿਆਦਾਤਰ ਪੰਜਾਬੀ ਖਿਡਾਰੀਆਂ ਦੀ ਹੈ। ਐਨਸੀਏਏ ਵਿੱਚ ਵੀ ਦਰਜਨਾਂ ਸਿੱਖ ਖਿਡਾਰੀ ਹਨ।

ਮੋਟਰਸਪੋਰਟ ਵਿੱਚ ਰਣਦੀਪ ਸਿੰਘ – ਫਾਰਮੂਲਾ 1 ਵਿੱਚ ਹੈੱਡ ਆਫ ਰੇਸ ਸਟ੍ਰੈਟੇਜੀ ਖੇਡ ਵਿੱਚ ਮਾਅਰਕੇ ਮਾਰੇ ਹਨ। ਰਣਦੀਪ ਸਿੰਘ (ਜਿਸ ਨੂੰ ਅਕਸਰ 'ਰੈਂਡੀ' ਵੀ ਬੁਲਾਇਆ ਜਾਂਦਾ ਹੈ) ਇੱਕ ਪੰਜਾਬੀ ਸਿੱਖ ਵੰਸ਼ਜ ਹੈ ਅਤੇ ਮੋਟਰਸਪੋਰਟ (ਖਾਸ ਕਰਕੇ ਫਾਰਮੂਲਾ 1 – ਐਫ1) ਨਾਲ ਜੁੜਿਆ ਹੋਇਆ ਹੈ। ਉਹ ਖਿਡਾਰੀ ਨਹੀਂ, ਸਗੋਂ ਸਟ੍ਰੈਟੇਜੀ ਐਕਸਪਰਟ ਹੈ – ਯਾਨੀ ਰੇਸਾਂ ਦੌਰਾਨ ਟੀਮ ਨੂੰ ਬੁੱਧੀਮਾਨ ਫੈਸਲੇ ਲੈਣ ਵਿੱਚ ਮਦਦ ਕਰਦਾ ਹੈ। ਫਾਰਮੂਲਾ 1 (ਐਫ1): ਇਹ ਦੁਨੀਆਂ ਦੀ ਸਭ ਤੋਂ ਤੇਜ਼ ਤੇ ਖਤਰਨਾਕ ਮੋਟਰ ਰੇਸਿੰਗ ਹੈ। ਇਸ

ਵਿੱਚ ਉੱਚ-ਸਪੀਡ ਵਾਲੇ ਫਾਰਮੂਲਾ 1 ਕਾਰਾਂ ਨਾਲ ਟਰੈਕ ਤੇ ਰੇਸ ਲੜੀ ਜਾਂਦੀ ਹੈ। ਹਰ ਰੇਸ ਵਿੱਚ ਟੀਮਾਂ ਨੂੰ ਟਾਇਰ ਚੇਂਜ, ਪਿੱਟ ਸਟੌਪ, ਸਮੇਂ ਅਨੁਸਾਰ ਫੈਸਲੇ ਲੈਣੇ ਪੈਂਦੇ ਨੇ। ਰਣਦੀਪ ਦਾ ਕੰਮ ਹੀ ਇਹਨਾਂ 'ਸਪਲਿਟ-ਸੈਕੰਡ' ਫੈਸਲਿਆਂ ਨੂੰ ਸਹੀ ਬਣਾਉਣਾ ਹੈ।

ਉਸ ਦਾ ਰੋਲ ਹੈੱਡ ਆਫ ਰੇਸ ਸਟ੍ਰੈਟੇਜੀ ਹੈ। ਉਹ ਟੀਮ ਨੂੰ ਦੱਸਦਾ ਹੈ ਕਿ ਕਦੋਂ ਪਿੱਟ ਲੇਨ ਵਿੱਚ ਰੁਕਣਾ, ਕਿਹੜੇ ਟਾਇਰ ਵਰਤਣੇ, ਜਾਂ ਮੌਸਮ ਬਦਲਣ ਤੇ ਕੀ ਕਰਨਾ ਹੈ। ਉਹ ਫੈਕਟਰੀ ਤੋਂ ਕੰਪਿਊਟਰ ਰਾਹੀਂ ਰੇਸ ਨੂੰ ਮਾਨੀਟਰ ਕਰਦਾ ਹੈ।ਰਣਦੀਪ ਸਿੰਘ ਬਰਤਾਨੀਆ ਵਿੱਚ ਰਹਿੰਦਾ ਹੈ ਅਤੇ ਬਰਤਾਨੀਆ ਵਾਲੀ ਟੀਮ ਮੈਕਲਰਨ ਰੇਸਿੰਗ ਲਈ ਕੰਮ ਕਰਦਾ ਹੈ। ਮੈਕਲਰਨ ਇੱਕ ਬਰਤਾਨੀਆ ਈ ਫਾਰਮੂਲਾ 1 ਟੀਮ ਹੈ, ਜਿਹੜੀ ਯੂਕੇ ਦੇ ਵੋਕਿੰਗ ਵਿੱਚ ਅਧਾਰਿਤ ਹੈ। ਉਹ ਇੱਥੇ ਰੇਸਿੰਗ ਡਾਇਰੈਕਟਰ ਵੀ ਹੈ

(2025 ਤੱਕ)।

ਪਹਿਲਾਂ ਉਹ ਫੋਰਸ ਇੰਡੀਆ (ਅੱਜ ਐਸਟਨ ਮਾਰਕਿਨ) ਲਈ ਵੀ ਕੰਮ ਕਰ ਚੁੱਕਿਆ ਹੈ, ਜਿਹੜੀ ਵੀ ਬਰਤਾਨੀਆ ਵਿੱਚ ਹੈ। ਪੰਜਾਬੀ ਹੋਣ ਕਰਕੇ ਉਹ ਸਿੱਖ ਪੰਥ ਲਈ ਇੱਕ ਰੋਲ ਮਾਡਲ ਹੈ।

ਕਰੀਨ ਕੌਰ ਇੱਕ 15 ਸਾਲ ਦੀ ਸਿੱਖ ਮੁਟਿਆਰ ਹੈ, ਜੋ ਮੋਟਰਸਪੋਰਟ (ਰੇਸਿੰਗ) ਦੀ ਦੁਨੀਆਂ ਵਿੱਚ ਤੂਫ਼ਾਨ ਲਿਆਉਂਦੀ ਜਾ ਰਹੀ ਹੈ। ਉਹ ਸਿੰਗਾਪੁਰ ਦੀ ਹੈ ਅਤੇ ਸਿੰਗਾਪੁਰ ਦੀ ਨੁਮਾਇੰਦਗੀ ਕਰਦੀ ਹੈ। ਉਹ ਸਿੰਗਾਪੁਰ ਦੇ ਸੀ.ਐਚ.ਆਈ.ਜੇ. ਸੈਕੰਡਰੀ ਸਕੂਲ 3 ਅਰਥਾਤ ਨੌਵੀਂ ਕਲਾਸ ਵਿੱਚ ਪੜ੍ਹਦੀ ਹੈ। ਉਸ ਦੇ ਪਿਤਾ ਕੁਲਦੀਪ ਸਿੰਘ ਨੇ ਉਸ ਨੂੰ ਛੋਟੀ ਉਮਰ ਤੋਂ ਹੀ ਗੋ-ਕਾਰਟਿੰਗ ਵੱਲ ਪ੍ਰੇਰਿਆ, ਅਤੇ ਅੱਜ ਉਹ ਸਿੰਗਾਪੁਰ ਦੀ ਪਹਿਲੀ ਔਰਤ ਡਰਾਈਵਰ ਹੈ ਜਿਸ ਨੇ ਫਾਰਮੂਲਾ 4 (64) ਵਿੱਚ ਹਿੱਸਾ ਲਿਆ। ਉਹ ਪਹਿਲੀ ਸਿੱਖ ਔਰਤ ਵੀ ਹੈ ਜਿਸ ਨੇ ਐਫ4 ਰੇਸ ਕੀਤੀ। ਉਹ ਇੱਕ ਮਜ਼ਬੂਤ ਖਿਡਾਰਨ ਹੈ ਜੋ ਨਾ ਸਿਰਫ਼ ਰੇਸ ਟਰੈਕ ਤੇ ਤੇਜ਼ ਹੈ, ਸਗੋਂ ਆਪਣੀ ਸਿੱਖ ਵਿਰਾਸਤ ਤੇ ਵੀ ਮਾਣ ਕਰਦੀ ਹੈ। 2023 ਵਿੱਚ ਉਹ ਸਿੰਗਾਪੁਰ ਦੀ ਸਭ ਤੋਂ ਤੇਜ਼ ਔਰਤ ਕਾਰਟ ਡਰਾਈਵਰ ਬਣੀ – ਉਸ ਨੇ 44.9 ਸੈਕੰਡ ਦਾ ਪਰਸਨਲ ਬੈਸਟ ਟਾਈਮ ਹਾਸਲ ਕੀਤਾ।

2024 ਵਿੱਚ ਰੋਕ ਕੱਪ ਸਿੰਗਾਪੁਰ ਚੈਂਪੀਅਨਸ਼ਿਪ ਦੇ ਜੂਨੀਅਰ ਕੈਟੇਗਰੀ ਵਿੱਚ ਚੌਥੀ ਪੋਜ਼ੀਸ਼ਨ ਹਾਸਲ ਕੀਤੀ। 2025 ਵਿੱਚ ਏਸ਼ੀਆ ਭਰ ਦੇ ਸੀਨੀਅਰ ਕਾਰਟਿੰਗ ਰੇਸਾਂ ਵਿੱਚ ਕਈ ਪੋਡੀਅਮ ਫਿਨਿਸ਼ (ਦੂਜੀ ਤੇ ਤੀਜੀ ਪੋਜ਼ੀਸ਼ਨਾਂ) ਜਿੱਤੀਆਂ। ਉਦਾਹਰਨ ਲਈ, ਰਾਕ ਕੱਪ ਮਲੇਸ਼ਿਆ ਦੇ ਪਹਿਲੇ ਰਾਊਂਡ ਵਿੱਚ ਦੂਜੀ ਥਾਂ ਤੇ ਐਫ4 ਇੰਡੀਆ ਸੀਰੀਜ ਵਿੱਚ ਟਾਪ-10 ਵਿੱਚ ਰਹੀ। ਉਹ ਚੈਂਪੀਅਨ ਆਫ ਦਾ ਫਿਊਚਰ ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਰਹੀ ਹੈ, ਜੋ ਐਫ1 ਅਕੈਡਮੀ (ਸਭ ਔਰਤਾਂ ਵਾਲੀ



ਚੈਂਪੀਅਨਸ਼ਿਪ) ਨਾਲ ਜੁੜੀ ਹੋਈ ਹੈ।

ਇਟਲੀ ਦੇ ਲੋਨਾਟੋ ਵਿੱਚ ਰੋਕ ਕੱਪ ਸੁਪਰ ਫਾਈਨਲਜ ਵਿੱਚ ਹਿੱਸਾ ਲਿਆ (2023 ਵਿੱਚ), ਜਿੱਥੇ ਉਹ ਇਕੱਲੀ ਔਰਤ ਡਰਾਈਵਰ ਸੀ 28 ਮਰਦਾਂ ਵਿੱਚੋਂ। ਉਹ ਸਿੰਗਾਪੁਰ ਕੈਂਸਰ ਸੁਸਾਇਟੀ ਦੀ ਅੰਬੈਸਡਰ ਹੈ। ਉਹ ਆਪਣੀ ਰੇਸਿੰਗ ਰਾਹੀਂ ਫੰਡ ਰੇਜ਼ ਕਰਦੀ ਹੈ ਅਤੇ ਔਰਤਾਂ ਲਈ ਇਨਕਲੂਸਿਵਿਟੀ ਨੂੰ ਉਤਸ਼ਾਹਿਤ ਕਰਦੀ ਹੈ। ਉਹ ਮਰਦਾਂ ਵਾਲੀ ਖੇਡ ਵਿੱਚ ਔਰਤਾਂ ਲਈ ਰੋਲ ਮਾਡਲ ਬਣ ਰਹੀ ਹੈ।ਕਰੀਨ ਵਰਗੀਆਂ ਕੁੜੀਆਂ ਨੇ ਸਾਬਤ ਕੀਤਾ ਕਿ ਸਿੱਖ ਔਰਤਾਂ ਵੀ ਹਰ ਖੇਤਰ ਵਿੱਚ ਚਮਕ ਸਕਦੀਆਂ ਨੇ।

ਪਾਵਰਲਿਫਟਿੰਗ ਵਿੱਚ ਕਰਨਜੀਤ ਕੌਰ ਬੈਂਸ ਬਰਤਾਨੀਆ ਦੀ ਪਹਿਲੀ ਸਿੱਖ ਮਹਿਲਾ ਜਿਸ ਨੇ ਵਿਸ਼ਵ ਪੱਧਰ 'ਤੇ ਖਿਤਾਬ ਜਿੱਤੇ।

ਨਸਲਵਾਦ ਦੀਆਂ ਰੁਕਾਵਟਾਂ ਦੇ ਬਾਵਜੂਦ ਅੱਗੇ ਕਿਵੇਂ ਵਧ ਰਹੇ ਨੇ ਸਿੱਖ ਖਿਡਾਰੀ ?

ਸਫ਼ਰ ਬੜਾ ਔਖਾ ਰਿਹਾ ਹੈ। ਕੈਨੇਡਾ ਵਿੱਚ ਇੱਕ ਬੱਚੇ ਨੂੰ 16 ਸਾਲ ਦੀ ਉਮਰ ਤੱਕ ਹਾਕੀ ਖੇਡਣ ਲਈ ਔਸਤਨ 53,700 ਡਾਲਰ ਖ਼ਰਚ ਕਰਨੇ ਪੈਂਦੇ ਨੇ। ਪੰਜਾਬੀ ਘਰਾਂ ਵਿੱਚ ਇਹ ਪੈਸਾ ਅਕਸਰ ਨਹੀਂ ਹੁੰਦਾ। ਉੱਪਰੋਂ ਨਸਲਵਾਦ। 2023 ਦੇ ਸਰਵੇਖਣ ਮੁਤਾਬਕ:

26% ਖਿਡਾਰੀਆਂ ਨੇ ਕਿਹਾ ਕਿ ਉਨ੍ਹਾਂ ਦੇ ਮਾਹੌਲ ਵਿੱਚ ਨਸਲਵਾਦ ਸਮੱਸਿਆ ਹੈ। 22% ਨੂੰ ਧਮਕੀਆਂ ਮਿਲੀਆਂ। 14% 'ਤੇ ਸਰੀਰਕ ਹਮਲੇ ਹੋਏ। ਭਾਂਵੇਂ ਸਿੱਖ ਖਿਡਾਰੀਆਂ ਨੂੰ ਰਾਹ ਔਖਾ ਲੱਗਦਾ ਹੈ, ਪਰ ਉਹ ਮਿਹਨਤ ਨਾਲ ਮੰਜਿਲ ਫਤਹਿ ਕਰ ਲੈਂਦੇ ਹਨ।

ਸਿੱਖੀ ਤੇ ਆਪਣੀ ਵਿਰਾਸਤ 'ਤੇ ਕਿੰਨਾ ਮਾਣ ?

ਹਰ ਸਿੱਖ ਖਿਡਾਰੀ ਦੀ ਕਹਾਣੀ ਵਿੱਚ ਸਿੱਖੀ ਸਾਹਮਣੇ ਆਉਂਦੀ ਹੈ।

ਕਰਨਜੀਤ ਕੌਰ ਬੈਂਸ (ਪਾਵਰਲਿਫਟਰ) ਕਹਿੰਦੀ ਨੇ, ਮੈਂ ਪੂਰਾ ਨਾਮ ਵਰਤਦੀ ਹਾਂ, ਕੜਾ ਪਾਉਂਦੀ ਹਾਂ, ਲਿਫਟ ਤੋਂ ਪਹਿਲਾਂ ਵਾਹਿਗੁਰੂ ਯਾਦ ਕਰਦੀ ਹਾਂ। ਇਹ ਮੇਰੀ ਤਾਕਤ ਹੈ।

2008 ਬੀਜਿੰਗ ਓਲੰਪਿਕਸ ਵਿੱਚ ਰਵੀ ਸਿੰਘ ਕਾਹਲੋਂ, ਗੱਬਰ ਸਿੰਘ, ਬਿੰਦੀ ਕੁੱਲਰ ਤੇ ਰਣਜੀਤ ਦਿਓਲ ਨੇ ਓਪਨਿੰਗ ਸੈਰੇਮਨੀ ਵਿੱਚ ਲਾਲ ਦਸਤਾਰਾਂ ਪਾਈਆਂ। ਰਵੀ ਕਾਹਲੋਂ ਨੇ ਕਿਹਾ ਸੀ, ਮੇਰੇ ਬਾਪੂ ਨੇ ਨੌਕਰੀ ਲਈ ਦਾੜ੍ਹੀ-ਦਸਤਾਰ ਛੱਡੀ ਸੀ। ਮੈਂ ਦੁਨੀਆਂ ਨੂੰ ਦਿਖਾਉਣਾ ਚਾਹੁੰਦਾ ਸਾਂ ਕਿ ਦਸਤਾਰ ਪਾ ਕੇ ਵੀ ਕੋਈ ਕੈਨੇਡੀਅਨ ਹੋ ਸਕਦਾ ਹੈ।

ਅੱਜ ਵੀ ਅਰਸ਼ਦੀਪ ਸਿੰਘ ਬੈਂਸ ਮੈਚ ਤੋਂ ਪਹਿਲਾਂ ਅਰਦਾਸ ਕਰਦਾ ਹੈ, ਗੇਮ ਜਰਸੀ ਹੇਠਾਂ ਕੜਾ ਪਾਉਂਦਾ ਹੈ। ਉਹ ਕਹਿੰਦਾ ਹੈ, ਮੇਰੀ ਸਫਲਤਾ ਮੇਰੀ ਮਿਹਨਤ ਦੀ ਹੈ, ਪਰ ਮੇਰੀ ਹਿੰਮਤ ਸਿੱਖੀ ਵਿੱਚੋਂ ਆਉਂਦੀ ਹੈ – ਸਬਰ, ਮਿਹਨਤ ਤੇ ਚੜ੍ਹਦੀ ਕਲਾ।

ਅੱਗੇ ਕੀ ?

ਆਸਟ੍ਰੇਲੀਆ ਦੇ ਸਿੱਖ ਗੇਮਜ਼, ਕੈਨੇਡਾ-ਅਮਰੀਕਾ ਦੇ ਗੁਰਦੁਆਰਾ ਜਿੰਮ, ਨਵੀਆਂ ਅਕੈਡਮੀਆਂ ਤੇ ਕਮਿਊਨਿਟੀ ਸਪਾਂਸਰਸ਼ਿਪ ਨਾਲ ਹੁਣ ਰਾਹ ਥੋੜ੍ਹਾ ਆਸਾਨ ਹੋ ਰਿਹਾ ਹੈ। ਜਸਵੀਰ ਸਿੰਘ (ਸਿੱਖ ਸਪੋਰਟਸ ਜਰਨਲਿਸਟ) ਕਹਿੰਦੇ ਨੇ, ਖੇਡਾਂ ਸਾਡੇ ਧਰਮ ਦਾ ਹਿੱਸਾ ਨੇ। ਗੁਰੂ ਸਾਹਿਬ ਨੇ ਘੋੜਸਵਾਰੀ, ਤੀਰਅੰਦਾਜ਼ੀ, ਗਤਕਾ ਸਿਖਾਇਆ। ਅਸੀਂ ਤਾਂ ਬਿਲਡ ਡਿਫਰੰਟ ਹੀ ਹਾਂ – ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਤਾਕਤ ਨੂੰ ਪੂਰੀ ਦੁਨੀਆਂ ਨੂੰ ਵਿਖਾਈਏ।

ਹਰ ਕਲਾਕਾਰ ਨੂੰ ਕਰਨਾ ਪੈਂਦਾ ਕਈ ਮੁਸ਼ਕਿਲਾਂ ਦਾ ਸਾਹਮਣਾ

ਦਿਲਜੀਤ ਦੋਸਾਂਝ

ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਹਾਲ ਹੀ ਵਿੱਚ ਇੱਕ ਨੈੱਟਫਲਿਕਸ ਇੰਟਰਵਿਊ ਵਿੱਚ ਪ੍ਰਸਿੱਧੀ, ਕਲਾ ਅਤੇ ਮਾਨਤਾ ਬਾਰੇ ਦਿਲੋਂ ਗੱਲਬਾਤ ਸਾਂਝੀ ਕੀਤੀ ਹੈ।

ਦਿਲਜੀਤ ਕੋਚੇਲਾ ਵਿੱਚ ਪ੍ਰਦਰਸ਼ਨ ਕਰਨ ਵਾਲਾ ਪਹਿਲਾ ਪੰਜਾਬੀ ਕਲਾਕਾਰ ਹੋਣ ਵਜੋਂ ਇਤਿਹਾਸ ਰਚ ਚੁੱਕਿਆ ਹੈ ਅਤੇ 'ਦ ਟੂਨਾਈਟ ਸ਼ੋਅ ਸਟਾਰਿੰਗ ਜਿੰਮੀ ਫੈਲਨ' ਵਿੱਚ ਵੀ ਸ਼ਾਮਲ ਹੋ ਚੁੱਕਿਆ ਹੈ। ਅਦਾਕਾਰ ਨੇ ਕਿਹਾ ਕਿ ਹਰ ਕਲਾਕਾਰ ਨੂੰ ਜ਼ਿੰਦਗੀ ਵਿੱਚ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਤੱਕ ਉਹ ਮਰਦਾ ਨਹੀਂ, ਲੋਕ ਉਸਨੂੰ ਕਦੇ ਮਹਾਨ ਨਹੀਂ ਕਹਿੰਦੇ। ਉਹ ਉਸ ਨੂੰ ਉਹ ਪਿਆਰ ਕਦੇ ਨਹੀਂ ਦਿੰਦੇ ਜਿਸਦਾ ਉਹ ਹੱਕਦਾਰ ਹੈ। ਉਸ ਨੂੰ ਉਹ ਪਿਆਰ ਦੁਨੀਆ ਛੱਡਣ ਤੋਂ ਬਾਅਦ ਹੀ ਮਿਲਦਾ ਹੈ।

ਇਸ ਦੌਰਾਨ ਚਮਕੀਲਾ ਦੀ ਵਿਰਾਸਤ 'ਤੇ ਗੱਲ ਕਰਦੇ ਹੋਏ ਦਿਲਜੀਤ ਦੋਸਾਂਝ ਨੈੱਟਫਲਿਕਸ ਇੰਟਰਵਿਊ ਵਿੱਚ ਭਾਵੁਕ ਹੋ ਗਿਆ।

ਜ਼ਿਕਰਯੋਗ ਹੈ ਕਿ ਨੈੱਟਫਲਿਕਸ ਨੇ ਇੱਕ ਖਾਸ ਅਤੇ ਡੂੰਘਾਈ ਭਰਿਆ ਭਾਵੁਕ ਇੰਟਰਵਿਊ ਜਾਰੀ ਕੀਤਾ ਹੈ। ਇੰਟਰਵਿਊ ਸੁਪਰਸਟਾਰ ਦੇ ਅੰਦਰੂਨੀ ਪੱਖ ਦੀ ਇੱਕ ਖਾਸ ਝਲਕ ਪੇਸ਼ ਕਰਦਾ ਹੈ ਜਿਸ ਵਿੱਚ ਕਲਾ, ਪ੍ਰਸਿੱਧੀ ਅਤੇ ਮਾਨਤਾ ਦੇ ਉਸ ਦੇ ਫਲਸਫ਼ੇ ਨੂੰ ਉਜਾਗਰ ਕੀਤਾ ਗਿਆ ਹੈ।

ਇੱਕ ਡੂੰਘੀ ਭਾਵਨਾਤਮਕ ਨੈੱਟਫਲਿਕਸ ਇੰਟਰਵਿਊ ਵਿੱਚ ਦਿਲਜੀਤ ਦੋਸਾਂਝ ਨੇ ਆਪਣੀ ਯਾਤਰਾ ਅਤੇ ਮਹਾਨ ਪੰਜਾਬੀ ਗਾਇਕ ਅਮਰ ਸਿੰਘ ਚਮਕੀਲਾ ਦਾ ਕਿਰਦਾਰ ਨਿਭਾਉਣ ਦੇ ਡੂੰਘੇ ਪ੍ਰਭਾਵ ਬਾਰੇ ਗੱਲ ਕੀਤੀ, ਇੱਕ ਅਜਿਹੀ ਭੂਮਿਕਾ ਜਿਸ ਲਈ ਉਸਨੂੰ ਅੰਤਰਰਾਸ਼ਟਰੀ ਐਮੀ ਨਾਮਜ਼ਦਗੀ ਮਿਲੀ ਹੈ।

ਗੱਲਬਾਤ ਦੌਰਾਨ ਉਸ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਸਮਾਜ ਅਕਸਰ ਕਲਾਕਾਰਾਂ ਨੂੰ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਕਿਵੇਂ ਮਹੱਤਵ ਦਿੰਦਾ ਹੈ।

ਚੇਤਿਆਂ 'ਚ ਵਸਿਆ

ਕੁਲਦੀਪ ਮਾਣਕ

ਕੁਲਦੀਪ ਧਨੌਲਾ
94642-91023

ਪੰਜਾਬੀ ਲੋਕ ਗਾਇਕੀ ਦੇ ਮਾਣ ਕੁਲਦੀਪ ਮਾਣਕ ਬਾਰੇ ਨਵੰਬਰ ਦਾ ਮਹੀਨਾ ਖੁਸ਼ੀ ਅਤੇ ਗ਼ਮੀ ਦਾ ਅਹਿਸਾਸ ਕਰਵਾਉਂਦਾ ਹੈ, ਕਿਉਂਕਿ ਇਸੇ ਮਹੀਨੇ ਦੀ 15 ਤਾਰੀਖ 1951 ਨੂੰ ਉਹਨੇ ਪਿੰਡ ਜਲਾਲ (ਜ਼ਿਲ੍ਹਾ ਬਠਿੰਡਾ) ਵਿੱਚ ਪਹਿਲੀ ਕਿਲਕਾਰੀ ਮਾਰੀ ਸੀ ਤੇ ਇਸੇ ਮਹੀਨੇ ਦੀ 30 ਤਾਰੀਖ਼ 2011 ਨੂੰ ਉਹ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ ਤੇ ਆਖ਼ਰ ਜਿਹੜੀ ਪਿੰਡ ਜਲਾਲ ਦੀ ਮਿੱਟੀ ਵਿੱਚ ਉਹ ਖੇਡਿਆ-ਕੁੱਦਿਆ ਤੇ ਉਸੇ ਮਿੱਟੀ ਵਿੱਚ ਹੀ ਸਪੁਰਦ-ਏ-ਖ਼ਾਕ ਹੋ ਗਿਆ।

ਉਸਦੇ ਪਿਤਾ ਦਾ ਨਾਂ ਨਿੱਕਾ ਸਿੰਘ ਅਤੇ ਮਾਤਾ ਦਾ ਨਾਂ ਬਚਨ ਕੌਰ ਸੀ। ਮਾਣਕ ਦਾ ਅਸਲੀ ਨਾਂ ਮੁਹੰਮਦ ਲਤੀਫ਼ ਸੀ। ਗਾਇਕੀ ਉਸਨੂੰ ਵਿਰਸੇ ਵਿਚੋਂ ਮਿਲੀ ਕਿਉਂਕਿ ਤਾਇਆ ਸੂਬਾ ਸਿੰਘ ਪਿੰਡ ਦੇ ਗੁਰਦੁਆਰੇ ਹਜ਼ੂਰੀ ਰਾਗੀ ਸਨ, ਪਿਤਾ ਨਿੱਕਾ ਸਿੰਘ ਵੀ ਕੀਰਤਨ ਸਮੇਂ ਉਨ੍ਹਾਂ ਦਾ ਸਾਥ ਦਿੰਦੇ ਸਨ। ਬਚਪਨ ਤੋਂ ਹੀ ਉਨ੍ਹਾਂ ਨਾਲ ਹਰ ਪ੍ਰੋਗਰਾਮ ਭਾਵ ਕੀਰਤਨ, ਪਾਠ, ਅਨੰਦ ਕਾਰਜ ਆਦਿ ਵਿੱਚ ਮੁਹੰਮਦ ਲਤੀਫ਼ ਵੀ ਹਿੱਸਾ ਲੈਣ ਲੱਗ ਪਿਆ। ਸਕੂਲ ਵਿੱਚ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਵੀ ਪਿੱਛੇ ਨਾ ਰਹਿੰਦਾ। ਮਾਸਟਰ ਕਸ਼ਮੀਰ ਸਿੰਘ ਵਲਟੋਹਾ ਨੇ ਵਧੀਆ ਆਵਾਜ਼ ਦੇਖ ਕੇ ਹੌਸਲਾ ਅਫ਼ਜਾਈ ਕੀਤੀ ਤੇ ਜਿਉਂ ਜਿਉਂ ਜਮਾਤਾਂ ਚੜ੍ਹਦਾ ਗਿਆ, ਗਾਇਕੀ ਵਿੱਚ ਵੀ ਹੌਸਲੇ ਬੁਲੰਦ ਹੁੰਦੇ ਗਏ। ਗਾਇਕੀ ਵੱਲ ਰੁਝਾਨ ਜ਼ਿਆਦਾ ਹੋਣ ਕਾਰਨ ਪੜ੍ਹਾਈ ਵਿੱਚ ਪਛੜਦਾ ਗਿਆ ਅਤੇ ਜਿਸ ਕਾਰਨ ਬਹੁਤੀ ਪੜ੍ਹਾਈ ਨਾ ਕਰ ਸਕਿਆ।

ਆਪਣੀ ਕਲਾ ਨੂੰ ਪ੍ਰਪੱਕ ਕਰਨ ਲਈ ਉਸਨੂੰ ਕਿਸੇ ਕਾਮਲ ਮੁਰਸ਼ਦ ਦੀ ਜ਼ਰੂਰਤ ਮਹਿਸੂਸ ਹੋਈ। ਸੋ ਇਸ ਕਮੀ ਨੂੰ ਪੂਰਾ ਕਰਨ ਲਈ ਉਹ ਖੁਸ਼ੀ ਮੁਹੰਮਦ ਫਿਰੋਜ਼ਪੁਰ ਵਾਲਿਆਂ ਦੇ ਚਰਨੀਂ ਜਾ ਲੱਗਿਆ। ਉਨ੍ਹਾਂ ਕੋਲ ਰਹਿ ਕੇ ਸੰਗੀਤ ਬਾਰੇ ਜਾਣਿਆਂ। ਆਪਣੀ ਮਿਹਨਤ ਤੇ ਲਗਨ ਅਤੇ ਉਸਤਾਦ ਦੀਆਂ ਰਹਿਮਤਾਂ ਸਦਕਾ ਉਸ ਦੀ ਝੋਲੀ ਭਰ ਗਈ।

ਹਾਲੇ ਉਹ ਸਕੂਲ ਵਿੱਚ ਹੀ ਪੜ੍ਹਦਾ ਸੀ ਕਿ ਇੱਕ ਵਾਰੀ ਪਿੰਡ ਦੇ ਖੇਡ ਮੇਲੇ 'ਤੇ ਸਵਰਗੀ ਸ੍ਰ. ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਆਏ। ਲਤੀਫ਼ ਨੇ ਸਟੇਜ 'ਤੇ ਗੀਤ ਗਾਇਆ। ਕੈਰੋਂ ਸਾਹਿਬ ਬੇਹੱਦ ਖੁਸ਼ ਹੋਏ। ਚਾਲੀ ਰੁਪਏ ਇਨਾਮ ਦੇ ਕੇ ਪਿੱਠ ਥਾਪੜਦੇ ਹੋਏ ਸਟੇਜ ਤੋਂ ਕਿਹਾ ਕਿ ਇਹ ਤਾਂ ਪੰਜਾਬ ਦਾ 'ਮਾਣਕ' ਹੈ। ਉਸ ਸਮੇਂ ਤੋਂ ਕੁਲਦੀਪ ਦੇ ਨਾਂ ਨਾਲ ਮਾਣਕ ਜੁੜ ਗਿਆ ਅਤੇ ਉਹ ਬਣ ਗਿਆ ਕੁਲਦੀਪ ਮਾਣਕ।

ਆਪਣੀ ਕਿਸਮਤ ਅਜ਼ਮਾਉਣ ਲਈ ਚੜ੍ਹਦੀ ਉਮਰ ਵਿੱਚ ਹੀ ਮਾਣਕ ਗਾਇਕਾਂ ਦੇ ਮੱਕੇ ਲੁਧਿਆਣੇ ਆ ਗਿਆ। ਏਥੇ ਉਸ ਸਮੇਂ ਦੇ ਚੋਟੀ ਦੇ ਗਾਇਕ ਹਰਚਰਨ ਗਰੇਵਾਲ ਦੇ ਗਰੁੱਪ ਵਿੱਚ ਬਤੌਰ ਢੋਲਕ ਮਾਸਟਰ ਸ਼ਾਮਲ ਹੋ ਗਿਆ। ਪੈਰ ਜਮਾਉਣ ਲਈ ਬਹੁਤ ਸੰਘਰਸ਼ ਕੀਤਾ, ਭਾਂਡੇ ਮਾਂਜਣੇ ਪਏ, ਭੁੰਜੇ ਸੌਣਾ ਪਿਆ, ਫਾਕੇ ਕੱਟਣੇ ਪਏ ਤੇ ਨੀਂਦਾਂ ਝਾਗਣੀਆਂ ਪਈਆਂ। ਅਖ਼ੀਰ ਮਿਹਨਤ ਰੰਗ ਲਿਆਈ ਹਰਚਰਨ ਗਰੇਵਾਲ ਤੇ ਸੀਮਾ ਦੀ ਰਿਕਾਰਡਿੰਗ ਸੀ। ਮਾਣਕ ਸਮੇਤ ਸਾਰਾ ਗਰੁੱਪ ਐਚ.ਐਮ.ਵੀ. ਕੰਪਨੀ ਦੇ ਦਫ਼ਤਰ ਦਿੱਲੀ ਪਹੁੰਚਿਆ। ਲਾਅਨ ਵਿੱਚ ਆਪਣੀ ਧੁਨ ਵਿਚ ਮਸਤ ਮਾਣਕ ਕੋਈ ਗੀਤ ਗਾ ਰਿਹਾ ਸੀ, ਜਿਸਨੂੰ ਕੋਲੋਂ ਲੰਘਦੇ ਰਿਕਾਰਡਿੰਗ ਅਫਸਰ ਨੇ ਸੁਣ ਲਿਆ ਅਤੇ ਰਿਕਾਰਡਿੰਗ ਲਈ ਕਿਹਾ। ਇਸ ਤਰ੍ਹਾਂ ਮਾਣਕ ਦੀ ਪਹਿਲੀ ਰਿਕਾਰਡਿੰਗ ਸੁਰਿੰਦਰ ਸੀਮਾ ਨਾਲ 'ਲੌਂਗ ਕਰਾ ਮਿੱਤਰਾ, ਮਛਲੀ ਪਾਉਣਗੇ ਮਾਪੇ' ਅਤੇ 'ਜੀਜਾ ਅੱਖੀਆਂ ਨਾ ਮਾਰ, ਵੇ ਮੈਂ ਕੱਲ੍ਹ ਦੀ ਕੁੜੀ' ਇਹ 1968 ਦੀ ਗੱਲ ਹੈ। ਕੁਝ ਦੇਰ ਬਾਅਦ ਉਸ ਨੇ ਸਤਿੰਦਰ ਬੀਬਾ ਨਾਲ ਜੋੜੀ ਬਣਾ ਕੇ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ। ਦੋਵਾਂ ਦੀ ਆਵਾਜ਼ ਵਿੱਚ ਦੋਗਾਣਿਆਂ ਦੀ ਰਿਕਾਰਡਿੰਗ ਵੀ ਹੋਈ।

ਗੀਤਕਾਰ ਹਰਦੇਵ ਦਿਲਗੀਰ (ਦੇਵ ਥਰੀਕਿਆਂ ਵਾਲਾ) ਦੇ ਕੰਨੀਂ ਜਦੋਂ ਮਾਣਕ ਦੀ ਆਵਾਜ਼ ਪਈ ਤਾਂ ਉਹਨੇ ਮਹਿਸੂਸ ਕੀਤਾ ਕਿ ਇਹ ਆਵਾਜ਼ ਲੋਕ ਗਾਥਾਵਾਂ ਲਈ ਚੱਲ ਸਕਦੀ ਹੈ। ਹਰਦੇਵ ਦਿਲਗੀਰ ਦੀਆਂ ਲਿਖੀਆਂ ਲੋਕ ਗਾਥਾਵਾਂ ਨੂੰ ਮਾਣਕ ਨੇ ਰਿਹਰਸਲ ਕਰਕੇ ਗਾਉਣਾ ਸ਼ੁਰੂ ਕਰ ਦਿੱਤਾ। ਐਚ.ਐਮ.ਵੀ. ਕੰਪਨੀ ਨੇ 1973 ਵਿੱਚ ਉਹਦੀਆਂ ਗਾਈਆਂ ਲੋਕ ਗਾਥਾਵਾਂ ਦਾ ਰਿਕਾਰਡ ਕੱਢਿਆ, ਜਿਸ ਵਿੱਚ ਦੁੱਲਾ, ਜੈਮਲ ਫੱਤਾ, ਪੂਰਨ ਤੇ ਰਸਾਲੂ ਦੀਆਂ ਗਾਥਾਵਾਂ ਸਨ। 'ਦੁੱਲਿਆ ਵੇ ਟੋਕਰਾ ਚੁਕਾਈਂ ਆਣ ਕੇ', 'ਆਖੇ ਅਕਬਰ ਬਾਦਸ਼ਾਹ, ਸੱਦ ਜੈਮਲ ਨੂੰ ਦਰਬਾਰ' ਦੇ ਬੋਲ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਏ ਅਤੇ ਨਾਲ ਹੀ ਮਾਣਕ ਦਾ ਨਾਂ ਵੀ। ਅਗਲੇ ਵਰ੍ਹੇ ਹੀ 'ਤੇਰੇ ਟਿੱਲੇ ਤੋਂ ਸੂਰਤ ਦੀਂਹਦੀ ਆ ਹੀਰ ਦੀ' ਐਲ.ਪੀ. ਨੇ ਤਾਂ ਮਾਣਕ ਤੇ ਦੇਵ ਥਰੀਕਿਆਂ ਵਾਲੇ ਦੀ ਜੋੜੀ ਨੂੰ ਅਸਮਾਨੀਂ ਚੜ੍ਹਾ ਦਿੱਤਾ।

ਲੋਕ ਗਾਥਾਵਾਂ ਤੋਂ ਇਲਾਵਾ ਮਾਣਕ ਦੀ ਆਵਾਜ਼ ਵਿੱਚ ਅਨੇਕਾਂ ਦੂਸਰੇ ਸੋਲੋ ਗੀਤ ਵੀ ਰਿਕਾਰਡ ਹੋਏ। ਜਦੋਂ ਉਹ ਦੋਗਾਣਿਆਂ ਵੱਲ ਹੋਇਆ ਤਾਂ ਓਧਰ ਵੀ ਗੁੱਡੀ ਅਸਮਾਨੀਂ ਚਾੜ੍ਹ ਦਿੱਤੀ। ਸਤਿੰਦਰ ਬੀਬਾ ਨਾਲ ਈ.ਪੀ. ਤਵੇ ਵਿੱਚ 'ਕਾਲੀ ਗਾਨੀ ਮਿੱਤਰਾਂ ਦੀ' ਮਾਣਕ ਦੀ ਗਾਇਕੀ ਦਾ ਸਿਖ਼ਰ ਹੋ ਨਿਬੜਿਆ। ਕੈਪਕੋ ਇੰਟਰਨੈਸ਼ਨਲ ਕੰਪਨੀ ਦਿੱਲੀ ਨੇ ਮਾਣਕ ਅਤੇ ਗੁਲਸ਼ਨ ਕੋਮਲ ਦੀ ਆਵਾਜ਼ ਵਿੱਚ ਰਿਕਾਰਡਿੰਗ ਕੀਤੀ, ਜਿਸ ਵਿਚਲੇ ਦੋਗਾਣੇ 'ਘਰੋਂ ਚੱਲ ਕੱਢੂੰ ਰੜਕਾਂ', 'ਜੱਟੀਏ ਜੇ ਹੋ ਗੀ ਸਾਧਣੀ' ਨੇ ਤਾਂ ਕਾਮਯਾਬੀ ਦੇ ਝੰਡੇ ਹੀ ਗੱਡ ਦਿੱਤੇ। ਬਾਅਦ ਵਿੱਚ ਐਚ.ਐਮ.ਵੀ. ਕੰਪਨੀ ਨੇ ਵੀ ਇਨ੍ਹਾਂ ਗੀਤਾਂ ਦਾ ਇੱਕ ਐਲ.ਪੀ. ਰਿਲੀਜ਼ ਕੀਤਾ। ਇਨ੍ਹਾਂ ਤੋਂ ਬਿਨਾਂ ਮਾਣਕ ਦੇ ਅਮਰਜੋਤ, ਪਰਮਿੰਦਰ ਸੰਧੂ, ਕੁਲਦੀਪ ਕੌਰ, ਗੁਲਸ਼ਨ ਕੋਮਲ, ਸਤਿੰਦਰ ਬੀਬਾ, ਸੁਚੇਤ ਬਾਲਾ, ਕੁਲਦੀਪ ਕੌਰ, ਪਰਮਿੰਦਰ ਸੰਧੂ ਨਾਲ ਸਟੇਜਾਂ 'ਤੇ ਵੀ ਗਾਇਆ। ਕੁਲਦੀਪ ਮਾਣਕ ਪੰਜਾਬੀਆਂ ਦਾ ਚਹੇਤਾ ਗਾਇਕ ਬਣ ਗਿਆ। ਮਾਣਕ ਦੇ ਨਾਲ-ਨਾਲ ਦੇਵ ਥਰੀਕੇ ਵਾਲੇ ਦਾ ਨਾਂ ਵੀ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਿਆ। ਲੋਕ ਗਾਥਾਵਾਂ ਨੂੰ ਤਾਂ ਭਾਵੇਂ ਹੋਰ ਕਲਾਕਾਰਾਂ ਨੇ ਵੀ ਗਾਇਆ ਪਰ ਜੋ ਝੰਡੇ ਮਾਣਕ ਨੇ ਗੱਡੇ ਹਨ, ਉਥੇ ਤੱਕ ਕੋਈ ਹੋਰ ਨਹੀਂ ਪਹੁੰਚ ਸਕਿਆ। ਅੱਜ ਦੇ ਗਾਇਕ ਮਾਈਕ ਹੱਥ ਵਿੱਚ ਫੜ ਕੇ ਸਿਰਗਟ-ਬੀੜੀ ਪੀਣ ਵਾਲਿਆਂ ਵਾਂਗੂੰ ਮੂੰਹ ਵਿੱਚ ਥੁੰਨੀ ਰੱਖਦੇ ਹਨ ਪਰ ਮਾਣਕ ਮਾਈਕ ਹੱਥ ਵਿੱਚ ਫੜਨ ਦੀ ਗੱਲ ਤਾਂ ਦੂਰ ਰਹੀ ਸਗੋਂ ਉਹ ਮਾਈਕ ਤੋਂ ਹੱਥ, ਦੋ ਹੱਥ ਦੂਰ ਹੀ ਰੱਖਦਾ ਸੀ।

ਜਿੱਥੋਂ ਤੱਕ ਦੋਗਾਣਿਆਂ ਦੀ ਗੱਲ ਹੈ, ਇਸ ਵੰਨਗੀ ਵਿੱਚ ਵੀ ਮਾਣਕ ਚੋਟੀ ਦੇ ਗਾਇਕਾਂ ਦੇ ਬਰਾਬਰ ਮੜ੍ਹਿੱਕਿਆ ਹੈ, ਸਗੋਂ ਕਈਆਂ ਨਾਲੋਂ ਤਾਂ ਉਸਦਾ ਹੱਥ ਉਪਰ ਰਿਹਾ ਹੈ। ਸਤਿੰਦਰ ਬੀਬਾ ਅਤੇ ਗੁਲਸ਼ਨ ਕੋਮਲ ਨਾਲ ਗਾਏ ਉਸਦੇ ਦੋਗਾਣੇ ਗਾਇਕੀ ਦੇ ਇਤਿਹਾਸ ਵਿੱਚ ਮੀਲ ਪੱਥਰ ਹਨ।

ਧਾਰਮਿਕ ਗੀਤਾਂ ਵਿੱਚ ਵੀ ਮਾਣਕ ਕਿਸੇ ਪੱਖੋਂ ਘੱਟ ਨਹੀਂ। ਮਾਣਕ ਦੀ ਗਾਈ ਬੰਦਾ ਬਹਾਦਰ ਦੀ ਵਾਰ 'ਲੈ ਕੇ ਕਲਗੀਧਰ ਤੋਂ ਥਾਪੜਾ' ਸੁਣਨ ਵਾਲਿਆਂ ਦੇ ਲੂੰ-ਕੰਡੇ ਖੜ੍ਹੇ ਕਰ ਦਿੰਦੀ ਹੈ। ਹਰ ਸਟੇਜ ਦਾ ਆਰੰਭ ਉਹ ਏਸੇ ਵਾਰ ਨਾਲ ਕਰਦਾ ਸੀ। ਇਸ ਤੋਂ ਇਲਾਵਾ ਉਸਦੇ ਹੋਰ ਵੀ ਧਾਰਮਿਕ ਗੀਤ ਪ੍ਰਸਿੱਧ ਹੋਏ। ਮਾਣਕ ਦੀ ਧਾਰਮਿਕ ਗਾਇਕੀ ਗਿਣਾਤਮਕ ਪੱਖੋਂ ਭਾਵੇਂ ਘੱਟ ਹੈ, ਪਰ ਗੁਣਾਤਮਕ ਪੱਖੋਂ ਪ੍ਰਭਾਵਸ਼ਾਲੀ ਹੈ।

ਇਸ ਤੋਂ ਇਲਾਵਾ ਉਸ ਨੇ 'ਝੰਡੇ ਖ਼ਾਲਸਾ ਰਾਜ ਦੇ' ਕੈਸੇਟ ਵੀ ਕਰਵਾਈ। ਕੁਲਦੀਪ ਮਾਣਕ ਨੇ ਅਨੇਕਾਂ ਪੰਜਾਬੀ ਫਿਲਮਾਂ ਵਿੱਚ ਗੀਤ ਗਾਏ।

ਕੁਲਦੀਪ ਮਾਣਕ ਨੇ ਸਭ ਤੋਂ ਵੱਧ ਗੀਤ ਦੇਵ ਥਰੀਕਿਆਂ ਵਾਲੇ ਦੇ ਹੀ ਲਿਖੇ ਹੋਏ ਗਾਏ ਹਨ। ਇਸ ਤੋਂ ਇਲਾਵਾ ਗੁਰਮੁੱਖ ਗਿੱਲ, ਬਾਬੂ ਸਿੰਘ ਮਾਨ, ਸਨਮੁੱਖ ਸਿੰਘ ਅਜ਼ਾਦ, ਰਾਮ ਸਿੰਘ ਢਿੱਲੋਂ, ਸੇਵਾ ਸਿੰਘ ਨੌਰਥ, ਚੰਨ ਗੁਰਾਇਆਂ ਵਾਲਾ, ਪਾਲੀ ਦੇਤਵਾਲੀਆ, ਬਲਬੀਰ ਲਹਿਰਾ, ਕਰਨੈਲ ਸਿੰਘ ਜਲਾਲ, ਜੀਤ ਗੋਲੇਵਾਲੀਆ, ਚਮਕੌਰ ਚਮਕ, ਅਲਬੇਲ ਬਰਾੜ, ਬਚਨ ਬੇਦਿਲ, ਦੇਬੀ ਮਖਸੂਸਪੁਰੀ, ਦਲੀਪ ਸਿੱਧੂ, ਜੱਗਾ ਗਿੱਲ, ਜਲੌਰ ਸਿੰਘ ਸਿੱਧੂ, ਮੇਵਾ ਸਿੰਘ ਨੌਰਥ, ਦਲੀਪ ਸਿੰਘ ਕਣਕਵਾਲ, ਸੀਤਾ ਗੋਲੇ ਵਾਲੀਆ ਅਤੇ ਬਿੱਕਰ ਮਹਿਰਾਜ ਆਦਿ ਗੀਤਕਾਰਾਂ ਦੇ ਲਿਖੇ ਹੋਏ ਗੀਤ ਵੀ ਉਸਨੇ ਰਿਕਾਰਡ ਕਰਵਾਏ ਹਨ।

ਉਹ ਅਨੇਕਾਂ ਵਾਰ ਵੱਖ-ਵੱਖ ਦੇਸ਼ਾਂ ਵਿੱਚ ਵੀ ਗਿਆ ਸੀ। ਪਰਵਾਸੀ ਪੰਜਾਬੀਆਂ ਨੇ ਮਾਣ-ਸਨਮਾਨਾਂ ਦੇ ਨਾਲ-ਨਾਲ ਉਸਨੂੰ ਪੌਂਡਾਂ ਤੇ ਡਾਲਰਾਂ ਨਾਲ ਵੀ ਨਿਹਾਲ ਕੀਤਾ। ਰੇਡੀਓ 'ਤੇ ਪਹਿਲੀ ਵਾਰ ਮਾਣਕ ਨੇ 1973 ਵਿੱਚ ਗਾਇਆ। ਦੂਰਦਰਸ਼ਨ ਜਲੰਧਰ ਵਾਲਿਆਂ ਨੇ 1981 ਵਿੱਚ ਪਹਿਲੀ ਵਾਰ ਆਪ ਬੁਲਾਇਆ ਸੀ। ਦੇਵ ਥਰੀਕਿਆਂ ਵਾਲੇ ਨਾਲ ਮੇਲ ਜੋਲ ਵਧਣ 'ਤੇ ਮਾਣਕ ਨੇ ਆਪਣੀ ਰਿਹਾਇਸ਼ ਥਰੀਕੇ ਪਿੰਡ ਵਿੱਚ ਹੀ ਕਰ ਲਈ। ਉਥੇ ਹੀ 1975 ਵਿਚ ਉਸਦਾ ਵਿਆਹ ਸਰਵਜੀਤ ਕੌਰ ਨਾਲ ਹੋਇਆ। 1985 ਵਿੱਚ ਮਾਣਕ ਥਰੀਕਿਆਂ ਤੋਂ ਲੁਧਿਆਣੇ ਆ ਗਿਆ ਅਤੇ ਰਣਧੀਰ ਸਿੰਘ ਨਗਰ ਵਿੱਚ ਰਿਹਾਇਸ਼ ਕਰ ਲਈ।

ਮਾਣ-ਸਨਮਾਨਾਂ ਦੇ ਮਾਮਲੇ ਵਿੱਚ ਮਾਣਕ ਕਿਸੇ ਤੋਂ ਪਿੱਛੇ ਨਹੀਂ ਰਿਹਾ। ਉਸਨੂੰ ਅਨੇਕਾਂ ਸੰਸਥਾਵਾਂ ਨੇ ਸਮੇਂ-ਸਮੇਂ 'ਤੇ ਸਨਮਾਨਿਤ ਕੀਤਾ। ਉਸਦੇ ਲਈ ਸਭ ਤੋਂ ਵੱਡਾ ਸਨਮਾਨ ਤਾਂ ਪੰਜਾਬੀਆਂ ਦਾ ਪਿਆਰ ਸੀ। ਅਕਤੂਬਰ 1991 ਵਿੱਚ ਪ੍ਰੋ. ਮੋਹਣ ਸਿੰਘ ਫਾਊਂਡੇਸ਼ਨ ਵੱਲੋਂ ਪੰਜਾਬੀ ਭਵਨ ਵਿਖੇ ਮਾਣਕ ਦਾ ਸਨਮਾਨ ਹੋਣਾ ਸੀ ਤੇ ਤਤਕਾਲੀ ਰਾਜਪਾਲ ਸੁਰਿੰਦਰ ਨਾਥ ਸ਼ਰਮਾ ਮੁੱਖ ਮਹਿਮਾਨ ਸਨ। ਇਕੱਠ ਬਹੁਤ ਜ਼ਿਆਦਾ ਹੋ ਗਿਆ। (ਬਾਕੀ ਸਫ਼ਾ 27 'ਤੇ)

ਭਾਰਤ ਅਤੇ ਕੈਨੇਡਾ ਦੇ ਲੋਕਾਂ ਲਈ ਲਾਹੇਵੰਦ

ਇਸ ਦੌਰਾਨ ਭਾਰਤ ਤੇ ਕੈਨੇਡਾ ਦਰਮਿਆਨ ਹੋਣ ਵਾਲੇ ਵਪਾਰ ਸਮਝੌਤੇ ਦਾ ਦੋਵਾਂ ਮੁਲਕਾਂ ਦੇ ਲੋਕਾਂ ਨੂੰ ਫਾਇਦਾ ਮਿਲੇਗਾ। ਉਨ੍ਹਾਂ ਕਿਹਾ ਕਿ ਪੱਗ ਸਿੱਖਾਂ ਦੀ ਸ਼ਾਨ ਹੈ। ਗੁਰਦੁਆਰਾ ਕਮੇਟੀ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਗੁਰੂ ਘਰ ਵਿਖੇ ਮੱਥਾ ਟੇਕਣ ਉਪਰੰਤ ਉਨ੍ਹਾਂ ਕਮੇਟੀ ਦਫ਼ਤਰ ਵਿੱਚ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਮਨ ਵਿੱਚ ਸਿੱਖ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਸਿੱਖ ਭਾਈਚਾਰੇ ਪ੍ਰਤੀ ਬਹੁਤ ਸਤਿਕਾਰ ਹੈ। ਸਿੱਖ ਭਾਈਚਾਰੇ ਨੇ ਵਿਦੇਸ਼ਾਂ ਵਿੱਚ ਆਪਣੀ ਮਿਹਨਤ ਤੇ ਲਗਨ ਨਾਲ ਭਾਈਚਾਰੇ ਅਤੇ ਦੇਸ਼ ਦੇ ਮਾਣ ਸਨਮਾਨ ਵਿੱਚ ਭਾਰੀ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੱਗ ਸਰਦਾਰਾਂ ਦੀ ਸ਼ਾਨ ਹੈ ਤੇ ਪਗੜੀ ਕਾਰਨ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਸਿੱਖ ਨਾਲ ਨੌਕਰੀ ਲੈਣ ਸਮੇਂ ਵਿਤਕਰਾ ਨਹੀਂ ਹੋਣਾ ਚਾਹੀਦਾ।

ਦਿਨੇਸ਼ ਪਟਨਾਇਕ ਨੇ ਭਾਰਤ ਤੇ ਕੈਨੇਡਾ ਵਿਚਾਲੇ ਚੰਗੇ ਸਬੰਧਾਂ ਦੀ ਮੁੜ ਸ਼ੁਰੂਆਤ ਦੀ ਗੱਲ ਕਰਦਿਆਂ ਕਿਹਾ ਕਿ ਅਗਲੇ ਦਿਨਾਂ ਵਿੱਚ ਦੋਵਾਂ ਮੁਲਕਾਂ ਵਿਚਾਲੇ ਵਿਆਪਕ ਵਪਾਰ ਸਮਝੌਤਾ ਹੋਣ ਨਾਲ ਦੋਵਾਂ ਮੁਲਕਾਂ ਦੇ ਨਾਗਰਿਕਾਂ ਨੂੰ ਭਾਰੀ ਲਾਭ ਮਿਲੇਗਾ ਤੇ ਸਬੰਧਾਂ ਵਿੱਚ ਵੀ ਮਜ਼ਬੂਤੀ ਆਏਗੀ। ਉਨ੍ਹਾਂ ਦੀ ਪਤਨੀ ਜੋ ਸਿੱਖ ਮੱਕੜ ਪਰਿਵਾਰ ਤੋਂ ਹਨ, ਨੇ ਕਮੇਟੀ ਮੈਂਬਰਾਂ ਨਾਲ ਪੰਜਾਬੀ ਵਿੱਚ ਸੋਹਣੀ ਗੱਲਬਾਤ ਕੀਤੀ। ਹਾਈ ਕਮਿਸ਼ਨਰ ਨੇ ਭਾਈਚਾਰੇ ਨੂੰ ਮਜ਼ਬੂਤ ਅਤੇ ਇਕਜੁੱਟ ਰਹਿਣ ਲਈ ਉਤਸ਼ਾਹਿਤ ਕੀਤਾ ਅਤੇ ਭਰੋਸਾ ਦਿਵਾਇਆ ਕਿ ਕੈਨੇਡਾ ਵਿੱਚ ਹਾਈ ਕਮਿਸ਼ਨ ਅਤੇ ਕੌਂਸੁਲੇਟ ਹਮੇਸ਼ਾ ਕਿਸੇ ਵੀ ਸਹਾਇਤਾ ਲਈ ਉਪਲਬਧ ਹਨ।

ਗੁਰਦੁਆਰਾ ਕਮੇਟੀ ਨੇ ਮਗਰੋਂ ਸਪੋਰਟਸ ਮੈਗਜ਼ੀਨ ਖੇਡ ਸੰਸਾਰ -2025 ਦਾ ਨਵਾਂ ਅੰਕ ਰਿਲੀਜ਼ ਕੀਤਾ। ਇਸ ਮੌਕੇ ਉਨ੍ਹਾਂ ਨਾਲ ਖ਼ਾਲਸਾ ਦੀਵਾਨ ਸੁਸਾਇਟੀ ਦੇ ਸਕੱਤਰ ਜਗਦੀਪ ਸਿੰਘ ਸੰਘੇੜਾ, ਰਣਜੀਤ ਸਿੰਘ ਹੇਅਰ ਤੇ ਹੋਰ ਵੀ ਸਨ।

***

ਡਾਲਰ ਮੁਕਾਬਲੇ ਰੁਪਇਆ ਕਿਉਂ

ਅਪ੍ਰੈਲ 2025 ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਆਯਾਤ ’ਤੇ 50 ਫ਼ੀਸਦੀ ਟੈਰਿਫ ਲਗਾਏ ਸਨ, ਜੋ ਰੂਸੀ ਤੇਲ ਖਰੀਦਣ ਨੂੰ ਲੈ ਕੇ ਸਜ਼ਾ ਵਜੋਂ ਵੇਖੇ ਜਾ ਰਹੇ ਹਨ। ਇਹ ਟੈਰਿਫ ਭਾਰਤ ਦੇ 48.2 ਬਿਲੀਅਨ ਡਾਲਰ ਦੇ ਨਿਰਯਾਤ ਨੂੰ ਖਤਰੇ ਵਿੱਚ ਪਾ ਰਹੇ ਹਨ, ਜੋ ਜੀਡੀਪੀ ਦਾ 2 ਫ਼ੀਸਦੀ ਹਿੱਸਾ ਹੈ। ਟੈਕਸਟਾਈਲ, ਗੈਮਜ਼ ਐਂਡ ਜੈਵੇਲਰੀ, ਲੈਦਰ ਗੁਡਜ਼ ਅਤੇ ਆਟੋਮੋਬਾਈਲ ਵਰਗੇ ਖੇਤਰ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋ ਰਹੇ ਹਨ। ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ ਦੇ ਅਨੁਸਾਰ, ਅਮਰੀਕੀ ਆਰਡਰਾਂ ਵਿੱਚ 60 ਤੋਂ 90 ਫ਼ੀਸਦੀ ਗਿਰਾਵਟ ਆ ਸਕਦੀ ਹੈ, ਜਿਸ ਨਾਲ 20 ਮਿਲੀਅਨ ਨੌਕਰੀਆਂ ਖਤਰੇ ਵਿੱਚ ਪੈ ਸਕਦੀਆਂ ਹਨ। ਸੂਰਤ ਵਰਗੇ ਹੀਰੇ ਪਾਲਿਸ਼ਿੰਗ ਹੱਬਾਂ ਵਿੱਚ ਹਜ਼ਾਰਾਂ ਮਜ਼ਦੂਰ ਆਪਣੀਆਂ ਨੌਕਰੀਆਂ ਗੁਆ ਰਹੇ ਹਨ, ਅਤੇ ਅੰਮ੍ਰਿਤਸਰ ਦੇ ਗਾਰਮੈਂਟ ਫੈਕਟਰੀਆਂ ਵਿੱਚ ਵਪਾਰ ਘਟ ਰਿਹਾ ਹੈ।

ਇਸ ਨਾਲ ਨਿਰਯਾਤ ਅਕਤੂਬਰ 2025 ਵਿੱਚ 41 ਬਿਲੀਅਨ ਡਾਲਰ ਘੱਟ ਹੋ ਗਿਆ ਸੀ, ਜਿਸ ਨਾਲ ਚਾਲੂ ਖਾਤੇ ਅਤੇ ਪੂੰਜੀ ਖਾਤੇ ਵਿੱਚ ਵਿਦੇਸ਼ੀ ਮੁਦਰਾ ਦੀ ਗਿਣਤੀ ਘਟ ਰਹੀ ਹੈ। ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕ (ਐੱਫਪੀਆਈਜ਼) ਨੇ ਇਸ ਸਾਲ 17 ਬਿਲੀਅਨ ਡਾਲਰ ਤੋਂ ਵੱਧ ਕਢ ਲਏ ਹਨ, ਜੋ ਸ਼ੇਅਰ ਬਾਜ਼ਾਰ ਵਿੱਚ ਨਕਦੀ ਨੂੰ ਘਟਾ ਰਹੇ ਹਨ। ਇਹ ਡਾਲਰ ਦੀ ਮੰਗ ਵਧਾ ਰਹੇ ਹਨ ਅਤੇ ਇਸ ਨਾਲ ਰੁਪਏ ’ਤੇ ਦਬਾਅ ਵਧਿਆ ਹੈ। ਆਰ.ਬੀ.ਆਈ. ਨੇ 30 ਬਿਲੀਅਨ ਡਾਲਰ ਵੇਚੇ ਹਨ, ਪਰ ਫੋਰੈਕਸ ਰਿਜ਼ਰਵ 690 ਬਿਲੀਅਨ ਡਾਲਰ ’ਤੇ ਸਥਿਰ ਹਨ। ਆਈ.ਐੱਮ.ਐੱਫ. ਨੇ ਚਿਤਾਵਨੀ ਦਿੱਤੀ ਹੈ ਕਿ ਅਜਿਹੇ ਟੈਰਿਫ ਜੀ.ਡੀ.ਪੀ. ਵਿੱਚ 0.3 ਤੋਂ 0.5 ਫ਼ੀਸਦੀ ਦੀ ਗਿਰਾਵਟ ਲਿਆਉਣਗੇ ਅਤੇ ਗੋਲਡਮੈਨ ਸੈਕਸ ਨੇ ਵਿਕਾਸ ਅਨੁਮਾਨ ਨੂੰ 6.1 ਫ਼ੀਸਦੀ ਤੱਕ ਘਟਾ ਦਿੱਤਾ ਹੈ।

***

ਅਮਰੀਕਾ ਸਰਕਾਰ ਨੇ ਮੁੜ ਲਗਾਈਆਂ

ਬਿਨੈਕਾਰਾਂ ਦੀ ਪ੍ਰੋਫੈਸ਼ਨਲ ਹਿਸਟਰੀ, ਲਿੰਕਡਇਨ ਪ੍ਰੋਫਾਈਲ ਤੇ ਸੋਸ਼ਲ ਮੀਡੀਆ ਅਕਾਉਂਟਦੀ ਜਾਂਚ ਕੀਤੀ ਜਾਵੇਗੀ। ਅਜਿਹੀਆਂ ਭੂਮਿਕਾਵਾਂ ’ਚ ਹਿੱਸਾ ਲੈਣ ਦੇ ਸਬੂਤ ਮਿਲਣ ’ਤੇ ਬਿਨੈਕਾਰ ਐਂਟਰੀ ਲਈ ਅਯੋਗ ਹੋ ਸਕਦੇ ਹਨ।

ਰਾਇਟਰਜ਼ ਅਨੁਸਾਰ, ਅਜਿਹਾ ਲੱਗਦਾ ਹੈ ਕਿ ਇਹ ਪਾਲਿਸੀ ਆਨਲਾਈਨ ਸੇਫਟੀ ਦੇ ਕੰਮ ’ਚ ਸ਼ਾਮਲ ਪ੍ਰੋਫੈਸ਼ਨਲਾਂ ਨੂੰ ਨਿਸ਼ਾਨਾ ਬਣਾਉਂਦੀ ਹੈ, ਜਿਸ ਵਿੱਚ ਬਾਲ ਜਿਨਸੀ ਸ਼ੋਸ਼ਣ ਸਮੱਗਰੀ, ਯਹੂਦੀ ਵਿਰੋਧੀ ਭਾਵਨਾ ਅਤੇ ਨੁਕਸਾਨਦੇਹ ਆਨਲਾਈਨ ਕੰਟੈਂਟ ਨਾਲ ਨਜਿੱਠਣ ਵਾਲੇ ਲੋਕ ਸ਼ਾਮਲ ਹਨ।

ਟਰੰਪ ਪ੍ਰਸ਼ਾਸਨ ਨੇ ਇਸ ਨਿਰਦੇਸ਼ ਨੂੰ ਫ੍ਰੀ ਸਪੀਚ ਦੀ ਰੱਖਿਆ ਵਜੋਂ ਪੇਸ਼ ਕੀਤਾ ਹੈ ਅਤੇ 6 ਜਨਵਰੀ, 2021 ਨੂੰ ਕੈਪੀਟਲ ਦੰਗੇ ਤੋਂ ਬਾਅਦ ਸੋਸ਼ਲ ਮੀਡੀਆ ਬੈਨ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਦੇ ਆਪਣੇ ਅਨੁਭਵ ਦਾ ਹਵਾਲਾ ਦਿੱਤਾ ਹੈ।

***

ਸੰਗਤਾਂ ਦਸਵੇਂ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ

ਜਥੇਦਾਰ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਮਿਤੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ ਅਤੇ ਕੈਲੰਡਰ ਦੇ

ਮੁਤਾਬਕ ਇਹ ਪੁਰਬ 27 ਦਸੰਬਰ ਨੂੰ ਹੀ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸੰਗਤ ਨੂੰ ਲੱਗਦਾ ਹੈ ਕਿ ਸ਼ਹੀਦੀ ਦਿਹਾੜਿਆਂ ਦੇ ਵਿਚਕਾਰ ਉਹਨਾਂ ਨੂੰ ਪ੍ਰਕਾਸ਼ ਗੁਰਪੁਰਬ ਮਨਾਉਣ ਵਿੱਚ ਕੋਈ ਦਿੱਕਤ ਪਰੇਸ਼ਾਨੀ ਆ ਸਕਦੀ ਹੈ ਤਾਂ ਆਪਣੀ ਸਹੂਲਤ ਮੁਤਾਬਕ ਗੁਰੂ ਸਾਹਿਬ ਨੂੰ ਸਮਰਪਿਤ ਸਮਾਗਮ ਕਰਵਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਗੁਰਮਤਿ ਅਨੁਸਾਰ ਸਿੱਖਾਂ ਲਈ ਸ਼ਹਾਦਤਾਂ ਚੜ੍ਹਦੀਕਲਾ ਦਾ ਪ੍ਰਤੀਕ ਹਨ ਅਤੇ ਸਾਡਾ ਪ੍ਰਕਾਸ਼ ਗੁਰਪੁਰਬ ਅਤੇ ਸ਼ਹੀਦੀ ਦਿਹਾੜਿਆਂ ਨੂੰ ਮਨਾਉਂਣ ਦਾ ਤਰੀਕਾ ਗੁਰਮਤਿ ਸਮਾਗਮ ਹੀ ਹਨ, ਇਸ ਲਈ ਇਸ ਮਾਮਲੇ ਉੱਤੇ ਏਤਕਾ ਇਤਫ਼ਾਕ ਨਾਲ ਸਮਾਗਮ ਉਲੀਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਪ੍ਰਕਾਸ਼ ਗੁਰਪੁਰਬ ਅਤੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸਮਾਗਮ ਕਈ-ਕਈ ਦਿਨ ਕਰਦੀਆਂ ਹਨ, ਇਸ ਲਈ ਸਮੂਹ ਸੰਗਤਾਂ ਦਸਵੇਂ ਪਾਤਸ਼ਾਹ ਦਾ ਪ੍ਰਕਾਸ਼ ਗੁਰਪੁਰਬ ਪ੍ਰੇਮ ਭਾਵਨਾ ਨਾਲ ਮਨਾਉਣ।

ਇਸੇ ਤਰ੍ਹਾਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਰਾਗ ਆਧਾਰਿਤ ਗੁਰਮਤਿ ਸੰਗੀਤ ਸ਼ੈਲੀ ਨੂੰ ਸੰਭਾਲਣ ਲਈ ਵੀ ਪੁੱਜੇ ਮਾਮਲੇ ਵਿਚਾਰੇ ਗਏ। ਇਕੱਤਰਤਾ ਵਿੱਚ ਗੁਰਮਤਿ ਸੰਗੀਤ ਵਿੱਚ ਕਾਰਜਸ਼ੀਲ ਰਾਗੀ ਜਥੇ ਭਾਈ ਕੁਲਵਿੰਦਰ ਸਿੰਘ ਖਰੜ ਅਤੇ ਭਾਈ ਮਹਿਤਾਬ ਸਿੰਘ ਜਲੰਧਰ ਵਿਰੁੱਧ ਪੁੱਜੀਆਂ ਸ਼ਿਕਾਇਤਾਂ ਦਾ ਮਾਮਲਾ ਵਿਚਾਰਿਆ ਗਿਆ ਕਿ ਇਨ੍ਹਾਂ ਵੱਲੋਂ ਅਕਸਰ ਹੀ ਗੁਰਬਾਣੀ ਕੀਰਤਨ ਗਾਇਨ ਕਰਦਿਆਂ ਅਜ਼ਾਨ ਦੀ ਤਰ੍ਹਾਂ ਉੱਚੀ ਗਾਇਨ ਕੀਤਾ ਜਾਂਦਾ ਹੈ ਜੋ ਕਿ ਵਿਲੱਖਣ ਗੁਰਮਤਿ ਸੰਗੀਤ ਸ਼ੈਲੀ ਦਾ ਹਿੱਸਾ ਨਹੀਂ ਅਤੇ ਕੀਰਤਨ ਨੂੰ ਰਲਗੱਡ ਕਰਨ ਵਾਲੀ ਗੱਲ ਹੈ।

ਇਸ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਭਾਈ ਕੁਲਵਿੰਦਰ ਸਿੰਘ ਖਰੜ ਅਤੇ ਭਾਈ ਮਹਿਤਾਬ ਸਿੰਘ ਜਲੰਧਰ ਨੂੰ ਸਖ਼ਤ ਹਦਾਇਤ ਕੀਤੀ ਹੈ ਕਿ ਅਗਾਂਹ ਤੋਂ ਇਹ ਦੋਵੇਂ ਕੀਰਤਨ ਕਰਨ ਸਮੇਂ ਕੇਵਲ ਨਿਰਧਾਰਿਤ ਰਾਗ ਅਧਾਰਿਤ ਗੁਰਮਤਿ ਸੰਗੀਤ ਸ਼ੈਲੀ ਅਨੁਸਾਰ ਹੀ ਗਾਇਨ ਕਰਨ। ਇਸ ਦੇ ਨਾਲ ਹੀ ਪੰਜ ਸਿੰਘ ਸਾਹਿਬਾਨ ਨੇ ਪੰਥ ਵਿੱਚ ਕਾਰਜਸ਼ੀਲ ਸਮੂਹ ਰਾਗੀ ਸਿੰਘਾਂ ਨੂੰ ਵੀ ਆਦੇਸ਼ ਕੀਤਾ ਹੈ ਕਿ ਕੇਵਲ ਨਿਰਧਾਰਿਤ ਰਾਗ ਅਧਾਰਿਤ ਗੁਰਮਤਿ ਸੰਗੀਤ ਸ਼ੈਲੀ ਅਨੁਸਾਰ ਹੀ ਗੁਰਬਾਣੀ ਗਾਇਨ ਕੀਤੀ ਜਾਵੇ।

***

‘ਵੀਰ ਬਾਲ ਦਿਵਸ’ ਦਾ ਨਾਂਅ ‘ਸਾਹਿਬਜ਼ਾਦੇ

ਸ. ਅੰਮ੍ਰਿਤਪਾਲ ਸਿੰਘ ਅਤੇ ਲੁਧਿਆਣਾ ਤੋਂ ਲੋਕ ਸਭਾ ਸਾਂਸਦ ਸ. ਅਮਰਿੰਦਰ ਸਿੰਘ ਨੂੰ ਲਿਖਿਆ ਗਿਆ ਹੈ।

ਪੱਤਰ ਵਿੱਚ ਲਿਖਿਆ ਗਿਆ ਹੈ ਕਿ ਸਾਲ 2022 ਤੋਂ ਭਾਰਤ ਸਰਕਾਰ ਵੱਲੋਂ ਦਸਵੇਂ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ, ਜਿਸ ਦੇ ਨਾਮ ਉੱਤੇ ਇਤਰਾਜ਼ ਕਰਦਿਆਂ ਸੰਗਤ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬਹੁਤ ਪੱਤਰ ਭੇਜੇ ਗਏ ਹਨ ਅਤੇ ਸਰਕਾਰ ਵੱਲੋਂ ਰੱਖੇ ਗਏ ਨਾਮ ਨੂੰ ਬਦਲਾਉਣ ਦੀ ਮੰਗ ਕੀਤੀ ਗਈ ਹੈ। ਇਸ ਦਿਹਾੜੇ ਦਾ ਨਾਮ ਵੀਰ ਬਾਲ ਦਿਵਸ ਦੀ ਥਾਂ ਸਿੱਖ ਭਾਵਨਾਵਾਂ ਤੇ ਸ਼ਬਦਾਵਲੀ ਅਨੁਸਾਰ ਸਾਹਿਬਜ਼ਾਦੇ ਸ਼ਹਾਦਤ ਦਿਵਸ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਕੇਂਦਰ ਸਰਕਾਰ ਨੂੰ ਸੁਝਾਅ ਭੇਜੇ ਗਏ ਸਨ ਪਰੰਤੂ ਸਰਕਾਰ ਨੇ ਹੁਣ ਤੱਕ ਇਸ ਮਾਮਲੇ ਉੱਤੇ ਗੰਭੀਰਤਾ ਨਾਲ ਗੌਰ ਨਹੀਂ ਕੀਤੀ।

ਸਾਰੇ ਸਾਂਸਦਾਂ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਆਦੇਸ਼ ਕੀਤਾ ਹੈ ਕਿ ਉਹ ਇਸ ਮਾਮਲੇ ਵਿੱਚ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਸੰਸਦ ਅੰਦਰ ਕੇਂਦਰ ਸਰਕਾਰ ਉੱਤੇ ਦਬਾਅ ਬਣਾ ਕੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਰਕਾਰ ਦੀ ਤਰਫ਼ੋਂ ਸਾਹਿਬਜ਼ਾਦੇ ਸ਼ਹਾਦਤ ਦਿਵਸ ਵਜੋਂ ਅਧਿਕਾਰਤ ਰੂਪ ਵਿੱਚ ਐਲਾਨ ਕਰਵਾਉਣ ਲਈ ਪੁਰਜ਼ੋਰ ਯਤਨ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣਨ। ਇਹ ਪੱਤਰ ਸਾਂਸਦਾਂ ਦੀਆਂ ਅਧਿਕਾਰਤ ਈ-ਮੇਲ ਪਤਿਆਂ ਉੱਤੇ ਭੇਜ ਦਿੱਤੇ ਗਏ ਹਨ।

***

ਆਰ.ਐਸ.ਐਸ. ਨੇ ਅਮਰੀਕਾ ’ਚ ਲਾਬਿੰਗ ਲਈ

ਪਰ ਐਫ.ਏ.ਆਰ.ਏ. ਅਧੀਨ ਨਹੀਂ ਰਜਿਸਟਰ ਹੋਈ। ਇਹ ਰਿਪੋਰਟ ਮੈਘਨਾਦ ਬੋਸ ਅਤੇ ਬਿਪਲਬ ਕੁਮਾਰ ਦਾਸ ਨੇ ਲਿਖੀ, ਜਿਨ੍ਹਾਂ ਨੇ ਦੱਸਿਆ ਕਿ ਇਹ ਲਾਬਿੰਗ ਯੂ.ਐਸ.-ਇੰਡੀਆ ਬਿਲੈਟਰਲ ਰਿਲੇਸ਼ਨਜ਼ ’ਤੇ ਹੈ, ਪਰ ਅਸਲ ਵਿੱਚ ਆਰ.ਐਸ.ਐਸ. ਦਾ ਅਕਸ ਬਦਲਣ ਲਈ। ਮੁਸਲਿਮ ਮਿਰਰ ਅਤੇ ਕਾਉਂਟਰਕਰੰਟਸ ਨੇ ਵੀ ਇਸ ਨੂੰ ਉਜਾਗਰ ਕੀਤਾ, ਕਹਿ ਕੇ ਕਿ ਇਹ ਅਮਰੀਕੀ ਰਾਜਨੀਤੀ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਹੈ।

ਅਮਰੀਕੀ ਚਿੰਤਕਾਂ ਵਿੱਚ ਤਾਂ ਚਰਚਾ ਚੱਲ ਪਈ ਹੈ। ‘ਦ ਕੈਰਵਨ’ ਵਿੱਚ ਧੀਰੇਂਦਰ ਕੇ. ਜਹਾ ਨੇ ਲਿਖਿਆ: ਆਰ.ਐਸ.ਐਸ. ਨੇ ਸਾਲਾਂ ਤੋਂ ਅਮਰੀਕਾ ਵਿੱਚ ਆਪਣੀ ਸਾਖ਼ ਬਣਾਉਣ ਲਈ ਨਿਵੇਸ਼ ਕੀਤਾ ਹੈ। ਚਿੰਤਕ ਨਿਮਿਸ਼ ਜੋਸਫ ਨੇ ਲਿਖਿਆ: ਆਰ.ਐਸ.ਐਸ. ਨੇ ਪਾਕਿਸਤਾਨੀ ਏਜੰਟਾਂ ਨਾਲ ਮਿਲ ਕੇ ਅਮਰੀਕੀ ਰਾਜਨੀਤੀ ਵਿੱਚ ਦਖਲ ਦਿੱਤਾ। ਇਹ ਰਾਏ ਦੱਸਦੀਆਂ ਹਨ ਕਿ ਅਮਰੀਕਾ ਵਿੱਚ ਹਿੰਦੂਤਵ ਨੂੰ ਚਿੰਤਾ ਦਾ ਵਿਸ਼ਾ ਮੰਨਿਆ ਜਾ ਰਿਹਾ ਹੈ, ਜੋ ਇਸਲਾਮੋਫੋਬੀਆ ਅਤੇ ਨਸਲੀ ਨਫ਼ਰਤ ਨੂੰ ਵਧਾਉਂਦਾ ਹੈ।

ਅਮਰੀਕਾ ਕੀ ਕਾਰਵਾਈ ਕਰੇਗਾ ?

ਹੁਣ ਸਵਾਲ ਇਹ ਹੈ - ਅਮਰੀਕਾ ਚੁੱਪ ਰਹੇਗਾ ਜਾਂ ਕਾਰਵਾਈ ਕਰੇਗਾ ? ਐਫ.ਏ.ਆਰ.ਏ. ਅਨੁਸਾਰ, ਵਿਦੇਸ਼ੀ ਏਜੰਟਾਂ ਨੂੰ ਰਜਿਸਟਰ ਕਰਨਾ ਜ਼ਰੂਰੀ ਹੈ, ਨਹੀਂ ਤਾਂ ਜੁਰਮਾਨਾ ਜਾਂ ਜੇਲ੍ਹ ਹੋ ਸਕਦੀ ਹੈ। ਪਰ ਆਰ.ਐਸ.ਐਸ. ਨੇ ਇਹ ਨਹੀਂ ਕੀਤਾ, ਬਲਕਿ ਲਾਬਿੰਗ ਡਿਸਕਲੋਜ਼ਰ ਐਕਟ ਵਿੱਚ ਲੁਕ ਗਿਆ - ਜੋ ਇੱਕ ਲੂਪਹੋਲ ਹੈ। ਇੰਸਾਈਡ ਪਾਲੀਟੀਕਲ ਲਾਅ ਨੇ ਲਿਖਿਆ ਕਿ ਡੀ.ਓ.ਜੇ. ਨੇ 2025 ਵਿੱਚ 17 ਨਵੇਂ ਐਡਵਾਈਜ਼ਰੀ ਓਪੀਨੀਅਨ ਜਾਰੀ ਕੀਤੇ ਹਨ ਐਫ.ਏ.ਆਰ.ਏ. ਬਾਰੇ, ਜੋ ਵਿਦੇਸ਼ੀ ਪ੍ਰਭਾਵ ਨੂੰ ਰੋਕਣ ਲਈ ਹਨ। ਰਿਪੋਰਟ ਕਹਿੰਦੀ ਹੈ ਕਿ ਆਰ.ਐਸ.ਐਸ. ਦਾ ਕੰਮ ਐਫ.ਏ.ਆਰ.ਏ. ਅਧੀਨ ਆਉਂਦਾ ਹੈ, ਕਿਉਂਕਿ ਇਹ ਅਮਰੀਕੀ ਨੀਤੀ ਨੂੰ ਪ੍ਰਭਾਵਿਤ ਕਰਨ ਵਾਲਾ ਹੈ। ਮਸਲਿਮ ਨੈੱਟਵਰਕ ਨੇ ਚਿਤਾਵਨੀ ਦਿੱਤੀ: ਇਹ ਲਾਬਿੰਗ ਵਾਸ਼ਿੰਗਟਨ ਵਿੱਚ ਵਿਦੇਸ਼ੀ ਪ੍ਰਭਾਵ ਵਧਾਏਗੀ। ਪੰਜ ਰਾਜਾਂ ਵਿੱਚ ਤਾਂ ਐਫ.ਏ.ਆਰ.ਏ.-ਲਾਈਟ ਕਾਨੂੰਨ ਲਾਗੂ ਹੋ ਗਏ ਹਨ, ਜੋ ਵਿਦੇਸ਼ੀ ਲਾਬਿੰਗ ਨੂੰ ਰੋਕਦੇ ਹਨ। ਜੇਕਰ ਜਾਂਚ ਹੋਈ ਤਾਂ ਆਰ.ਐਸ.ਐਸ. ਅਤੇ ਐਚ.ਐਸ.ਐਸ. ਨੂੰ ਭਾਰੀ ਝਟਕਾ ਲੱਗ ਸਕਦਾ ਹੈ।

ਪਿਛੋਕੜ ਵਿੱਚ ਇੱਕ ਨਜ਼ਰ: ਆਰ.ਐਸ.ਐਸ. ਅਤੇ ਅਮਰੀਕਾ ਦਾ ਪੁਰਾਣਾ ਨਾਤਾ

ਆਰ.ਐਸ.ਐਸ. ਦਾ ਅਮਰੀਕਾ ਨਾਲ ਨਾਤਾ ਨਵਾਂ ਨਹੀਂ। 1950-60 ਦੇ ਦਹਾਕਿਆਂ ਵਿੱਚ ਉਹ ਅਮਰੀਕੀ ਨੀਤੀਆਂ ਨਾਲ ਜੁੜਿਆ ਰਿਹਾ - ਵਿਅਤਨਾਮ ਯੁੱਧ ਦਾ ਸਮਰਥਨ, ਵਿਸ਼ਵ ਭਰ ਵਿੱਚ ਅਮਰੀਕੀ ਹਮਲਿਆਂ ਨੂੰ ਜਾਇਜ਼ ਠਹਿਰਾਉਣਾ। ਭਾਰਤ ਨੂੰ ਗੁਟਨਿਰਪੇਖ ਰਹਿਣ ਦੇ ਬਾਵਜੂਦ ਅਮਰੀਕਾ-ਪੱਖੀ ਨੀਤੀਆਂ ਅਪਣਾਉਣ ਦਾ ਦਬਾਅ। ਅਮਰੀਕਾ ਵਿੱਚ ਭਾਰਤੀ ਡਾਇਸਪੋਰਾ ਵਿੱਚ ਕਈ ਆਰ.ਐਸ.ਐਸ. ਸਮਰਥਕ ਉੱਚ ਅਹੁਦਿਆਂ ਤੇ ਹਨ। ਪਰ ਹੁਣ ਨਵੇਂ ਹਾਲਾਤ ਹਨ - ਭਾਰਤ ਅਮਰੀਕੀ ਵਿਦੇਸ਼ ਨੀਤੀ ਨਾਲ ਹਰ ਜਗ੍ਹਾ ਨਹੀਂ ਚੱਲ ਰਿਹਾ। ਉਸ ਬਾਰੇ ਅਮਰੀਕੀ ਰਿਪੋਰਟਾਂ ਵਿੱਚ ਆ ਰਹੀ ਆਲੋਚਨਾ ਨੇ ਆਰ.ਐਸ.ਐਸ. ਨੂੰ ਬੇਚੈਨ ਕਰ ਦਿੱਤਾ ਹੈ। ਇਹ ਲਾਬਿੰਗ ਉਸੇ ਬੇਚੈਨੀ ਦਾ ਨਤੀਜਾ ਹੈ।

ਵਿਵਾਦ ਦਾ ਅੰਤ ਨਜ਼ਰ ਨਹੀਂ ਆ ਰਿਹਾ

ਇਹ ਵਿਵਾਦ ਹੁਣ ਸਿਰਫ਼ ਆਰ.ਐਸ.ਐਸ. ਦਾ ਨਹੀਂ, ਭਾਰਤੀ ਗਣਤੰਤਰ ਅਤੇ ਅੰਤਰਰਾਸ਼ਟਰੀ ਰਾਜਨੀਤੀ ਨਾਲ ਜੁੜ ਗਿਆ ਹੈ। ਗੁਰੂ ਦਕਸ਼ਿਣਾ ਨਾਲ ਅਮਰੀਕੀ ਸੰਸਦ ਨੂੰ ‘ਸਿੱਖਿਆ’ ਦੇਣ ਵਾਲੀ ਚਾਲ ਨੇ ਬਹੁਤ ਸਵਾਲ ਉਠਾਏ ਹਨ। ਅਮਰੀਕੀ ਅਖ਼ਬਾਰ ਤਾਂ ਇਸ ਨੂੰ ‘ਵਿਦੇਸ਼ੀ ਪ੍ਰਭਾਵ’ ਵਾਂਗ ਵੇਖ ਰਹੇ ਹਨ। ਕੀ ਅਮਰੀਕਾ ਕਾਰਵਾਈ ਕਰੇਗਾ ?

ਇਹ ਤਾਂ ਵੇਲਾ ਦੱਸੇਗਾ। ਪਰ ਇੱਕ ਗੱਲ ਪੱਕੀ ਹੈ - ਇਸ ਖ਼ਬਰ ਨੇ ਆਰ.ਐਸ.ਐਸ. ਦੇ 100 ਸਾਲਾਂ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਏ ਖੋਲ੍ਹ ਦਿੱਤਾ ਹੈ, ਜੋ ਨਫ਼ਰਤ ਅਤੇ ਨੈਸ਼ਨਲਿਜ਼ਮ ਦੇ ਨਾਂ ’ਤੇ ਚੱਲ ਰਿਹਾ ਹੈ ਪਰ ਅੰਦਰੋਂ ਡਾਲਰਾਂ ਨਾਲ ਚੱਲ ਰਿਹਾ ਹੈ। ਇਹ ਰਹੱਸ ਖੁਲ ਗਿਆ ਹੈ, ਚਰਚਾ ਜਾਰੀ ਰਹੇਗੀ।

***

ਸ਼ਹਿਰਾਂ ਦੀ ਪਾਰਟੀ ਕਹਾਉਂਦੀ ਭਾਜਪਾ

ਉਸ ਵੇਲੇ ਕੁੱਲ੍ਹ 80 ਸੀਟਾਂ ਸਨ। ਇਸ ਵਾਰ ਦਸੰਬਰ 2024 ’ਚ ਹੋਈਆਂ ਚੋਣਾਂ ਵਿੱਚ ਪਾਰਟੀ ਨੇ 19 ਸੀਟਾਂ ਜਿੱਤੀਆਂ, ਜੋਕਿ ਪਹਿਲਾਂ ਨਾਲੋਂ ਕਾਫ਼ੀ ਬਿਹਤਰ ਰਿਹਾ। ਇਥੇ ਇੱਕ ਖ਼ਾਸ ਗੱਲ ਇਹ ਹੈ ਕਿ ਕਿਸੇ ਵੇਲੇ ਭਾਜਪਾ ਦੇ ਨਾਲ ਮਿਲ ਕੇ ਚੋਣ ਲੜਨ ਵਾਲੀ ਸ਼੍ਰੋਮਣੀ ਅਕਾਲੀ ਦਲ ਨੂੰ 5 ਸੀਟਾਂ ਦਾ ਨੁਕਸਾਨ ਹੋਇਆ ਸੀ ਅਤੇ ਕਾਂਗਰਸ ਵਰਗੀ ਪਾਰਟੀ ਨੂੰ ਵੀ 43 ਸੀਟਾਂ ਦਾ ਨੁਕਸਾਨ ਝੱਲਣਾ ਪਿਆ ਸੀ। ਇੰਝ ਲੁਧਿਆਣਾ ਵਿੱਚ 2018 ਦੇ ਮੁਕਾਬਲੇ 2024 ਵਿੱਚ ਭਾਜਪਾ ਨੂੰ 9 ਵਾਧੂ ਸੀਟਾਂ ਮਿਲੀਆਂ। ਅੰਮ੍ਰਿਤਸਰ ਵਿੱਚ ਵੀ 2017 ’ਚ 6 ਸੀਟਾਂ ’ਤੇ ਸਿਮਟੀ ਭਾਜਪਾ ਨੂੰ 2024 ਦੀਆਂ ਕਾਰਪੋਰੇਸ਼ਨ ਚੋਣਾਂ ਵਿੱਚ 9 ਸੀਟਾਂ ਮਿਲੀਆਂ ਸਨ। ਪਟਿਆਲਾ ਵਰਗੇ ਇਲਾਕੇ ਜਿੱਥੇ ਭਾਜਪਾ ਨੇ ਖਾਤਾ ਵੀ ਨਹੀਂ ਖੋਲ੍ਹਿਆ ਸੀ, ਉੱਥੇ ਵੀ ਪਾਰਟੀ ਨੂੰ ਇਸ ਵਾਰ 4 ਸੀਟਾਂ ਮਿਲੀਆਂ ਸਨ।

2027 ਦੇ ਰੋਡਮੈਪ ਲਈ ਰੂਰਲ ਵੋਟ ਬੈਂਕ ’ਤੇ ਨਜ਼ਰ

ਪੰਜਾਬ ਦੇ ਦਿਹਾਤੀ ਇਲਾਕਿਆਂ ਵਿੱਚ ਜਿਸ ਤਰ੍ਹਾਂ ਭਾਜਪਾ ਤੇਜ਼ੀ ਨਾਲ ਅੱਗ ਵਧ ਰਹੀ ਹੈ, ਜੇ ਇਹੀ ਰਫ਼ਤਾਰ ਬਣੀ ਰਹੀ ਅਤੇ ਪਾਰਟੀ ਨੂੰ ਸਫ਼ਲਤਾ ਮਿਲੀ ਤਾਂ ਸ਼ਾਇਦ 2027 ਦੀਆਂ ਵਿਧਾਨ ਸਭਾ ਚੋਣਾਂ ਤਕ ਪਾਰਟੀ ਖ਼ੁਦ ਨੂੰ ਕਾਫ਼ੀ ਹੱਦ ਤਕ ਸਥਾਪਤ ਕਰ ਲਵੇਗੀ। ਭਾਜਪਾ ਨੇ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਮਿਲ ਕੇ ਪੰਜਾਬ ਵਿੱਚ ਚੋਣ ਲੜੀ ਹੈ ਪਰ 2022 ਦੀਆਂ ਚੋਣਾਂ ਵਿੱਚ ਪਾਰਟੀ ਇਕੱਲਿਆਂ ਹੀ ਮੈਦਾਨ ਵਿੱਚ ਉਤਰੀ ਅਤੇ 62 ਸੀਟਾਂ ’ਤੇ ਚੋਣ ਲੜੀ। ਪਹਿਲਾਂ ਪਾਰਟੀ ਅਕਾਲੀ ਦਲ ਦੇ ਨਾਲ 23 ਸੀਟਾਂ ’ਤੇ ਚੋਣ ਲੜਦੀ ਸੀ। 2027 ਦੇ ਰੋਡਮੈਪ ਲਈ ਭਾਜਪਾ ਦੀ ਨਜ਼ਰ ਹੁਣ ਦਿਹਾਤੀ ਵੋਟ ਬੈਂਕ ’ਤੇ ਹੈ ਅਤੇ ਵੋਟ ਸ਼ੇਅਰ ਵਧਾਉਣ ਲਈ ਪਾਰਟੀ ਵੱਲੋਂ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪਹਿਲੀ ਵਾਰ ਨਹੀਂ ਲੱਭਣੇ ਪਏ ਕੈਂਡੀਡੇਟ

ਪੰਜਾਬ ’ਚ ਭਾਜਪਾ ਪਿੰਡਾਂ ਵਿੱਚ ਮੈਦਾਨ ’ਚ ਉਤਰਨਾ ਤਾਂ ਦੂਰ ਦੀ ਗੱਲ, ਪਾਰਟੀ ਆਪਣੇ ਸਿੰਬਲ ਦੀ ਵੀ ਵਰਤੋਂ ਨਹੀਂ ਕਰਦੀ ਸੀ ਪਰ ਇਸ ਵਾਰ ਉਹ ਭਾਜਪਾ ਸਿੰਬਲ ’ਤੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਕਮੇਟੀ ਦੀ ਚੋਣ ਲੜ ਰਹੀ ਹੈ। ਇਸ ਵਾਰ ਇਨ੍ਹਾਂ ਚੋਣਾਂ ਵਿੱਚ ਕੈਂਡੀਡੇਟ ਲੱਭਣੇ ਨਹੀਂ ਪਏ, ਸਗੋਂ ਇੱਕ-ਇੱਕ ਸੀਟ ਤੋਂ ਕਈ-ਕਈ ਲੋਕਾਂ ਨੇ ਪਾਰਟੀ ਕੋਲ ਚੋਣ ਲੜਨ ਦੀ ਇੱਛਾ ਜ਼ਾਹਿਰ ਕੀਤੀ ਅਤੇ ਦਾਅਵਾ ਪੇਸ਼ ਕੀਤਾ। ਇਹ ਪਹਿਲੀ ਵਾਰ ਹੋਇਆ ਹੈ ਜਦੋਂ ਜ਼ਿਲਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਪਾਰਟੀ ਨੂੰ ਬਾਕਾਇਦਾ ਸਟੇਟ ਇਲੈਕਸ਼ਨ ਕਮੇਟੀ ਦੀਆਂ ਸੇਵਾਵਾਂ ਲੈਣੀਆਂ ਪਈਆਂ।

***

12 ਵੱਜ ਗਏ ਟਿੱਪਣੀ ਕਾਰਨ ਕਾਂਗਰਸੀ ਆਗੂ ਹਰਕ ਰਾਵਤ

ਇਹ ਸਿਰਫ਼ ਜੀਭ ਫ਼ਿਸਲਣ ਦਾ ਮਾਮਲਾ ਸੀ। ਪ੍ਰਦੇਸ਼ ਪ੍ਰਧਾਨ ਵਜੋਂ ਮੈਂ ਵੀ ਮਾਫ਼ੀ ਮੰਗਦਾ ਹਾਂ।

ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਵੀ ਬਿਆਨ ਜਾਰੀ ਕੀਤਾ। ਉਨ੍ਹਾਂ ਕਿਹਾ, ਕਈ ਵਾਰ ਜੀਭ ਫ਼ਿਸਲਣ ਨਾਲ ਬਹੁਤ ਨੁਕਸਾਨ ਹੋ ਜਾਂਦਾ ਹੈ। ਗਲਤੀ ਮੰਨ ਲੈਣਾ ਹੀ ਸੱਚੀ ਸੇਵਾ ਹੈ। ਸਿੱਖ ਕੌਮ ਬਹਾਦਰ ਅਤੇ ਸਤਿਕਾਰਯੋਗ ਹੈ। ਜੇ ਕਿਤੇ ਵੀ ਗਲਤੀ ਹੋ ਜਾਵੇ ਤਾਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਸ਼ਰਨ ਲੈਣੀ ਚਾਹੀਦੀ ਹੈ।

ਗੁਰਦੁਆਰੇ ਵਿੱਚ ਸੇਵਾ ਅਤੇ ਅਰਦਾਸ

7 ਦਸੰਬਰ ਨੂੰ ਹਰਕ ਸਿੰਘ ਰਾਵਤ ਹਿਮਾਚਲ ਦੇ ਮਸ਼ਹੂਰ ਗੁਰਦੁਆਰਾ ਪਾਉਂਟਾ ਸਾਹਿਬ ਪਹੁੰਚੇ। ਉੱਥੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ, ਜੂਠੇ ਬਰਤਨ ਮਾਂਜੇ, ਲੰਗਰ ਵਿੱਚ ਸੇਵਾ ਕੀਤੀ ਅਤੇ ਅਰਦਾਸ ਕੀਤੀ। ਉਨ੍ਹਾਂ ਨੇ ਕਿਹਾ, ਮੇਰੇ ਮਨ ਵਿੱਚ ਸਿੱਖ ਭਾਈਚਾਰੇ ਲਈ ਬੇਹੱਦ ਸਤਿਕਾਰ ਹੈ। ਜੇ ਮੇਰੇ ਸ਼ਬਦਾਂ ਨਾਲ ਕਿਸੇ ਨੂੰ ਦੁੱਖ ਪਹੁੰਚਿਆ ਤਾਂ ਮੈਂ ਦਿਲੋਂ ਮਾਫ਼ੀ ਮੰਗਦਾ ਹਾਂ।

ਉਨ੍ਹਾਂ ਨੇ ਦੇਹਰਾਦੂਨ ਦੀ ਬਾਰ ਕੌਂਸਲ ਦੇ ਦਫ਼ਤਰ ਵੀ ਜਾ ਕੇ ਵਕੀਲਾਂ ਨਾਲ ਮੁਲਾਕਾਤ ਕੀਤੀ ਅਤੇ ਫ਼ਿਰ ਮਾਫ਼ੀ ਮੰਗੀ।

ਸਿੱਖ ਜਥੇਬੰਦੀਆਂ ਦਾ ਰੁਖ਼ ਅਜੇ ਸਖ਼ਤ

ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਮਾਫ਼ੀ ਨੂੰ ਨਾਕਾਫ਼ੀ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੀਆਂ ਟਿੱਪਣੀਆਂ ਵਾਰ ਵਾਰ ਹੋ ਰਹੀਆਂ ਹਨ ਅਤੇ ਇਸ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਕਈ ਨੌਜਵਾਨਾਂ ਨੇ ਕਿਹਾ ਕਿ ਮਾਫ਼ੀ ਤਾਂ ਮਿਲ ਗਈ ਪਰ ਅਜਿਹੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ।

ਚੋਣਾਂ ਤੋਂ ਪਹਿਲਾਂ ਨਵਾਂ ਹਥਿਆਰ ?

ਉੱਤਰਾਖੰਡ ਵਿੱਚ 2027 ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਰਾਜਨੀਤੀ ਦੇ ਜਾਣਕਾਰਾਂ ਦਾ ਮੰਨਣਾ ਹੈ ਕਿ ਭਾਜਪਾ ਇਸ ਮੁੱਦੇ ਨੂੰ ਲੰਮੇ ਸਮੇਂ ਤੱਕ ਚੁੱਕ ਕੇ ਰੱਖ ਸਕਦੀ ਹੈ।

ਚੇਤਿਆਂ 'ਚ ਵਸਿਆ

ਪੰਜਾਬੀ ਭਵਨ ਦਾ ਓਪਨ ਏਅਰ ਥੀਏਟਰ ਨੱਕੋ-ਨੱਕ ਭਰ ਗਿਆ। ਹੋਰ ਸਮਰੱਥਾ ਨਾ ਹੋਣ ਕਾਰਨ ਓਪਨ ਹਾਲ ਦੇ ਸਾਰੇ ਗੇਟ ਬੰਦ ਕਰ ਦਿੱਤੇ ਗਏ। ਜਿੰਨੀ ਜਨਤਾ ਅੰਦਰ ਸੀ, ਉਸ ਤੋਂ ਦੁੱਗਣੀ ਬਾਹਰ ਸੀ। ਮਾਣਕ ਨੇ ਸਨਮਾਨ ਲੈਣ ਲਈ ਅੰਦਰ ਜਾਣ ਦੀ ਥਾਂ ਲੋਕਾਂ ਦਾ ਬਾਹਰ ਇਕੱਠ ਦੇਖ ਉਥੇ ਹੀ ਖਾੜਾ ਸ਼ੁਰੂ ਲਾ ਲਿਆ। ਅੰਦਰਲਾ ਸਨਮਾਨ ਉਸਦੀ ਪਤਨੀ ਸਰਵਜੀਤ ਨੂੰ ਪ੍ਰਾਪਤ ਕਰਨਾ ਪਿਆ। ਇਹ ਸੀ ਮਾਣਕ ਦਾ ਲੋਕਾਂ ਪ੍ਰਤੀ ਅਤੇ ਲੋਕਾਂ ਦਾ ਮਾਣਕ ਪ੍ਰਤੀ ਸਨੇਹ।

18 ਸਤੰਬਰ 1993 ਵਿੱਚ ਬੇਅੰਤ ਸਰਕਾਰ ਵੱਲੋਂ ਉਹਨੂੰ ਉਸਦੇ ਪਿੰਡ ਜਲਾਲ ਵਿਖੇ ਇੱਕ ਕਾਰ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਆ ਗਿਆ। ਇੱਕ ਵਾਰੀ ਮਾਣਕ ਬਠਿੰਡੇ ਦੀ ਪਾਰਲੀਮੈਂਟ ਸੀਟ ਤੋਂ ਚੋਣ ਲੜਿਆ ਪਰ ਹਾਰ ਗਿਆ ਕਿਉਂਕਿ ਰਾਜਨੀਤੀ ਦੇ ਠੇਕੇਦਾਰਾਂ ਨੇ ਉਹਦੇ ਪੈਰ ਨਹੀਂ ਲੱਗਣ ਦਿੱਤੇ।

ਮਾਣਕ ਦੇ ਦੋ ਬੱਚੇ ਯੁੱਧਵੀਰ ਮਾਣਕ ਅਤੇ ਧੀ ਸ਼ਕਤੀ ਮਾਣਕ ਹਨ। ਯੁੱਧਵੀਰ ਮਾਣਕ ਨੇ ਪਿਓ ਵਾਲੀ ਲਾਈਨ ਹੀ ਫੜੀ। ਉਸਨੇ ਬਾਲ ਗਾਇਕੀ ਤੋਂ ਸ਼ੁਰੂਆਤ ਕਰਕੇ ਜਲਦੀ ਹੀ ਇਸ ਖੇਤਰ ਵਿੱਚ ਅੱਗੇ ਪੁਲਾਂਘਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ ਪਰੰਤੂ ਕੁੱਝ ਸਮੇਂ ਬਾਅਦ ਹੀ ਉਹ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਗਿਆ। ਪੁੱਤ ਦੀ ਬਿਮਾਰੀ ਦੇ ਸਦਮੇ ਕਾਰਨ ਮਾਣਕ ਵੀ ਮੰਜੇ ਵਿੱਚ ਪੈ ਗਿਆ ਤੇ ਆਖਰ 30 ਨਵੰਬਰ, 2011 ਨੂੰ ਇਸ ਦੁਨੀਆ ਤੋਂ ਕੂਚ ਕਰ ਗਿਆ।

***

ਸਦੀਆਂ ਤੋਂ ਫੁੱਟ ਨੇ ਸਿੱਖਾਂ ਨੂੰ ਸਤਿਗੁਰੂ ਦੇ ਮਿਸ਼ਨ

ਭਾਰਤ ਤੇਜ਼ੀ ਨਾਲ ਬਦਲ ਰਿਹਾ ਹੈ। ਸਿੱਖਾਂ ਨੇ ਹਰ ਖੇਤਰ - ਫ਼ੌਜ, ਉਦਯੋਗ, ਖੇਤੀਬਾੜੀ, ਖੇਡਾਂ, ਨਿਆਂਪਾਲਿਕਾ, ਪ੍ਰਸ਼ਾਸਨ - ਵਿੱਚ ਯੋਗਦਾਨ ਪਾਇਆ ਹੈ, ਪਰ ਕੌਮ ਨੂੰ ਆਪਣਾ ਕੈਨਵਸ ਵਿਸ਼ਵ ਪੱਧਰ ਤੱਕ ਫੈਲਾਉਣਾ ਪਵੇਗਾ ਤਾਂ ਜੋ ਪ੍ਰਸੰਗਿਕ ਰਹਿ ਸਕੇ।

ਸਿੱਖ ਪੰਥ ਨੇ ਸਦੀਆਂ ਤੋਂ ਸ਼ਹਾਦਤਾਂ, ਜੰਗਾਂ, ਧੋਖੇ ਤੇ ਰਾਜਨੀਤਿਕ ਚਾਲਾਂ ਸਹੀਆਂ ਹਨ, ਫਿਰ ਵੀ ਮਜ਼ਬੂਤ ਖੜ੍ਹਾ ਹੈ। ਪਰ ਸਿਰਫ ਖੜ੍ਹੇ ਰਹਿਣਾ ਕਾਫੀ ਨਹੀਂ; ਹੁਣ ਸਪੱਸ਼ਟਤਾ, ਆਤਮ-ਵਿਸ਼ਵਾਸ ਤੇ ਇਕਜੁਟਤਾ ਨਾਲ ਮੁੜ ਉੱਠਣ ਦਾ ਸਮਾਂ ਹੈ। ਰਾਹ ਸਾਫ ਹੈ: ਗੁਰੂ ਦੇ ਮਾਰਗ 'ਤੇ ਵਾਪਸ ਆਓ, ਮਨ ਨੂੰ ਠੀਕ ਕਰੋ, ਡਰ ਖਤਮ ਕਰੋ, ਵਿਦਿਆ ਅਪਨਾਓ, ਸੰਵਾਦ ਕਰੋ ਤੇ ਬੋਧਿਕ ਲੀਡਰਸ਼ਿਪ ਉਸਾਰੋ। ਗੁਰੂਆਂ ਨੇ ਸਿੱਖਾਂ ਨੂੰ ਧਰਤੀ ਦੇ ਫਰਿਸ਼ਤੇ, ਮਨੁੱਖਤਾ ਦੇ ਰਾਖੇ, ਸੱਚ ਦੇ ਡਟਵੇਂ ਤੇ ਇਨਸਾਫ ਦੇ ਦੂਤ ਬਣਾਇਆ ਸੀ। ਕੌਮ ਨੂੰ ਅਨੁਸ਼ਾਸਨ ਤੇ ਇਕਜੁਟਤਾ ਨਾਲ ਇਸ ਰੂਹਾਨੀ ਮਿਸ਼ਨ ਨੂੰ ਮੁੜ ਹਾਸਲ ਕਰਨਾ ਚਾਹੀਦਾ ਹੈ।

ਤਦ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਅਸਲ ਸਤਿਕਾਰ ਹੋਵੇਗਾ - ਮਹਿੰਗੇ ਜਸ਼ਨਾਂ ਨਾਲ ਨਹੀਂ, ਸਗੋਂ ਉਨ੍ਹਾਂ ਅਸੂਲਾਂ ਨੂੰ ਜੀ ਕੇ ਜਿਨ੍ਹਾਂ ਦੀ ਰਾਖੀ ਲਈ ਉਹ ਸ਼ਹੀਦ ਹੋਏ। ਆਓ, ਤਿਲਕ-ਜਨੇਊ ਵਾਲਿਆਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਵਿਚਕਾਰ ਸਦੀਵੀ ਦੋਸਤੀ ਬਣਾਈਏ, ਜਿਸ ਦਾ ਜ਼ਿਕਰ ਇਸ ਸ਼ਬਦ ਵਿੱਚ ਹੈ:

ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ। ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।

ਅਜਿਹੀ ਇਕਜੁਟਤਾ ਸਾਡੀ ਕੌਮ ਨੂੰ ਮਜ਼ਬੂਤ ਕਰੇਗੀ, ਆਤਮ-ਵਿਸ਼ਵਾਸ ਵਾਪਸ ਲਿਆਵੇਗੀ ਤੇ ਗਵਾਚੀ ਹੋਈ ਸ਼ਾਨ ਮੁੜ ਪ੍ਰਾਪਤ ਕਰਾਏਗੀ।

***

ਵੋਟਾਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸਬੰਧੀ ਕਾਹਲੀ

ਇਸੇ ਤਰ੍ਹਾਂ ਸ੍ਰੀਮਤੀ ਲਕਸ਼ਮੀ ਪੁਰੀ ਮੌਜੂਦਾ ਮੰਤਰੀ ਹਰਦੀਪ ਸਿੰਘ ਪੁਰੀ ਦੀ ਪਤਨੀ ਹੈ, 15 ਸਾਲ ਸੰਯੁਕਤ ਰਾਸ਼ਟਰ ਵਿੱਚ ਸੇਵਾ ਨਿਭਾਉਣ ਤੋਂ ਇਲਾਵਾ 28 ਸਾਲ ਭਾਰਤ ਦੀ ਰਾਜਦੂਤ ਰਹਿ ਚੁੱਕੀ ਹੈ। ਖੁੱਲ੍ਹੇ ਪੱਤਰ 'ਤੇ ਦਸਤਖਤ ਕਰਨ ਵਾਲਿਆਂ ਦੀ ਅਸਲੀਅਤ ਉਪਰੋਕਤ ਵੇਰਵਿਆਂ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦੀ ਹੈ। ਦੂਜੇ ਸਵਾਲ ਵੱਲ ਵਧਦੇ ਹਾਂ: ਗਿਆਨੇਸ਼ ਕੁਮਾਰ ਤੇ ਮੋਦੀ ਜੀ ਜਲਦੀ ਨਾਲ ਐੱਸ.ਆਈ.ਆਰ. ਕਿਉਂ ਕਰਵਾਉਣਾ ਚਾਹੁੰਦੇ ਹਨ? ਇਸ ਕਾਹਲੀ ਦੀ ਕੀ ਵਜ੍ਹਾ ਹੈ? ਕੇਰਲ ਵਿਚ ਤਾਂ ਚੋਣਾਂ ਅਪ੍ਰੈਲ-ਮਈ 2026 'ਚ ਹੋਣੀਆਂ, ਪਰ ਗੁਜਰਾਤ ਤੇ ਉੱਤਰ ਪ੍ਰਦੇਸ਼ ਵਿੱਚ ਚੋਣਾਂ 2027 'ਚ ਹੋਣਗੀਆਂ। ਜਦਕਿ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਵਿੱਚ ਵਿਧਾਨ ਸਭਾ ਚੋਣਾਂ 2028 ਵਿੱਚ ਹੋਣੀਆਂ ਹਨ। ਫਿਰ ਇਨ੍ਹਾਂ ਸੂਬਿਆਂ ਵਿੱਚ ਐੱਸ.ਆਈ.ਆਰ. ਕਰਵਾਉਣ ਦੀ ਇੰਨੀ ਜਲਦਬਾਜ਼ੀ ਕਿਉਂ ਹੈ? ਇਸ ਦਾ ਜਵਾਬ ਦਿੱਤੇ ਬਗੈਰ ਚੋਣ ਕਮਿਸ਼ਨ ਨੇ ਇਕੋ ਸਮੇਂ 12 ਸੂਬਿਆਂ ਦੇ 51 ਕਰੋੜ ਵੋਟਰਾਂ ਦੀਆਂ ਵੋਟਰ ਸੂਚੀਆਂ 'ਫ੍ਰੀਜ਼' ਕਰ ਦਿੱਤੀਆਂ ਹਨ। ਇਨ੍ਹਾਂ ਸੂਬਿਆਂ 'ਚ ਕੁੱਲ 5,32,828 ਬੀ.ਐਲ.ਓਜ਼ ਨੂੰ 4 ਨਵੰਬਰ ਤੋਂ 4 ਦਸੰਬਰ ਦੇ ਵਿਚਕਾਰ ਇੱਕ ਮਹੀਨੇ ਦੇ ਅੰਦਰ-ਅੰਦਰ ਐੱਸ.ਆਈ.ਆਰ ਦਾ ਕੰਮ ਪੂਰਾ ਕਰਨ ਲਈ ਕਿਹਾ ਗਿਆ ਹੈ। ਹਰੇਕ ਬੀ.ਐਲ.ਓ. ਨੂੰ ਔਸਤਨ 957 ਵੋਟਰਾਂ ਦੇ ਘਰਾਂ ਵਿੱਚ ਇੱਕ ਵਾਰ ਨਹੀਂ ਸਗੋਂ 3 ਵਾਰ ਜਾ ਕੇ ਉਨ੍ਹਾਂ ਦੀ ਪੁਸ਼ਟੀ ਕਰਨ ਦਾ ਕੰਮ ਸੌਂਪਿਆ ਗਿਆ ਹੈ। ਗੁਜਰਾਤ ਦੇ ਖੇੜਾ ਵਿਚ 19 ਨਵੰਬਰ ਨੂੰ ਇੱਕ ਬੀ.ਐਲ.ਓ. ਰਮੇਸ਼ਭਾਈ ਪਰਮਾਰ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ, ਜਿਸ ਦੀ ਵਜ੍ਹਾ ਕੰਮ ਦਾ ਬਹੁਤ ਜ਼ਿਆਦਾ ਬੋਝ ਅਤੇ ਅਧਿਕਾਰੀਆਂ ਦੀ ਡਾਂਟ-ਫਿਟਕਾਰ ਸੀ। ਇਸੇ ਤਰ੍ਹਾਂ ਰਾਜਸਥਾਨ ਦੇ ਸਵਾਈ ਮਾਧੋਪੁਰ ਵਿੱਚ ਇੱਕ ਬੀ.ਐਲ.ਓ. ਦੀ ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਬੰਗਾਲ ਦੇ ਬਰਧਮਾਨ ਵਿੱਚ ਇੱਕ ਮਹਿਲਾ ਬੀ.ਐਲ.ਓ. ਦੀ ਦਿਮਾਗੀ ਨਾੜੀ ਫੱਟਣ ਨਾਲ ਮੌਤ ਹੋ ਗਈ, ਇਹ ਸੂਚੀ ਬਹੁਤ ਲੰਬੀ ਹੈ। ਐੱਸ.ਆਈ.ਆਰ. ਦਾ ਮਤਲਬ ਚੋਣ ਲੋਕਤੰਤਰ 'ਤੇ ਸਰਜੀਕਲ ਸਟ੍ਰਾਈਕ ਕਰਕੇ ਉਸ 'ਤੇ ਹਮੇਸ਼ਾ ਲਈ 100 ਫ਼ੀਸਦੀ ਕਬਜ਼ਾ ਕਰਨਾ ਹੈ। ਬਿਹਾਰ 'ਤੇ ਕਬਜ਼ਾ ਕਰਨ ਤੋਂ ਬਾਅਦ ਮੋਦੀ ਦਾ ਅਗਲਾ ਨਿਸ਼ਾਨਾ ਪੱਛਮੀ ਬੰਗਾਲ ਹੈ, ਜਿਸ ਤੋਂ ਅੱਗੇ ਤਾਮਿਲਨਾਡੂ ਤੇ ਕੇਰਲ ਹੋਣਗੇ। ਜੇਕਰ ਐੱਸ.ਆਈ.ਆਰ. ਵਿਰੁੱਧ ਵਿਰੋਧੀ ਧਿਰ ਦਾ ਸੰਘਰਸ਼ ਸਿਰੇ ਨਾ ਚੜ੍ਹਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਆਮ ਲੋਕਾਂ ਤੇ ਗੈਰ-ਭਾਜਪਾ ਪਾਰਟੀਆਂ ਦਾ ਵੋਟਿੰਗ ਪ੍ਰਕਿਰਿਆ ਤੋਂ ਭਰੋਸਾ ਉੱਠ ਜਾਵੇਗਾ। ਬਿਨਾਂ ਸ਼ੱਕ ਉਹ ਦਿਨ ਦੇਸ਼ ਦੇ ਲੋਕਤੰਤਰ ਦੇ ਲਈ ਬਹੁਤ ਮਾੜਾ ਹੋਵੇਗਾ।

***

ਕਸ਼ਮੀਰ ਸੰਕਟ ਨੂੰ ਉਲਝਾਉਣ 'ਚ ਬਰਤਾਨੀਆ

ਇਸ ਬਹਿਸ 'ਚ ਹਿੱਸਾ ਲੈਂਦਿਆ ਸੋਵੀਅਤ ਪ੍ਰਤੀਨਿਧੀ ਏ.ਐਸ. ਸੋਵੋਲੇਵ ਨੇ ਦਾਅਵਾ ਕੀਤਾ ਕਿ ਕਸ਼ਮੀਰ ਸਮੱਸਿਆ ਦਾ ਬਹੁਤ ਪਹਿਲਾਂ ਹੱਲ ਹੋ ਚੁੱਕਾ ਹੈ, ਉੱਥੋਂ ਦੇ ਲੋਕਾਂ ਨੇ ਸਮੱਸਿਆ ਦਾ ਹੱਲ ਲੱਭ ਲਿਆ ਹੈ ਤੇ ਫ਼ੈਸਲਾ ਕੀਤਾ ਹੈ ਕਿ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ।

ਇਸ ਦੌਰਾਨ ਕਈ ਵਾਰ ਜਵਾਹਰ ਲਾਲ ਨਹਿਰੂ ਨੇ ਬਰਤਾਨੀਆ ਤੇ ਅਮਰੀਕਾ ਦੀ ਤਿੱਖੀ ਨਿੰਦਾ ਕੀਤੀ ਤਾਂ ਅਮਰੀਕਾ ਨੇ ਪਾਕਿਸਤਾਨ ਨੂੰ ਭਾਰੀ ਫ਼ੌਜੀ ਸਹਾਇਤਾ ਦੇਣੀ ਸ਼ੁਰੂ ਕਰ ਦਿੱਤੀ। ਨਹਿਰੂ ਨੇ ਵਾਰ-ਵਾਰ ਸਪੱਸ਼ਟ ਕੀਤਾ ਕਿ ਉਹ ਇਨ੍ਹਾਂ ਸਾਮਰਾਜੀ ਤਾਕਤਾਂ ਦੇ ਦਬਾਅ ਅੱਗੇ ਨਾ ਹੁਣ ਤੇ ਨਾ ਹੀ ਭਵਿੱਖ ਵਿੱਚ ਕਦੇ ਝੁਕਣਗੇ।

ਇਸ ਦੌਰਾਨ ਇੱਕ ਅਜਿਹੀ ਘਟਨਾ ਵਾਪਰੀ, ਜਿਸ ਦੀ ਕਲਪਨਾ ਵੀ ਜਵਾਹਰ ਲਾਲ ਨਹਿਰੂ ਨੇ ਨਹੀਂ ਕੀਤੀ ਹੋਵੇਗੀ। ਸਾਲ 1962 'ਚ ਚੀਨ ਨੇ ਅਕਤੂਬਰ ਵਿੱਚ ਭਾਰਤ 'ਤੇ ਹਮਲਾ ਕਰ ਦਿੱਤਾ ਤਾਂ ਅਮਰੀਕਾ ਤੇ ਬਰਤਾਨੀਆ ਨੇ ਭਾਰਤ ਦੀ ਨਾਮਾਤਰ ਸਹਾਇਤਾ ਇਸ ਸ਼ਰਤ 'ਤੇ ਕੀਤੀ ਕਿ ਭਾਰਤ ਕਸ਼ਮੀਰ ਸਮੱਸਿਆ ਦਾ ਹੱਲ ਕਰੇ। ਅਮਰੀਕਾ ਦੇ ਸਵੇਰੋਲ ਹੈਰੀਮੈਨ ਤੇ ਬਰਤਾਨੀਆ ਦੇ ਡੰਕਨ ਸੈਂਡਰਸ ਦਿੱਲੀ ਆਏ ਤਾਂ ਉਨ੍ਹਾਂ ਨੇ ਦਿੱਲੀ 'ਚ ਠਹਿਰਨ ਦੌਰਾਨ ਚੀਨੀ ਹਮਲੇ ਬਾਰੇ ਘੱਟ ਤੇ ਕਸ਼ਮੀਰ ਬਾਰੇ ਜ਼ਿਆਦਾ ਚਰਚਾ ਕੀਤੀ। ਭਾਰਤ ਦੀਆਂ ਮੁਸ਼ਕਿਲਾਂ ਦਾ ਫ਼ਾਇਦਾ ਉਠਾਉਂਦਿਆਂ ਅਮਰੀਕਾ ਨੇ ਮੰਗ ਕੀਤੀ ਕਿ ਭਾਰਤ ਵਿੱਚ ਵਾਇਸ ਆਫ਼ ਅਮਰੀਕਾ ਟ੍ਰਾਂਸਮੀਟਰ ਸਥਾਪਤ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤੇ ਸੋਵੀਅਤ ਯੂਨੀਅਨ ਨਾਲ ਕੀਤੀ ਗਈ ਸੰਧੀ ਤੋੜ ਦਿੱਤੀ ਜਾਵੇ।

ਅਮਰੀਕਾ ਤੇ ਬਰਤਾਨੀਆ ਨੇ ਕਸ਼ਮੀਰ ਮੁੱਦੇ 'ਤੇ ਭਾਰਤ ਦੀ ਬਜਾਏ ਪਾਕਿਸਤਾਨ ਦਾ ਸਮਰਥਨ ਹੀ ਕੀਤਾ ਤੇ ਆਪਣੇ ਸੌੜੇ ਹਿੱਤਾਂ ਲਈ ਇਨ੍ਹਾਂ ਦੋਵਾਂ ਦੇਸ਼ਾਂ ਨੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੀ ਬਜਾਏ ਇੱਕ ਗ਼ੈਰ-ਲੋਕਤੰਤਰੀ ਦੇਸ਼ ਦਾ ਸਮਰਥਨ ਕੀਤਾ। ਜੇਕਰ ਇਹ ਦੋਵੇਂ ਦੇਸ਼ ਭਾਰਤ ਦਾ ਸਮਰਥਨ ਕਰਦੇ ਤਾਂ ਕਸ਼ਮੀਰ ਸਮੱਸਿਆ ਦਾ ਹੱਲ ਬਹੁਤ ਪਹਿਲਾਂ ਹੀ ਹੋ ਗਿਆ ਹੁੰਦਾ।

***

ਵਿਕਸਿਤ ਭਾਰਤ ਦੇ ਸੰਕਲਪ 'ਚੋਂ ਕਿਸਾਨਾਂ ਨੂੰ

ਉਤਪਾਦਕ ਸੰਸਥਾਵਾਂ ਨੂੰ ਬਾਜ਼ਾਰ ਜੋੜਾਂ ਨਾਲ ਉਤਸ਼ਾਹਿਤ ਕਰਕੇ ਸੁਰੱਖਿਆ ਪ੍ਰਬੰਧਾਂ ਵਾਲੀ ਠੇਕਾ ਖੇਤੀ ਤੇ ਗੋਦਾਮ ਰਸੀਦ ਵਿੱਤ ਪ੍ਰਣਾਲੀ ਮੋਲਤੋਲ ਦੀ ਤਾਕਤ ਵਧਾ ਸਕਦੀ ਹੈ। ਰਾਸ਼ਟਰੀ ਖੇਤੀਬਾੜੀ ਬਾਜ਼ਾਰ ਲਈ ਪੂਰੀ ਤਰ੍ਹਾਂ ਇਕਜੁੱਟ ਮੰਚ ਵਿਕਸਿਤ ਹੋਣਾ ਚਾਹੀਦਾ ਹੈ, ਜੋ ਕਿਸਾਨਾਂ ਨੂੰ ਦੇਸ਼ ਭਰ ਤੇ ਵਿਦੇਸ਼ੀ ਬਾਜ਼ਾਰਾਂ ਵਿਚ ਆਪਣਾ ਉਤਪਾਦ ਵੇਚਣ ਦੀ ਸਹੂਲਤ ਦੇਵੇ।

4. ਮੌਸਮੀ ਤਬਦੀਲੀ ਦਾ ਮੁਕਾਬਲਾ- 2047 ਤੱਕ ਭਾਰਤੀ ਖੇਤੀ ਨੂੰ ਹੋਰ ਨਵੀਆਂ ਮੌਸਮੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਵਿਸ਼ਵ ਬੈਂਕ ਦੇ ਅਨੁਮਾਨ ਅਨੁਸਾਰ ਜੇਕਰ ਖੇਤੀ ਅਨੁਕੂਲ ਤਰਜੀਹਾਂ ਦਾ ਵਿਸਤਾਰ ਨਾ ਕੀਤਾ ਗਿਆ ਤਾਂ ਮੌਸਮ ਕਾਰਨ ਉਤਪਾਦਨ ਝਟਕਿਆਂ ਨਾਲ ਖੇਤੀ ਆਮਦਨ 15 ਤੋਂ 18 ਫ਼ੀਸਦੀ ਤੱਕ ਘਟ ਸਕਦੀ ਹੈ। ਦੇਸ਼ ਦੀ 55 ਫ਼ੀਸਦੀ ਖੇਤੀਯੋਗ ਜ਼ਮੀਨ ਅਜੇ ਵੀ ਵਰਖਾ 'ਤੇ ਨਿਰਭਰ ਹੈ ਅਤੇ ਅਨਿਯਮਿਤ ਮੌਨਸੂਨ ਪੈਟਰਨ ਬਹੁਤ ਸੰਵੇਦਨਸ਼ੀਲ ਹੈ, ਜਿਸ ਦਾ ਖਮਿਆਜ਼ਾ ਹਾਲ ਹੀ 'ਚ ਪੰਜਾਬ ਨੂੰ ਭੁਗਤਣਾ ਪਿਆ ਹੈ। ਮੌਸਮ ਦੇ ਅਨੁਕੂਲ ਖੇਤੀ ਵਿੱਚ ਨਿਵੇਸ਼- ਮਾਈਕਰੋ ਸਿੰਚਾਈ, ਸੂਰਜ-ਚਾਲਿਤ ਸਪਲਾਈ ਤੇ ਮਿੱਟੀ ਪੁਨਰਜਨਨ ਤਰਜੀਹਾਂ ਨਾਲ ਆਮਦਨ ਦੀ ਰੱਖਿਆ ਕਰਕੇ ਕਾਰਬਨ ਤੀਬਰਤਾ ਘਟਾਈ ਜਾ ਸਕੇਗੀ।

2047 ਦਾ ਰਾਹ: ਸਾਂਝੀ ਖੁਸ਼ਹਾਲੀ-ਭਾਰਤ ਦੀ ਵਿਕਾਸ ਯਾਤਰਾ ਅਟੱਲ ਹੈ, ਪਰ ਇਸ ਦਾ ਰੂਪ ਨਿਰਧਾਰਿਤ ਨਹੀਂ ਹੈ ਕਿ ਕੀ 'ਵਿਕਸਿਤ ਭਾਰਤ' ਇੱਕ ਸਾਂਝੀ ਰਾਸ਼ਟਰੀ ਪ੍ਰਾਪਤੀ ਬਣੇਗਾ ਜਾਂ ਦੋਹਰੀ ਆਰਥਿਕਤਾ ਵਾਲਾ ਦੇਸ਼/ਇਹ ਉਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਸਰਕਾਰ ਆਪਣੀਆਂ ਖਰਚ ਤਰਜੀਹਾਂ ਨੂੰ ਕਿਵੇਂ ਮੁੜ ਪਰਿਭਾਸ਼ਿਤ ਕਰਦੀ ਹੈ। ਦੇਸ਼ ਦਾ ਧਿਆਨ ਖਪਤ-ਆਧਾਰਿਤ ਭਲਾਈ ਦੀ ਬਜਾਏ ਉਤਪਾਦਕਤਾ-ਆਧਾਰਿਤ ਟਿਕਾਊ ਸਸ਼ਕਤੀਕਰਨ ਵੱਲ ਹੋਣਾ ਚਾਹੀਦਾ ਹੈ। ਜੇਕਰ ਦੇਸ਼ ਨੂੰ ਖੁਰਾਕ ਪ੍ਰਦਾਨ ਕਰਨ ਵਾਲਿਆਂ ਦੇ ਹੱਥ ਪਿੱਛੇ ਰਹਿ ਜਾਣ ਤਾਂ ਭਾਰਤ ਦੀ ਤਰੱਕੀ ਦੀ ਕਥਾ ਅਧੂਰੀ ਰਹੇਗੀ। ਇੱਕ ਅਸਲ 'ਵਿਕਸਿਤ ਭਾਰਤ' ਉਹੀ ਹੋਵੇਗਾ, ਜੋ 2047 ਤੱਕ ਇਹ ਯਕੀਨੀ ਬਣਾਏ ਕਿ ਕਿਸਾਨਾਂ ਨੂੰ ਸਿਰਫ਼ ਬਚਾਉਣਾ ਹੀ ਨਹੀ, ਸਗੋਂ ਖੁਸ਼ਹਾਲੀ ਦੇ ਹਿੱਸੇਦਾਰ ਵੀ ਬਣਾਉਣਾ ਹੈ।

***

ਖੇਤੀ ਦੇ ਵਿਕਾਸ ਲਈ ਜੈਵਿਕ

ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ 2017 ਵਿੱਚ ਫ਼ਸਲਾਂ ਦੀਆਂ ਘੱਟੋ- ਘੱਟ ਕੀਮਤਾਂ ਤੇ ਖਰੀਦ ਬਾਰੇ ਇੱਕ ਖੋਜ ਗੋਸ਼ਟੀ ਹੋਈ ਸੀ, ਜਿਸ ਵਿੱਚ ਮੇਰੇ ਸਮੇਤ ਜ਼ਿਆਦਾਤਰ ਬੋਲਣ ਵਾਲਿਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਹਰ ਪ੍ਰਾਂਤ ਦੀਆਂ ਪ੍ਰਮੁੱਖ ਫ਼ਸਲਾਂ ਦੀ ਖਰੀਦ ਵਿੱਚ ਕੇਂਦਰ ਸਰਕਾਰ ਦੇ ਨਾਲ ਪ੍ਰਾਂਤਾਂ ਦੀਆਂ ਸਰਕਾਰਾਂ ਨੂੰ ਵੀ ਸ਼ਾਮਿਲ ਹੋਣਾ ਚਾਹੀਦਾ ਹੈ। ਕੁਝ ਦਿਨ ਬਾਅਦ ਅਖਬਾਰਾਂ ਵਿੱਚ ਫ਼ਸਲਾਂ ਦੇ ਯਕੀਨੀ ਮੰਡੀਕਰਨ ਤੇ ਸਰਕਾਰੀ ਖਰੀਦ 'ਤੇ ਇੱਕ ਬਹੁਤ ਵਧੀਆ ਲੇਖ ਛਪਿਆ ਸੀ, ਜਿਸ ਵਿੱਚ ਉਸ ਸਰਕਾਰੀ ਖਰੀਦ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਸੀ।

ਖੇਤੀ ਅਧਾਰਿਤ ਸਨਅਤਾਂ ਵਿੱਚ ਪੰਜਾਬ ਸਮੇਤ ਪੂਰਾ ਭਾਰਤ ਅਜੇ ਬਹੁਤ ਪਿੱਛੇ ਹੈ, ਪੰਜਾਬ ਨੂੰ ਦੇਸ਼ ਦਾ ਖੇਤੀ ਵਾਲਾ ਪ੍ਰਮੁੱਖ ਪ੍ਰਾਂਤ ਹੋਣ ਕਰਕੇ ਵੱਧ ਤੋਂ ਵੱਧ ਖੇਤੀ ਅਧਾਰਿਤ ਉਦਯੋਗਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਾਡੇ ਸਿਰਫ਼ 12 ਫ਼ੀਸਦੀ ਖੇਤੀ ਵਸਤੂਆਂ ਨੂੰ ਤਿਆਰ ਕਰਕੇ ਵੇਚਿਆ ਜਾਂਦਾ ਹੈ। ਖੇਤੀ 'ਤੇ ਅਧਾਰਿਤ ਇਨ੍ਹਾਂ ਸਭ ਇਕਾਈਆਂ ਨੂੰ ਕੱਚੇ ਮਾਲ- ਫਲ, ਸਬਜ਼ੀਆਂ, ਤੇਲ ਬੀਜਾਂ ਤੇ ਦਾਲਾਂ ਆਦਿ ਦੀ ਸਪਲਾਈ ਲਈ ਸਰਕਾਰ ਦੀ ਬਜਾਏ ਸਿੱਧੇ ਕਿਸਾਨਾਂ ਨਾਲ ਠੇਕੇ ਕਰਨੇ ਚਾਹੀਦੇ ਹਨ। ਪਰ ਫ਼ਸਲ ਦੀ ਕੀਮਤ ਘਟਣ 'ਤੇ ਉਕਤ ਇਕਾਈ ਆਪਣੇ ਠੇਕੇ ਵਾਲੇ ਕਿਸਾਨ ਦੀ ਬਜਾਏ ਖੇਤੀ ਉਤਪਾਦ ਕਿਸੇ ਹੋਰ ਤੋਂ ਨਾ ਖਰੀਦੇ ਅਤੇ ਕੀਮਤ ਵਧਣ ਤੇ ਕਿਸਾਨ ਉਸ ਸਨਅਤੀ ਇਕਾਈ ਨੂੰ ਉਤਪਾਦ ਦੇਣ ਦੀ ਬਜਾਏ ਕਿਸੇ ਹੋਰ ਕੋਲ ਨਾ ਵੇਚੇ ਤਾਂ ਜੋ ਠੇਕਾ ਪ੍ਰਣਾਲੀ ਨੂੰ ਯਕੀਨੀ ਬਣਾਇਆ ਜਾ ਸਕੇ, ਜਿਸ ਤਰ੍ਹਾਂ ਵਿਕਸਿਤ ਦੇਸ਼ਾਂ ਵਿੱਚ ਠੇਕੇ ਦੀ ਖੇਤੀ ਹੈ। ਇਸ ਵਿੱਚ ਉਹ ਜੈਵਿਕ ਉਪਜਾਂ ਬੀਜੀਆਂ ਜਾਣ, ਜਿਨ੍ਹਾਂ ਦੀ ਵਿਦੇਸ਼ਾਂ ਵਿੱਚ ਵੀ ਮੰਗ ਹੋਵੇ, ਇਹ ਵੀ ਦਿਲਚਸਪ ਤੱਥ ਹੈ ਕਿ ਮੰਦੀ ਹੋਵੇ, ਸੋਕਾ ਹੋਵੇ ਜਾਂ ਵਾਧੂ ਉਪਜ ਹੋਵੇ ਫ਼ਸਲਾਂ ਦੇ ਵਪਾਰੀ ਕਦੀ ਵੀ ਘਾਟੇ ਵਿੱਚ ਨਹੀਂ ਜਾਂਦੇ, ਕਿਉਂਕਿ ਉਨ੍ਹਾਂ ਦੇ ਲਾਭ ਹਰ ਹਾਲਤ ਵਿੱਚ ਸੁਰੱਖਿਅਤ ਰਹਿੰਦੇ ਹਨ। ਹੜ੍ਹਾਂ, ਸੋਕਿਆ ਤੇ ਫ਼ਸਲਾਂ ਦੀਆਂ ਬਿਮਾਰੀਆਂ ਦਾ ਪ੍ਰਭਾਵ ਸਿਰਫ਼ ਕਿਸਾਨਾਂ 'ਤੇ ਹੀ ਪੈਂਦਾ ਹੈ, ਕੋਈ ਵੀ ਕਿਸਾਨ ਨਾ ਤਾਂ ਨਿਰਯਾਤ ਕਰ ਸਕਦਾ ਹੈ ਨਾ ਹੀ ਵਪਾਰ ਕਰ ਸਕਦਾ ਹੈ। ਪਰ ਉਸ ਨੂੰ ਉਸ ਦੀ ਉਪਜ ਵਿੱਚ ਹਿੱਸੇਦਾਰ ਬਣਾਉਣ ਲਈ ਸਹਿਕਾਰੀ ਮੰਡੀਕਰਨ ਤੇ ਸਹਿਕਾਰੀ ਉਦਯੋਗਾਂ ਤੋਂ ਇਲਾਵਾ ਐੱਫ.ਪੀ.ਓ. (ਕ੍ਰਿਸਾਨੀ ਉਪਜ ਸੰਗਠਨ) ਵਿੱਚ ਕਿਸਾਨਾਂ ਨੂੰ ਹਿੱਸੇਦਾਰ ਬਣਾਇਆ ਜਾਵੇ ਅਤੇ ਉਹ ਲਾਭ ਜਿਹੜਾ ਵਪਾਰੀ ਕਮਾਉਂਦੇ ਹਨ, ਉਹ ਕਿਸਾਨ ਨੂੰ ਵੀ ਮਿਲੇ, ਜਿਵੇਂ ਦੁੱਧ ਉਤਪਾਦਨ ਵਿੱਚ ਬੋਨਸ ਸਹਿਕਾਰਤਾ ਦੇ ਰਾਹੀਂ ਮਿਲਦਾ ਹੈ।

***

ਅਮਰੀਕਾ ਨੇ ਵਰਕ ਪਰਮਿਟ 5 ਸਾਲ

ਉਨ੍ਹਾਂ ਦੇ ਵਰਕ ਪਰਮਿਟ ਵੀ ਜ਼ਿਆਦਾ ਤੋਂ ਜ਼ਿਆਦਾ 1 ਸਾਲ ਦੇ ਹੋਣਗੇ। ਮਤਲਬ ਸਾਲ-ਸਾਲ ਭਰ ਕੇ ਫਾਈਲਾਂ ਲੈ ਕੇ ਉਡੀਕ ਕਰਨੀ ਪਵੇਗੀ।

ਪੰਜਾਬੀ ਭਾਈਚਾਰੇ ਲਈ ਇਹ ਬਹੁਤ ਵੱਡਾ ਝਟਕਾ ਹੈ, ਕਿਉਂਕਿ ਬਹੁਤ ਸਾਰੇ ਪੰਜਾਬੀ ਐਸਾਈਲਮ, ਟੈਂਪਰੇਰੀ ਪ੍ਰੋਟੈਕਟਿਡ ਸਟੇਟਸ ਜਾਂ ਪੈਂਡਿੰਗ ਗ੍ਰੀਨ ਕਾਰਡ ਵਾਲੀ ਕੈਟੇਗਰੀ ਵਿੱਚ ਆਉਂਦੇ ਨੇ। ਹੁਣ ਹਰ 18 ਮਹੀਨੇ ਬਾਅਦ ਨਵੀਂ ਐਪਲੀਕੇਸ਼ਨ, ਬਾਇਓਮੈਟ੍ਰਿਕ, ਫੀਸ ਤੇ ਤਣਾਅ ਭਾਵ ਸਾਰਾ ਕੁਝ ਫਿਰ ਤੋਂ ਕਰਨਾ ਪਵੇਗਾ।

****

ਸਿੱਖ ਨੌਜਵਾਨ ਨੇ ਦਾੜ੍ਹੀ ਦੀ ਲੜਾਈ ਜਿੱਤੀ

ਐਂਬੂਲੈਂਸ ਵਿਕਟੋਰੀਆ ਨੇ ਕਿਹਾ ਸੀ ਕਿ ਉਨ੍ਹਾਂ ਦੀ ਨੀਤੀ ਰਾਸ਼ਟਰੀ ਇਨਫੈਕਸ਼ਨ ਪ੍ਰੀਵੈਨਸ਼ਨ ਅਤੇ ਕੰਟ੍ਰੋਲ ਨਿਯਮਾਂ ਉੱਤੇ ਆਧਾਰਿਤ ਹੈ ਜੋ ਕਿ ਸਟਾਫ ਅਤੇ ਮਰੀਜ਼ਾਂ ਦੀ ਸੁਰੱਖਿਆ ਲਈ ਜ਼ਰੂਰੀ ਹਨ। ਉਨ੍ਹਾਂ ਨੇ ਦੱਸਿਆ ਕਿ ਦਾੜ੍ਹੀ ਕਾਰਨ ਮਾਸਕ ਵਿੱਚ ਗੈਪ ਬਣ ਜਾਂਦਾ ਹੈ ਜਿਸ ਨਾਲ ਖਤਰਾ ਵਧ ਜਾਂਦਾ ਹੈ। ਪਰ ਉਨ੍ਹਾਂ ਨੇ ਇਹ ਨਹੀਂ ਵਿਚਾਰਿਆ ਕਿ ਵਿਕਲਪ ਵਿਧੀਆਂ ਜਿਵੇਂ ਸਿੰਘ ਠਾਠਾ ਨਾਲ ਇਸ ਨੂੰ ਹੱਲ ਕੀਤਾ ਜਾ ਸਕਦਾ ਹੈ। ਇਸ ਨੀਤੀ ਕਾਰਨ ਪਹਿਲਾਂ ਵੀ ਕਈ ਸਿੱਖ ਨੌਜਵਾਨਾਂ ਨੇ ਆਪਣੀ ਪੜ੍ਹਾਈ ਛੱਡ ਦਿੱਤੀ ਸੀ ਅਤੇ ਉਨ੍ਹਾਂ ਵਿੱਚ ਤਣਾਅ ਅਤੇ ਪਛਾਣ ਦੀ ਸੰਕਟ ਪੈਦਾ ਹੋ ਗਿਆ ਸੀ।

ਕਮਿਸ਼ਨ ਨੇ ਕੇਸ ਦੀ ਜਾਂਚ ਕੀਤੀ ਅਤੇ ਐਂਬੂਲੈਂਸ ਵਿਕਟੋਰੀਆ ਨੂੰ ਹੁਕਮ ਦਿੱਤਾ ਕਿ ਉਹ ਪ੍ਰਭਜੀਤ ਨੂੰ ਸਿੰਘ ਠਾਠਾ ਵਿਧੀ ਨਾਲ ਮਾਸਕ ਲਗਾ ਕੇ ਟ੍ਰੇਨਿੰਗ ਕਰਨ ਦੀ ਇਜਾਜ਼ਤ ਦੇਣ। 24 ਨਵੰਬਰ ਨੂੰ ਅੰਬੂਲੈਂਸ ਵਿਕਟੋਰੀਆ ਨੇ ਕਮਿਸ਼ਨ ਨੂੰ ਪੱਤਰ ਲਿਖ ਕੇ ਆਪਣੀ ਗਲਤੀ ਮੰਨ ਲਈ ਅਤੇ ਕਿਹਾ ਕਿ ਉਨ੍ਹਾਂ ਨੇ ਆਪਣੀ ਨੀਤੀ ਵਿੱਚ ਬਦਲਾਅ ਕੀਤਾ ਹੈ। ਹੁਣ ਧਾਰਮਿਕ, ਸੱਭਿਆਚਾਰਕ ਜਾਂ ਮੈਡੀਕਲ ਕਾਰਨਾਂ ਕਰਕੇ ਦਾੜ੍ਹੀ ਰੱਖਣ ਵਾਲੇ ਸਟਾਫ ਲਈ ਇਹ ਵਿਧੀ ਉਪਲਬਧ ਹੋਵੇਗੀ। ਉਨ੍ਹਾਂ ਨੇ ਮੋਨੈਸ਼ ਹੈਲਥ ਨਾਲ ਮਿਲ ਕੇ ਇਸ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਅਤੇ ਆਪਣੇ ਸਟਾਫ ਨੂੰ ਟ੍ਰੇਨਿੰਗ ਵੀ ਦੇਣੀ ਸ਼ੁਰੂ ਕਰ ਦਿੱਤੀ ਹੈ। 27 ਨਵੰਬਰ ਨੂੰ ਉਨ੍ਹਾਂ ਨੇ ਰਸਮੀ ਤੌਰ ਉੱਤੇ ਨਵੀਂ ਨੀਤੀ ਘੋਸ਼ਿਤ ਕੀਤੀ।

ਇਸ ਜਿੱਤ ਬਾਰੇ ਪ੍ਰਭਜੀਤ ਨੇ ਕਿਹਾ, 'ਮੈਂ ਬਹੁਤ ਖੁਸ਼ ਹਾਂ ਕਿ ਮੈਂ ਆਪਣੀ ਪੜ੍ਹਾਈ ਜਾਰੀ ਰੱਖ ਸਕਾਂਗਾ।' ਉਸ ਨੇ ਇਹ ਵੀ ਕਿਹਾ ਕਿ ਉਹ ਐਂਬੂਲੈਂਸ ਵਿਕਟੋਰੀਆ ਵਿੱਚ ਭਵਿੱਖ ਵਿੱਚ ਨੌਕਰੀ ਕਰਨ ਬਾਰੇ ਅਜੇ ਨਿਸ਼ਚਿਤ ਨਹੀਂ ਹੈ। ਵਿਕਟੋਰੀਅਨ ਐਂਬੂਲੈਂਸ ਯੂਨੀਅਨ ਦੇ ਸੈਕਰੇਟਰੀ ਡੈਨੀ ਹਿੱਲ ਨੇ ਇਸ ਨੂੰ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਨੀਤੀ ਬਦਲਾਅ ਵਿਭਿੰਨਤਾ ਨੂੰ ਵਧਾਉਂਦਾ ਹੈ। ਉਨ੍ਹਾਂ ਨੇ ਪ੍ਰਭਜੀਤ ਦੀ ਹਿੰਮਤ ਦੀ ਸ਼ਲਾਘਾ ਕੀਤੀ।

ਸਿੱਖ ਕਮਿਊਨਿਟੀ ਨੇ ਇਸ ਨੂੰ ਵੱਡਾ ਮਾਣ ਵਾਲਾ ਪਲ ਮੰਨਿਆ ਹੈ। ਵਿਕਟੋਰੀਅਨ ਸਿੱਖ ਗੁਰਦੁਆਰਾ ਕੌਂਸਲ ਦੇ ਸਾਬਕਾ ਸੈਕਰੇਟਰੀ ਹਰਮੀਕ ਸਿੰਘ ਨੇ ਕਿਹਾ ਕਿ ਪਹਿਲਾਂ ਇਸ ਨੀਤੀ ਕਾਰਨ ਕਈ ਨੌਜਵਾਨਾਂ ਨੇ ਪੜ੍ਹਾਈ ਛੱਡ ਦਿੱਤੀ ਸੀ ਅਤੇ ਉਨ੍ਹਾਂ ਵਿੱਚ ਆਤਮਵਿਸ਼ਵਾਸ ਦੀ ਕਮੀ ਆ ਗਈ ਸੀ। ਹੁਣ ਇਹ ਬਦਲਾਅ ਨਾਲ ਸਿੱਖ ਕਮਿਊਨਿਟੀ ਨੂੰ ਸੇਵਾ ਕਰਨ ਦਾ ਮੌਕਾ ਮਿਲੇਗਾ ਜੋ ਕਿ ਉਨ੍ਹਾਂ ਦੇ ਧਰਮ ਵਿੱਚ ਮਹੱਤਵਪੂਰਨ ਹੈ। ਇਹ ਜਿੱਤ ਨਾ ਸਿਰਫ਼ ਆਸਟ੍ਰੇਲੀਆ ਵਿੱਚ ਬਲਕਿ ਦੁਨੀਆ ਭਰ ਵਿੱਚ ਸਿੱਖਾਂ ਲਈ ਇੱਕ ਮਿਸਾਲ ਬਣੇਗੀ। ਇਸ ਨਾਲ ਵਰਕਪਲੇਸ ਵਿੱਚ ਧਾਰਮਿਕ ਅਜ਼ਾਦੀ ਅਤੇ ਵਿਭਿੰਨਤਾ ਨੂੰ ਉਤਸ਼ਾਹ ਮਿਲੇਗਾ। ਆਸਟ੍ਰੇਲੀਆ ਵਿੱਚ ਸਿੱਖਾਂ ਦੀ ਗਿਣਤੀ ਵਧ ਰਹੀ ਹੈ ਅਤੇ ਉਹ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾ ਰਹੇ ਹਨ। ਇਹ ਜਿੱਤ ਨਾਲ ਉਨ੍ਹਾਂ ਨੂੰ ਹੋਰ ਪ੍ਰੇਰਨਾ ਮਿਲੇਗੀ।

***

ਕੈਨੇਡੀਅਨ ਬਾਰਡਰ ਅਫ਼ਸਰ ਨੂੰ ਭਾਰਤ ਦੀ 'ਪ੍ਰੋਪੇਗੰਡਾ

ਉਨ੍ਹਾਂ ਨੇ ਦੋਸ਼ ਲਾਇਆ ਕਿ ਸੰਨੀ ਸਿੱਧੂ ਅਸਲ ਵਿੱਚ ਟਰਾਂਟੋ ਸੰਨੀ ਨਾਮ ਦਾ ਭਗੌੜਾ ਹੈ, ਪਾਕਿਸਤਾਨ ਦੀ ਆਈ.ਐਸ.ਆਈ. ਨਾਲ ਮਿਲ ਕੇ ਕੰਮ ਕਰਦਾ ਹੈ, ਅਤੇ ਭਾਰਤ ਵਿੱਚ ਕਈ ਕਤਲ ਕਰਵਾਏ ਹਨ।

ਪਰ ਸੱਚ ਇਹ ਸੀ ਕਿ ਸੰਨੀ ਸਿੱਧੂ ਦਾ ਉਸ ਭਗੌੜੇ ਨਾਲ ਕੋਈ ਰਿਸ਼ਤਾ ਨਹੀਂ। ਸਿਰਫ਼ ਨਾਮ ਇੱਕੋ ਜਿਹਾ ਸੀ ਅਤੇ ਉਹ ਸਿੱਖ ਨਾਮ ਵਾਲਾ ਸੀ, ਇਸ ਲਈ

ਭਾਰਤ ਨੇ ਉਸ ਨੂੰ ਆਸਾਨ ਨਿਸ਼ਾਨਾ ਬਣਾ ਲਿਆ।

ਧਮਕੀਆਂ ਅਤੇ ਡਰ ਦਾ ਮਾਹੌਲ

ਭਾਰਤੀ ਚੈਨਲਾਂ ਨੇ ਸੰਨੀ ਦੀਆਂ ਫ਼ੋਟੋਆਂ, ਘਰ ਦਾ ਪਤਾ, ਗੂਗਲ ਮੈਪ ਤੋਂ ਏਰੀਅਲ ਫ਼ੋਟੋ ਵੀ ਦਿਖਾਈ। ਸੋਸ਼ਲ ਮੀਡੀਆ ਤੇ ਲੋਕ ਲਿਖਣ ਲੱਗ ਪਏ:

ਇਸ ਦਾ ਪਤਾ ਏਨਾ ਹੈ, ਜਾਓ ਮਾਰੋ ਇਸ ਨੂੰ
ਇਸ ਨੂੰ ਭਾਰਤ ਲਿਆਓ, ਗੋਲੀ ਮਾਰ ਦਿਆਂਗੇ

ਐਬਟਸਫ਼ੋਰਡ ਪੁਲਿਸ ਨੇ ਸੰਨੀ ਨੂੰ ਚਿਤਾਵਨੀ ਦਿੱਤੀ ਕਿ ਭਾਰਤ ਪਹਿਲਾਂ ਵੀ 9 ਹੋਰ ਲੋਕਾਂ ਬਾਰੇ ਅਜਿਹੇ ਝੂਠੇ ਦੋਸ਼ ਲਗਾ ਚੁੱਕਿਆ ਹੈ ਅਤੇ ਉਨ੍ਹਾਂ ਵਿੱਚੋਂ ਇੱਕ ਦਾ ਕਤਲ ਵੀ ਹੋ ਗਿਆ ਸੀ। ਪੁਲਿਸ ਨੇ ਕਿਹਾ:

ਆਪਣੀ ਗੱਡੀ ਬਦਲੋ, ਰੂਟ ਬਦਲ ਕੇ ਜਾਓ, ਦਾੜ੍ਹੀ-ਮੁੱਛ ਕੱਟੋ, ਘਰ ਖ਼ਾਲੀ ਕਰੋ

ਸੰਨੀ ਨੂੰ ਡਰ ਲੱਗਣ ਲੱਗ ਪਿਆ ਸੀ। ਉਸ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ ਅਤੇ ਆਖ਼ਰ ਵਿੱਚ ਵੈਨਕੂਵਰ ਦੇ ਸੇਂਟ ਪਾਲ ਹਸਪਤਾਲ ਵਿੱਚ ਰਿਹੈਬ ਸੈਂਟਰ ਵਿੱਚ ਦਾਖ਼ਲ ਹੋਣਾ ਪਿਆ। ਡਾਕਟਰਾਂ ਨੇ ਉਸ ਨੂੰ ਡਿਪ੍ਰੈਸ਼ਨ, ਐਂਗਜ਼ਾਇਟੀ ਅਤੇ ਤਣਾਅ ਦੀ ਬਿਮਾਰੀ ਦਾ ਸ਼ਿਕਾਰ ਦੱਸਿਆ ਸੀ।

ਕੈਨੇਡਾ ਸਰਕਾਰ ਨੇ ਵੀ ਸਾਥ ਨਹੀਂ ਦਿੱਤਾ।

ਸੰਨੀ ਨੇ ਆਪਣੇ ਦਫ਼ਤਰ ਕੈਨੇਡੀਅਨ ਬਾਰਡਰ ਸਰਵਿਸਿਜ ਏਜੰਸੀ ਨੂੰ ਸਭ ਕੁਝ ਦੱਸਿਆ। ਉਸ ਨੇ ਕਿਹਾ, ਮੈਨੂੰ ਵੈਨਕੂਵਰ ਪੋਰਟ ਤੇ ਟਰਾਂਸਫ਼ਰ ਕਰ ਦਿਓ, ਉੱਥੇ ਸੁਰੱਖਿਆ ਜ਼ਿਆਦਾ ਹੈ। ਪਰ ਦਫ਼ਤਰ ਨੇ ਮਨ੍ਹਾ ਕਰ ਦਿੱਤਾ। ਉਲਟਾ ਦਫ਼ਤਰ ਨੇ ਭਾਰਤੀ ਖ਼ਬਰ ਨੂੰ ਸਾਰੇ ਸਟਾਫ਼ ਵਿੱਚ ਈਮੇਲ ਕਰ ਦਿੱਤੀ!

ਸਾਥੀਆਂ ਨੇ ਮਜ਼ਾਕ ਉਡਾਉਣੇ ਸ਼ੁਰੂ ਕਰ ਦਿੱਤੇ:
ਸੰਨੀ, ਆਪਣੇ ਹਮਾਸ ਵਾਲੇ ਦੋਸਤ ਕਿਵੇਂ ਨੇ?
ਆਪਣੇ ਫ਼ਾਰਮ ਤੇ ਬੰਬ ਬਣਾ ਰਿਹਾ ਏਂ?

ਜਦੋਂ ਸੰਨੀ ਨੇ ਸੁਰੱਖਿਆ ਲਈ ਬੇਨਤੀ ਕੀਤੀ ਤਾਂ ਕੈਨੇਡੀਅਨ ਬਾਰਡਰ ਸਰਵਿਸਿਜ ਏਜੰਸੀ ਨੇ ਕਿਹਾ, ਇਹ ਸਾਡੇ ਕੰਮ ਨਾਲ ਸਬੰਧਤ ਨਹੀਂ। ਮਾਰਚ 2025 ਵਿੱਚ ਉਨ੍ਹਾਂ ਨੇ ਇੱਕ ਰਿਪੋਰਟ ਬਣਾ ਕੇ ਕਹਿ ਦਿੱਤਾ ਕਿ ਸੰਨੀ ਨੂੰ ਕੋਈ ਖ਼ਤਰਾ ਨਹੀਂ - ਉਹ ਵੀ ਉਸ ਨਾਲ ਗੱਲ ਕੀਤੇ ਬਿਨਾਂ!

ਹੁਣ ਮੁਕੱਦਮਾ ਕੀਤਾ

ਸੰਨੀ ਦੇ ਵਕੀਲ ਜੈਫ਼ਰੀ ਕਰੋਕਰ ਨੇ ਓਂਟਾਰੀਓ ਦੀ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਹੈ। ਉਸ ਵਿੱਚ ਦੋ ਮੁੱਖ ਦੋਸ਼ ਹਨ:

ਭਾਰਤ ਸਰਕਾਰ ਨੇ ਜਾਣ-ਬੁੱਝ ਕੇ ਝੂਠੀਆਂ ਖ਼ਬਰਾਂ ਫ਼ੈਲਾ ਕੇ ਉਸ ਦੀ ਜ਼ਿੰਦਗੀ ਖ਼ਰਾਬ ਕੀਤੀ।

ਕੈਨੇਡਾ ਸਰਕਾਰ ਅਤੇ ਕੈਨੇਡੀਅਨ ਬਾਰਡਰ ਸਰਵਿਸਿਜ ਏਜੰਸੀ ਨੇ ਆਪਣੇ ਮੁਲਾਜ਼ਮ ਦੀ ਰਾਖੀ ਨਹੀਂ ਕੀਤੀ, ਉਲਟਾ ਉਸ ਨੂੰ ਤੰਗ ਕੀਤਾ। ਉਹ 90 ਲੱਖ ਡਾਲਰ ਮੰਗ ਰਿਹਾ ਹੈ। ਕੇਸ ਦੀ ਪਹਿਲੀ ਸੁਣਵਾਈ 2026 ਦੇ ਸ਼ੁਰੂ ਵਿੱਚ ਹੋਵੇਗੀ। ਭਾਰਤ ਸਰਕਾਰ ਨੇ ਅਜੇ ਤੱਕ ਇਸ ਮੁਕੱਦਮੇ 'ਤੇ ਕੋਈ ਟਿੱਪਣੀ ਨਹੀਂ ਕੀਤੀ।

RAISING VOICE FOR TRUTH
ਹੋਕਾ TV

HOKA TV
(ਹੋਕਾ ਟੀ.ਵੀ.)

ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home